# ਸੰਪਾਦਕੀ

'ਆਤਮ ਮਾਰਗ' ਆਪ ਜੀ ਦੀ ਸੇਵਾ ਵਿਚ ਪੰਜਵਾਂ ਵਰ੍ਹਾ ਸੰਪੰਨ ਕਰਨ ਜਾ ਰਿਹਾ ਹੈ। ਹੁਣ ਤਕ ਮਹਾਂਪੁਰਸ਼ਾਂ ਦੀਆਂ ਲਿਖਤਾਂ ਨੇ ਆਪ ਸਭ ਨੂੰ ਇਕ ਗੱਲ ਅਵੱਸ਼ ਦ੍ਰਿੜ੍ਹ ਕਰਵਾ ਦਿਤੀ ਹੈ ਕਿ ਮਨੁੱਖ ਦਾ ਸਰਵੋਤਮ ਜੀਵਨ ਮਨੋਰਥ 'ਗੋਬਿੰਦ ਮਿਲਣ' ਲਈ ਉਪਰਾਲਾ ਹੈ, ਇਸ ਉਪਰਾਲੇ ਵਿਚ ਸਰਵੋਤਮ ਕਿਰਿਆ ***'ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ'*** ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਨੀ ਵਿਚ ਕੇਵਲ ਨਾਮ ਨੂੰ ਹਿਰਦੇ ਵਿਚ ਵਸਾਉਣ ਦਾ ਬਾਰੰਬਾਰ ਜ਼ਿਕਰ ਹੈ। ਇਹ ਧਨ ਇਕੱਠਾ ਕਰਨ ਲਈ ਮਨੁੱਖ ਨੇ ਹਰ ਸਮੇਂ ਯਤਨਸ਼ੀਲ ਹੋਣਾ ਹੈ। ਇਸ ਧਨ ਨੇ ਹੀ ਸਾਡਾ ਲੋਕ ਪਰਲੋਕ ਸੰਵਾਰਨਾ ਹੈ –

***ਸੰਚਣ ਕਉ ਹਰਿ ਏਕੋ ਨਾਮੁ॥***
***ਹਲਤਿ ਪਲਤਿ ਤਾ ਕੈ ਆਵੈ ਕਾਮ॥ ਪੰਨਾ – 676***

ਜੇ 'ਹਲਤਿ' ਵਿਚ ਨਾਮ-ਰੰਗ ਹੋਵੇਗਾ ਤਾਂ ਪਲਤ ਆਪਣੇ ਆਪ ਚੰਗਾ, ਸੁੱਖੀ, ਸਹਿਜਮਈ ਹੋਵੇਗਾ। ਏਥੇ ਬੀਜਿਆ ਏਥੇ ਵੀ ਅਤੇ ਅੱਗੇ ਵੀ ਕੰਮ ਆਉਂਦਾ ਹੈ। ਇਸ ਗੱਲ ਨੂੰ ਮਹਾਂਪੁਰਸ਼ ਆਪਣੇ ਦੀਵਾਨਾਂ ਰਾਹੀਂ ਆਡੀਓ, ਵੀਡੀਓ ਕੈਸਟਾਂ ਰਾਹੀਂ, ਪੁਸਤਕਾਂ ਰਾਹੀਂ ਅਤੇ ਆਤਮ ਮਾਰਗ ਵਿਚ ਛਪਦੇ ਲੇਖਾਂ ਰਾਹੀਂ ਬਾਰ-ਬਾਰ ਦਸਦੇ ਹਨ। ਬਹੁਤ ਲੋਕ ਸੋਚਦੇ ਹਨ ਕਿ ਐਸਾ ਬਾਰ-ਬਾਰ ਦਸਣ ਦੀ ਕਿਉਂ ਲੋੜ ਹੈ? ਇਕੋ ਵਾਰੀ ਦਸ ਦੇਣਾ ਕਿਉਂ ਕਾਫੀ ਨਹੀਂ? ਐਸਾ ਇਸ ਲਈ ਜ਼ਰੂਰੀ ਹੈ ਕਿਉਂਕਿ ਮਾਇਆ ਦੀ ਸ਼ਕਤੀ ਐਸੀ ਪ੍ਰਬਲ ਹੈ ਜੋ ਹਰ ਵਕਤ ਰੂਪ ਰੰਗ ਬਦਲ ਕੇ ਮਨੁੱਖ ਨੂੰ ਭਰਮਾ ਲੈਂਦੀ ਹੈ ਅਤੇ ਮਨੁੱਖ ਆਪਣੇ ਕਿਰਦਾਰ ਤੋਂ, ਆਪਣੇ ਉਚੇ-ਸੁੱਚੇ ਆਦਰਸ਼ ਤੋਂ ਗਿਰ ਜਾਂਦਾ ਹੈ। ਵਿਸ਼ੇਸ਼ ਕਰਕੇ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਜਿਵੇਂ ਮਨੁੱਖ ਅੰਦਰ ਅਮੀਰ ਬਣਨ ਦੀ ਐਸੀ ਤੀਖਣ ਲਾਲਸਾ ਪੈਦਾ ਹੋ ਗਈ ਹੈ ਕਿ ਉਹ ਇਸ ਦੀ ਪ੍ਰਾਪਤੀ ਹਿਤ ਨੀਵੇਂ ਤੋਂ ਨੀਵੇਂ ਕਰਮ ਕਰਨ ਤਕ ਵੀ ਜਾ ਸਕਦਾ ਹੈ।

ਕੁਝ ਐਸੀਆਂ ਉਦਾਹਰਨਾਂ ਇਸੇ ਹਫਤੇ ਪੜ੍ਹਨ ਵਿਚ ਆਈਆਂ। ਪਹਿਲੀ-ਕਾਰਗਿਲ ਦੀ ਲੜਾਈ ਵਿਚ ਇਕ ਪਾਸੇ ਬਰਫਾਨੀ ਚੋਟੀਆਂ ਉਪਰ ਸਾਡੇ ਆਪਣੇ ਭਰਾ ਦੁਸ਼ਮਨ ਨਾਲ ਜੂਝ ਰਹੇ ਹਨ, ਸੁਹਿਰਦ ਜਨਤਾ ਦੀ ਉਨ੍ਹਾਂ ਨਾਲ ਪੂਰੀ ਸਹਾਨਭੂਤੀ ਹੈ ਪਰ ਮਾਇਆ ਦੀ ਗ੍ਰਿਫਤ ਵਿਚ ਆਏ ਕੁਝ ਲੋਕਾਂ ਨੇ ਰਾਜਿਸਥਾਨ ਅਤੇ ਯੂ.ਪੀ. ਵਿਚ ਸਿੰਥੈਟਿਕ ਦੁੱਧ ਬਣਾ ਕੇ ਆਰਮੀ ਨੂੰ ਸਪਲਾਈ ਕੀਤਾ ਜੋ ਕਾਰਗਿਲ ਦੇ ਜਵਾਨਾਂ ਲਈ ਸੀ ਅਤੇ ਜਿਸ ਦੇ ਸੇਵਨ ਨਾਲ slow poisoning ਅੰਦਰ ਹੌਲੀ ਹੌਲੀ ਜ਼ਹਿਰ ਘੁਲਦਾ ਹੈ। ਲੜਾਈ ਲੜਦਾ ਦੁਸ਼ਮਣ ਤਾਂ ਸਾਮ੍ਹਣੇ ਦਿਸਦਾ ਹੈ ਪਰ ਅੰਦਰ ਆਪਣੇ ਮੁਲਕ ਵਿਚ ਬੈਠੇ ਦੁਸ਼ਮਣ ਤੋਂ ਕਿਵੇਂ ਬਚਿਆ ਜਾਵੇ? ਦੂਜੀ ਉਦਾਹਰਣ – ਬਜ਼ਾਰਾਂ ਵਿਚ ਤਲੀਆਂ ਹੋਈਆਂ ਚੀਜ਼ਾਂ ਵੇਚਣ ਵਾਲਿਆਂ ਦੇ ਤੇਲ ਦਾ ਸੈਂਪਲ ਟੈਸਟ ਕਰਨ ਤੇ ਪਤਾ ਲੱਗਿਆ ਕਿ ਪੁਰਾਣੇ ਗੰਦੇ ਮੋਬਿਲ ਆਇਲ ਨੂੰ ਸਾਫ ਕਰਕੇ ਤੇਲ ਦੀ ਥਾਂ ਵਰਤਿਆ ਜਾ ਰਿਹਾ ਹੈ। ***'ਮਾਇਆਧਾਰੀ ਅਤਿ ਅੰਨਾ ਬੋਲਾ।'*** ਨਸ਼ਿਆਂ ਨੇ ਲੱਖਾਂ ਜੀਵਨ ਬਰਬਾਦ ਕੀਤੇ ਹਨ। ਕਾਮ ਚੇਸ਼ਟਾ ਨੇ ਨਵੀਆਂ ਬੀਮਾਰੀਆਂ ਪੈਦਾ ਕਰ ਦਿਤੀਆਂ ਹਨ। ਹਰਿਆਣੇ ਦੇ ਇਕ ਸਰਵੇ ਵਿਚ ਦੱਸਿਆ ਹੈ ਕਿ ਏਡਜ਼ ਨਾਲ ਪੀੜਤ ਰੋਗੀਆਂ ਵਿਚ 50% ਐਸੇ ਹਨ ਜਿਨ੍ਹਾਂ ਦੀ ਉਮਰ 15-25 ਸਾਲ ਹੈ। ਕਰੈਕਟਰ ਦੇ ਨਿਘਾਰ ਵਲ ਨਿਗ੍ਹਾਹ ਮਾਰੀਏ ਤਾਂ ਹਿਰਦਾ ਕੰਬ ਉਠਦਾ ਹੈ। ਲੋਕ ਬਿਰਤੀ ਕਿਧਰ ਨੂੰ ਜਾ ਰਹੀ ਹੈ?

ਐਸੇ ਅੰਧਕਾਰ ਵਿਚ 'ਆਤਮ ਮਾਰਗ' ਮਨੁੱਖਤਾ ਦੀ ਸੇਵਾ ਹਿਤ ਜੁਟਿਆ ਹੋਇਆ ਹੈ। ਮਹਾਂਪੁਰਸ਼ਾਂ ਨੇ ਸਾਰਾ ਜੀਵਨ ਇਸ ਕਾਰਜ ਵਿਚ ਸਮਰਪਤ ਕੀਤਾ ਹੈ। ਫੈਕਟਰੀਆਂ ਵਿਚ ਲੋਕ ਸਹੂਲਤਾਂ ਲਈ ਸਾਇੰਟਿਫਿਕ ਵਸਤਾਂ ਬਣਾਉਣੀਆਂ ਔਖਾ ਕੰਮ ਨਹੀਂ, ਸਾਰੀ ਦੁਨੀਆਂ ਇਹ ਕੰਮ ਕਰ ਰਹੀ ਹੈ ਪਰ ਚੰਗਾ ਮਨੁੱਖ ਪੈਦਾ ਕਰਨਾ ਬੜੀ ਮੁਸ਼ਕਲ ਕਿਰਿਆ ਹੈ। ਖਤਰਨਾਕ ਤੋਂ ਖਤਰਨਾਕ ਹਥਿਆਰ ਬਣਾਏ ਜਾ ਰਹੇ ਹਨ ਅਤੇ ਹਰੇਕ ਮੁਲਕ ਇਨ੍ਹਾਂ ਦੀ ਪ੍ਰਾਪਤੀ ਤੇ ਮਾਣ ਕਰ ਰਿਹਾ ਹੈ ਪਰ ਇਨ੍ਹਾਂ ਦੀ ਕੁਵਰਤੋਂ ਨੂੰ ਕੌਣ ਰੋਕੇਗਾ? ਕੇਵਲ ਉਹ ਮਨੁੱਖ ਜਿਸ ਦੇ ਅੰਦਰ ਪ੍ਰਮਾਤਮਾ ਦਾ ਭਉ ਅਤੇ ਭਾਉ ਹੈ, ਜੋ ਸਰਬ ਮਨੁੱਖਤਾ ਨੂੰ ਪਿਆਰ ਕਰਦਾ ਹੈ, ਜੋ ਦੇਸ਼ਾਂ ਦੀਆਂ, ਧਰਮ ਦੀਆਂ, ਬੋਲੀਆਂ ਅਤੇ ਰੰਗ ਰੂਪਾਂ ਦੀਆਂ ਤੰਗ ਹਦਬੰਦੀਆਂ ਨਹੀਂ ਮੰਨਦਾ, ਸਮੂਹ ਮਾਨਸ ਦੀ ਜਾਤਿ ਨੂੰ ਇਕ ਨੂਰ ਤੋਂ ਉਤਪੰਨ ਹੋਈ ਮੰਨਦਾ ਹੈ।

ਅਸੀਂ ਇਕ ਮਹਾਨ ਵਿਰਸੇ ਨਾਲ ਜੁੜੇ ਹੋਏ ਹਾਂ ਜਿਥੇ ਭਾਈ ਘਨਈਆ ਜੀ ਵਰਗੀ ਸਖਸ਼ੀਅਤ, ਨਾ ਕੋ ਵੈਰੀ ਨਾ ਹੀ ਬਿਗਾਨਾ ਦੀ ਦ੍ਰਿਸ਼ਟੀ ਰਖਦਾ ਮੁਗਲ ਸੈਨਾ ਦੇ ਫੱਟੜ ਸਿਪਾਹੀਆਂ ਨੂੰ ਓਸੇ ਪਿਆਰ ਨਾਲ ਪਾਣੀ ਪਿਲਾ ਰਿਹਾ ਹੈ ਜਿਵੇਂ ਸਿੱਖ ਸੈਨਾ ਦੇ ਸਿਪਾਹੀਆਂ ਨੂੰ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਆਦਰਸ਼ ਨੂੰ ਸਹੀ ਰੂਪ ਵਿਚ ਸਮਝਿਆ। ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਫੁਰਮਾਨ ਹੈ –

***ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।***
***ਦੇਵਤਾ ਅਦੇਵ ਜੱਛ, ਗੰਧਬ ਤੁਰਕ ਹਿੰਦੂ,***
***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।***
***ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥***
***ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,***
***ਏਕ ਹੀ ਸਰੂਪ ਸਬੈ, ਏਕ ਹੀ ਬਨਾਉ ਹੈ॥***

***ਅਕਾਲ ਉਸਤਤਿ***

ਅਰਥਾਤ ਮਸਜਿਦ, ਮੰਦਰ, ਗਿਰਜਾ ਗੁਰਦਵਾਰਾ ਸਭ ਰੱਬ ਦੇ ਘਰ ਹਨ, ਪ੍ਰਮਾਤਮਾ ਨੂੰ ਯਾਦ ਕਰਨ ਲਈ ਇਹ ਪਵਿੱਤਰ ਅਸਥਾਨ ਬਣਾਏ ਗਏ ਹਨ। ਇਹੋ ਬਿਰਤੀ ਦਸਮ ਪਿਤਾ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਬਖਸ਼ੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਅੰਦਰ ਵਿਦਰੋਹ ਦੀ ਭਾਵਨਾ ਪ੍ਰਜੁਲਤ ਕਰ ਦਿਤੀ। ਸਰਹੰਦ ਦੀ ਤਬਾਹੀ ਲਈ ਹਜ਼ਾਰਾਂ ਲੋਕ ਉਸ ਨਾਲ ਆ ਰਲੇ ਅਤੇ ਮੁਗਲ ਸੈਨਾ ਨਾਲ ਜਾ ਟਕਰਾਏ। ਮੁਗਲ ਰਾਜ ਦਾ ਘੁੱਗ ਵਸਦਾ ਸ਼ਹਿਰ ਕੁਝ ਦਿਨਾਂ ਵਿਚ ਹੀ ਢਹਿ ਢੇਰੀ ਹੋ ਗਿਆ। ਦੂਰ-ਦੂਰ ਤਕ ਮਾਲੀ ਤੇ ਜਾਨੀ ਨੁਕਸਾਨ ਹੋਇਆ ਪਰ ਇਸ

ਘੋਰ ਯੁੱਧ ਸਮੇਂ ਵੀ ਗੁਰੂ ਦੇ ਸਿੱਖ ਨੇ ਗੁਰੂ ਦੇ ਮਹਾਨ ਉਪਦੇਸ਼ ਨੂੰ ਅੱਖੋਂ ਓਹਲੇ ਨਹੀਂ ਕੀਤਾ। ਬੰਦਾ ਸਿੰਘ ਬਹਾਦਰ ਦਾ ਆਪਣੀਆਂ ਫੌਜਾਂ ਨੂੰ ਸਪਸ਼ਟ ਹੁਕਮ ਸੀ ਕਿ ਹੋਰ ਹਰ ਤਰ੍ਹਾਂ ਦੀ ਬਰਬਾਦੀ ਦੀ ਆਗਿਆ ਹੈ ਪਰ ਮੁਸਲਮਾਨੀ ਮਸਜਿਦਾਂ ਨੂੰ ਕੋਈ ਆਂਚ ਨਹੀਂ ਆਉਣੀ ਚਾਹੀਦੀ, ਐਸਾ ਹੀ ਹੋਇਆ। ਸਵਾਇ ਮਸਜਿਦਾਂ ਦੇ ਸਾਰਾ ਸਰਹੰਦ ਖੰਡਰਾਤ ਵਿਚ ਬਦਲ ਗਿਆ। ਮੁਗਲ ਹੁਕਮਰਾਨ ਨਾਲ ਲੋਹਾ ਲੈਂਦੇ ਅਨੇਕਾਂ ਸਿੱਖ ਸ਼ਹੀਦ ਹੋਏ ਪਰ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਸਥਾਪਤੀ ਸਮੇਂ ਕੋਈ ਮੁਸਲਮਾਨ ਕਤਲ ਨਹੀਂ ਕੀਤਾ ਗਿਆ, ਕੋਈ ਮਸਜਿਦ ਗਿਰਾਈ ਤਾਂ ਕੀ ਜਾਣੀ ਸੀ ਸਗੋਂ ਆਪਣੀ ਫੌਜ ਦੇ ਮੁਸਲਮਾਨਾਂ ਨੂੰ ਨਮਾਜ਼ ਪੜ੍ਹਨ ਲਈ ਹੋਰ ਮਸੀਤਾਂ ਬਣਾ ਕੇ ਦਿਤੀਆਂ। ਇਸ ਦਾ ਕਾਰਨ ਗੁਰੂ ਮਹਾਰਾਜ ਜੀ ਦੀ ਮਹਾਨ ਸਿਖਿਆ ਅਤੇ ਦ੍ਰਿਸ਼ਟੀ ਦੀ ਵਿਸ਼ਾਲਤਾ ਹੈ, ***'ਸਭਨਾ ਜੀਆ ਕਾ ਇਕੁ ਦਾਤਾ'*** ਦਾ ਉਪਦੇਸ਼ ਹੈ।

ਗੁਰੂ ਨਾਨਕ ਦੇਵ ਜੀ ਨੂੰ ਹਿੰਦੂਆਂ ਦਾ ਗੁਰੂ ਅਤੇ ਮੁਸਲਮਾਨਾਂ ਦਾ ਪੀਰ ਮੰਨਿਆ ਜਾਂਦਾ ਸੀ। ਉਨ੍ਹਾਂ ਨੇ ਕਈ ਸ਼ਬਦਾਂ ਵਿਚ ਚੰਗੇ ਮੁਸਲਮਾਨ ਦੇ ਅਮਲ ਦੱਸੇ ਹਨ। ਸਹੀ ਮੁਸਲਮਾਨ ਉਹ ਹੈ ਜੋ ਮਾੜੇ ਲੋਕਾਂ ਉਤੇ ਤਰਸ ਦੀ ਭਾਵਨਾ ਰੱਖੇ, ਇਹੀ ਉਸਦੀ ਮਸੀਤ ਹੈ, ਅੱਲਾ ਵਿਚ ਸ਼ਰਧਾ ਉਸ ਦਾ ਮੁਸੱਲਾ ਹੈ ਅਤੇ ਹੱਕ ਦੀ ਨੇਕ ਕਮਾਈ ਕੁਰਾਨ ਦਾ ਪਾਠ। ਵਿਕਾਰਾਂ ਵਲੋਂ ਮਨ ਨੂੰ ਰੋਕਣਾ ਸਹੀ ਸੁੰਨਤ ਹੈ, ਚੰਗਾ ਸੁਭਾਉ ਰੋਜ਼ਾ। ਐਸਾ ਮੁਸਲਮਾਨ ਹੋਣਾ ਚਾਹੀਦਾ ਹੈ –

***ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।***
***ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥***

***ਪੰਨਾ – 140***

ਮੁਸਲਮਾਨਾਂ ਦੀਆਂ ਪੰਜ ਨਮਾਜ਼ਾਂ ਦਾ ਕੀ ਅਰਥ ਹੈ? ਸਾਰੀ ਮਨੁੱਖਤਾ ਨੂੰ ਇਕੋ ਜਿਹਾ ਪਿਆਰ ਕਰਨ ਵਾਲੇ ਗੁਰੂ ਨਾਨਕ ਪੰਜ ਨਮਾਜ਼ਾਂ ਦਾ ਸਹੀ ਲਕਸ਼ ਉਜਾਗਰ ਕਰਦੇ ਦਸਦੇ ਹਨ ਕਿ ਸੱਚ ਬੋਲਣਾ ਸਵੇਰ ਦੀ ਪਹਿਲੀ ਨਮਾਜ਼ ਹੈ– ਹੱਕ ਦੀ ਕਮਾਈ – ਦੂਜੀ ਨਮਾਜ਼, ਰੱਬ ਤੋਂ ਸਭ ਦਾ ਭਲਾ ਮੰਗਣਾ – ਤੀਜੀ ਨਮਾਜ਼, ਨੀਯਤ ਨੂੰ, ਮਨ ਨੂੰ ਸਾਫ ਰੱਖਣਾ– ਚੌਥੀ ਨਮਾਜ਼, ਪ੍ਰਮਾਤਮਾ ਦੀ ਸਿਫਤ ਸਾਲਾਹ ਅਤੇ ਵਡਿਆਈ ਕਰਨੀ – ਇਹ ਪੰਜਵੀਂ ਨਮਾਜ਼ ਹੈ। ਐਸੇ ਉਚ ਆਚਰਣ ਨਾਲ ਹੀ ਸੱਚਾ ਮੁਸਲਮਾਨ, ਸੱਚਾ ਹਿੰਦੂ, ਸੱਚਾ ਸਿੱਖ, ਸੱਚਾ ਈਸਾਈ ਬਣਿਆ ਜਾ ਸਕਦਾ ਹੈ –

***ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।।***
***ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ॥***
***ਚਉਥੀ ਨੀਅਤਿ ਰਾਸਿ ਮਨੁ ਪੰਜਵੀਂ ਸਿਫਤਿ ਸਨਾਇ॥***
***ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥***
***ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥***

***ਪੰਨਾ – 141***

ਗੁਰਬਾਣੀ ਦੇ ਐਸੇ ਮਹਾਨ ਵਿਚਾਰਾਂ ਦਾ ਪਾਸਾਰ ਅਤੇ ਸੰਚਾਰ ਮਹਾਂਪੁਰਸ਼ਾਂ ਦੇ ਜੀਵਨ ਦਾ ਲਕਸ਼ ਬਣਿਆ ਤਾਕਿ ਸਾਰੀ ਮਨੁੱਖਤਾ ਦਾ ਉਥਾਨ ਹੋਵੇ। ਇਸ ਵਡੇਰੀ ਉਮਰ ਵਿਚ ਗੁਰਮਤਿ ਦਾ ਇਹ ਮਹਾਨ ਸੰਦੇਸ਼ ਦੇਣ ਲਈ ਆਪ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਪੁੱਜ ਰਹੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਆਪ ਜੀ ਦੇ ਦਰਸ਼ਨ ਕਰਨ ਅਤੇ ਪ੍ਰਵਚਨ ਸੁਣਨ ਲਈ ਤੀਬਰਤਾ ਨਾਲ ਉਡੀਕ ਕਰ ਰਹੀਆਂ ਹਨ। ਆਪ ਜੀ ਵਲੋਂ ਚਲਾਏ ਨਾਮ ਸਿਮਰਨ ਅਤੇ ਗੁਰਬਾਣੀ ਦੇ ਨਿਰੰਤਰ ਪਰਵਾਹ ਨਾਲ ***'ਜਿਨਿ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ'*** ਵਾਲੀ ਕਲਾ ਵਰਤ ਰਹੀ ਹੈ। ਮਨੁੱਖਤਾ ਨੀਵੀਆਂ ਸੋਚਾਂ ਵਿਚੋਂ ਨਿਕਲ ਕੇ ਰੱਬੀ ਪਿਆਰ ਵਿਚ ਆਤਮਕ ਅਨੰਦ ਮਾਣਨਾ ਲੋਚ ਰਹੀ ਹੈ।

ਜਿਵੇਂ ਆਪ ਪਾਠਕ ਜਨ ਮਾਰਚ ਦਾ ਆਤਮ ਮਾਰਗ ਪੜ੍ਹੋਗੇ, ਇਕ ਇਕ ਲੇਖ ਸਾਡੇ ਕਿਰਦਾਰ ਨੂੰ ਉਚਾ ਸੁੱਚਾ ਬਣਾਉਣ ਦੀ ਸ਼ਕਤੀ ਰਖਦਾ ਹੈ। ਕੇਵਲ 'ਰਾਜਾ ਸ਼ਿਵਨਾਭ' ਹੀ ਕਰਮਕਾਂਡ ਦੀਆਂ ਫੋਕੀਆਂ ਰੀਤਾਂ ਤੋਂ ਮੁਕਤ ਨਹੀਂ ਹੁੰਦਾ, ਸਾਨੂੰ ਸਭ ਪਾਠਕਾਂ ਨੂੰ ਵੀ ਗੁਰਬਾਣੀ ਦਾ ਚਾਨਣ ਮਿਲਦਾ ਹੈ ਅਤੇ ਸਾਨੂੰ ਥਿਤਾਂ ਵਾਰਾਂ ਦੀ ਸਹੀ ਸੋਝੀ ਹੁੰਦੀ ਹੈ। ਗੁਰੂ ਨਾਨਕ ਦਰਸ਼ਨ ਦੀਦਾਰ ਲਈ ਕੇਵਲ ਰਾਜਾ ਸ਼ਿਵਨਾਭ ਦੀਆਂ ਅੱਖਾਂ ਹੀ ਸੇਜਲ ਨਹੀਂ ਹੁੰਦੀਆਂ, ਪਾਠਕ ਵੀ ਗੁਰੂ ਨਾਨਕ ਪਿਆਰ ਵਿਚ ਭਿਜਿਆ, ਦਰਸ਼ਨਾਂ ਲਈ ਤੜਪ ਉਠਦਾ ਹੈ। ਲਿਖਤ ਦੀ ਇਹ ਕੀਲਣ ਸ਼ਕਤੀ ਮਹਾਂਪੁਰਸ਼ਾਂ ਉਪਰ ਸਤਿਗੁਰੂ ਦੀ ਬਖਸ਼ਿਸ਼ ਹੈ ਜਿਸ ਦੇ ਅਸੀਂ ਸਾਰੇ ਆਤਮ ਮਾਰਗ ਦੇ ਪਾਂਧੀ ਵੀ ਹਿੱਸੇਦਾਰ ਹਾਂ। ਇਹ ਬਾਤ ਲਿਖਣ ਪੜ੍ਹਨ ਤਕ ਹੀ ਨਾ ਰਹਿ ਜਾਵੇ, ਇਕ ਅਮਲ ਤੁਰੰਤ ਕਰ ਲਈਏ ਕਿ ਆਪਣੇ ਪਰਿਵਾਰ ਨੂੰ ਵੀ ਜੀਵਨ ਕਾਲ ਲਈ ਆਤਮ ਮਾਰਗ ਨਾਲ ਜੋੜ ਕੇ ਇਸ ਉਚ-ਮੰਡਲ ਦਾ ਹਿੱਸੇਦਾਰ ਬਣਾ ਦੇਈਏ। ਇਹ ਅਵਸਰ ਸ਼ਾਇਦ ਮੁੜ ਹੱਥ ਨਾ ਆਵੇ। 'ਆਤਮ ਮਾਰਗ' ਦੇ ਸਭ ਪਾਂਧੀਆਂ ਨੂੰ ਸਤਿਗੁਰੂ ਦੀ ਨਦਰ ਪ੍ਰਾਪਤ ਹੋਵੇ ਅਤੇ ਮਹਾਂਪੁਰਸ਼ਾਂ ਦੀ ਅਸੀਸ। ਸਦਾ ਚੜ੍ਹਦੀ ਕਲਾ ਵਿਚ ਵਿਚਰੀਏ ਅਤੇ ਆਤਮ ਮਾਰਗ ਦਾ ਵਿਸਮਾਦ ਮਾਣਦੇ ਰਹੀਏ।

***ਮੁੱਖ ਸੰਪਾਦਕ***

LLLLLL

## ਜ਼ਰੂਰੀ ਸੂਚਨਾ

**'ਆਤਮ ਮਾਰਗ' ਦੀ ਨਿਰੰਤਰਤਾ ਨੂੰ ਮੁੱਖ ਰਖਦਿਆਂ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਵਲੋਂ ਹੀ ਇਕ ਨਵਾਂ ਟਰੱਸਟ ਕਾਇਮ ਕੀਤਾ ਗਿਆ ਹੈ ਜਿਸ ਦਾ ਨਾਮ ਅਤੇ ਪਤਾ ਇਸ ਪ੍ਰਕਾਰ ਹੈ – 'ਆਤਮ ਮਾਰਗ' ਸਪਿਰਚੂਅਲ, ਸਾਇੰਟਿਫਿਕ, ਐਜੂਕੇਸ਼ਨਲ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ, ਡਾਕਖਾਨਾ–ਮੁਲਾਂਪੁਰ, ਤਹਿ: ਖਰੜ, ਜ਼ਿਲਾ ਰੋਪੜ। ਚਿੱਠੀ ਪੱਤਰ ਸਮੇਂ ਹੋਈ ਤਬਦੀਲੀ ਨੂੰ ਧਿਆਨ ਵਿਚ ਰੱਖਿਆ ਜਾਵੇ ਅਤੇ ਮਿਤੀ 1–4–2000 ਤੋਂ ਆਤਮ ਮਾਰਗ ਦੇ ਚੰਦੇ ਦਾ ਚੈਕ ਜਾਂ ਡਰਾਫਟ ਇਸ ਨਾਂ ਤੇ ਕੱਟ ਕੇ ਉਪਰੋਕਤ ਪਤੇ ਤੇ ਭੇਜਿਆ ਜਾਵੇ।**

Sri Satguru Jagjit Singh Ji eLibrary NamdhariElibrary@gmail.com

# ਅਮਰ ਕਥਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 53)*

***ਸਤਿਨਾਮ ਸ੍ਰੀ ਵਾਹਿਗੁਰੂ।***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ।।***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਧਾਰਨਾ - ਪੰਚ ਬਿਖਾਦੀ ਏਕ ਗਰੀਬਾ,***
***ਰਾਖਹੁ ਰਾਖਨਹਾਰੇ ਜੀ - 2***
***ਰਾਖਹੁ ਰਾਖਨਹਾਰੇ ਜੀ, - 2, 4***
***ਪੰਚ ਬਿਖਾਦੀ ਏਕ ਗਰੀਬਾ,.........2***

***ਰਾਖੁ ਪਿਤਾ ਪ੍ਰਭ ਮੇਰੇ॥***
***ਮੋਹਿ ਨਿਰਗੁਨੁ ਸਭ ਗੁਨ ਤੇਰੇ॥***
***ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥***
***ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ***
***ਆਇਓ ਸਰਨਿ ਤੁਹਾਰੇ॥ ਪੰਨਾ - 205***

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ।।***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ॥ ਪੰਨਾ - 600***

***ਸਗਲ ਸਹੇਲੀ ਅਪਨੈ ਰਸ ਮਾਤੀ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥***
***ਮੁਸਨਹਾਰ ਪੰਚ ਬਟਵਾਰੇ॥***
***ਸੂਨੇ ਨਗਰਿ ਪਰੇ ਠਗਹਾਰੇ॥ ਪੰਨਾ - 182***

***ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ॥***
***ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ।।***
***ਪੰਨਾ - 206***

***ਧਾਰਨਾ - ਪੰਚ ਬਿਖਾਦੀ ਏਕ ਗਰੀਬਾ,***
***ਰਾਖਹੁ ਰਾਖਨਹਾਰੇ ਜੀ - 2***
***ਰਾਖਹੁ ਰਾਖਨਹਾਰੇ ਜੀ - 2, 2***
***ਪੰਚ ਬਿਖਾਦੀ ਏਕ ਗਰੀਬਾ........ - 2***

***ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥***
***ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ।।***
***ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥***
***ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥***
***ਪੰਨਾ - 206***

***ਧਾਰਨਾ - ਪਿਆਰੇ ਜਿੱਤ ਲਏ ਮਹਾ ਬਿਖਾਦੀ,***
***ਸਰਣ ਤੁਮਾਰੀ ਸਤਿਗੁਰ ਆ ਕੇ - 2***
***ਸਰਣਿ ਤੁਮਾਰੀ ਆ ਕੇ ਸਤਿਗੁਰ - 2, 2.***
***ਪਿਆਰੇ ਜਿੱਤ ਲਏ ਮਹਾ ਬਿਖਾਦੀ.....-2***

ਸਾਧਸੰਗਤ ਜੀ! ਗੱਜ ਕੇ ਬੋਲਣਾ, 'ਸਤਿਨਾਮੁ ਸ੍ਰੀ ਵਾਹਿਗੁਰੂ'।

ਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਦੇ ਸਦਕੇ ਆਪ ਸਾਰੇ ਗੁਰੂ ਦਰਬਾਰ ਵਿਚ ਸੁਸ਼ੋਭਤ ਹੋਂ। ਸਾਰਾ ਸੰਸਾਰ, ਚਾਹੇ ਪੜ੍ਹਿਆ ਹੋਇਆ ਹੈ, ਚਾਹੇ ਪੈਸੇ ਵਾਲਾ ਹੈ, ਚਾਹੇ ਕੋਈ ਸੁਖੀ ਹੈ, ਚਾਹੇ ਕੋਈ ਦੁਖੀ ਹੈ, ਇਹ ਪੰਜ ਚੋਰਾਂ ਦੇ ਨਾਲ ਪੀੜਤ ਹੈ, ਸਾਰੇ ਬੇਹੋਸ਼ੀ ਵਿਚ ਨੇ, ਇਨ੍ਹਾਂ ਨੂੰ ਪਤਾ ਨਹੀਂ ਲਗਦਾ। ਇਕ ਹੋਸ਼ ਵਾਲੇ ਨੇ ਜਿਹੜੇ ਆਤਮਕ ਚੜ੍ਹਾਈ ਕਰਨਾ ਚਾਹੁੰਦੇ ਨੇ, ਉਪਰ ਜਾਣਾ ਚਾਹੁੰਦੇ ਨੇ ਪਰ ਰਸਤਾ ਨਹੀਂ ਕਿਸੇ ਨੂੰ ਮਿਲ ਰਿਹਾ। ਮਹਾਰਾਜ ਕਹਿੰਦੇ ਨੇ ਸਾਰਿਆਂ ਤੋਂ ਖਤਰਨਾਕ ਜੇ ਕੋਈ ਚੀਜ਼ ਹੈ ਆਦਮੀ ਦੇ ਜੁੱਸੇ ਦੇ ਅੰਦਰ ਤਾਂ ਇਹ ਪੰਜ ਚੋਰ ਨੇ ਕਿਉਂਕਿ ਜੋ ਇਸ ਦੇ ਅੰਦਰ ਨਾਮ ਅੰਮ੍ਰਿਤ ਰੱਖਿਆ ਹੋਇਆ ਹੈ, ਇਹ ਉਸ ਪਿਆਲੇ ਦੇ ਨਾਲ ਇਸ ਦੇ ਬੁਲ੍ਹ ਨਹੀਂ ਲੱਗਣ ਦਿੰਦੇ। ਜੇ ਇਕ ਵਾਰੀ ਲਗ ਜਾਵੇ ਤਾਂ ਝੂੰਮਾਂ ਆਉਣ ਲਗ ਜਾਂਦੀਆਂ ਨੇ, ਖੇੜਾ ਆ ਜਾਂਦਾ ਹੈ, ਦੁਖ ਦੂਰ ਹੋ ਜਾਂਦੇ ਨੇ -

***ਊਠਤ ਸੁਖੀਆ ਬੈਠ ਸੁਖੀਆ॥***
***ਭਉ ਨਹੀ ਲਾਗੈ ਜਾਂ ਐਸੇ ਬੁਝੀਆ॥ ਪੰਨਾ - 1136***

ਉਠਦੇ-ਬਹਿੰਦੇ, ਸੌਂਦੇ-ਜਾਗਦੇ, ਕਿਰਤ ਕਰਦੇ ਸੁਖਾਂ ਦੇ ਵਿਚ ਰਹਿੰਦਾ ਹੈ। ਸੁਖ ਦਾ ਵੀ ਕੋਈ ਹਿਸਾਬ-ਕਿਤਾਬ ਨਹੀਂ ਕਿੰਨੇ ਸੁਖ ਵਿਚ ਰਹਿੰਦਾ ਹੈ। ਪਰ ਇਸ ਸਰੀਰ ਦੇ ਜੋ ਪਹਿਰੂਏ ਨੇ, ਇਨ੍ਹਾਂ ਨੇ ਨਸ਼ਾ ਚੜ੍ਹਾ ਦਿੱਤਾ - ਪੰਜਾਂ ਚੋਰਾਂ ਨੇ। ਕੰਨ ਰਾਖੇ ਸਨ, ਅੱਖਾਂ ਰਾਖੀਆਂ ਸੀ, ਨੱਕ ਰਾਖਾ ਸੀ, ਜ਼ੁਬਾਨ ਰਾਖੀ ਸੀ, ਸਪਰਸ਼ ਇੰਦ੍ਰੀਆਂ ਰਾਖੇ ਸਨ ਪਰ ਇਨ੍ਹਾਂ ਨੂੰ ਨਸ਼ਾ ਚੜ੍ਹਾ ਦਿਤਾ। ਇਨ੍ਹਾਂ ਦਾ ਜਿਹੜਾ ਸਭ ਤੋਂ ਵੱਡਾ ਮਾਲਕ ਮਨ ਸੀ ਉਸ ਨੂੰ ਨਸ਼ਾ ਚੜ੍ਹਾ ਦਿਤਾ। ਨਸ਼ਾ ਵੀ ਐਨਾ ਪਿਲਾਇਆ ਕਿ ਅਰਬਾਂ ਖਰਬਾਂ ਸਾਲ ਤਕ ਉਤਰਨ 'ਚ ਨਹੀਂ ਆਉਂਦਾ, ਲਹਿੰਦਾ ਹੀ ਨਹੀਂ ਹੈ।

ਅੰਮ੍ਰਿਤ ਕੋਲ ਪਿਆ ਹੈ, ਜੇ ਇਸ ਨੂੰ ਪੀ ਲਵੇ ਤਾਂ ਸਦਾ ਵਾਸਤੇ ਅਮਰ ਹੋ ਜਾਵੇ। ***'ਅੰਮ੍ਰਿਤੁ ਪੀਵੈ ਅਮਰ ਸੋ ਹੋਇ।'*** ਅਮਰ ਹੋ ਜਾਂਦਾ ਹੈ ਜਿਹੜਾ ਅੰਮ੍ਰਿਤ ਦੇ ਨਾਲ ਬੁਲ੍ਹ ਲਾ ਲਵੇ। ਪਰ ਇਹ ਚੋਰ ਅੰਮ੍ਰਿਤ ਦੇ ਨੇੜੇ ਨਹੀਂ ਆਉਣ ਦਿੰਦੇ ਕਿਉਂਕਿ ਆਲੇ-ਦੁਆਲੇ ਘੇਰਾ ਘੱਤਿਆ ਹੋਇਆ ਹੈ। ਐਨਾ ਫਿਸਲਾਉਂਦੇ ਨੇ ਬੰਦੇ ਨੂੰ, ਐਨੀਆਂ ਚੀਜ਼ਾਂ ਲਿਆ ਕੇ ਦਿੰਦੇ ਨੇ ਕਿ ਮਨ ਵਰਗਲਾਉਂਦੈ, ਹੋਛੇ ਨਸ਼ਿਆਂ ਦੇ ਵਿਚ ਮਨ ਚਲਿਆ ਜਾਂਦਾ ਹੈ।

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥***
***ਰਸਨਾ ਸੋਈ ਲੋਭਿ ਮੀਠੈ ਸਾਦਿ॥***
***ਮਨੁ ਸੋਇਆ ਮਾਇਆ ਬਿਸਮਾਦਿ॥ ਪੰਨਾ - 182***

ਰਸਨਾ ਸੁਆਦਾਂ ਵਿਚ ਪੈ ਗਈ, ਗੱਲਾਂ ਬਾਤਾਂ ਦੀ ਚੇਟਕ ਵਿਚ ਲਗ ਗਈ, ਬੋਲੀ ਜਾਂਦੀ ਹੈ ਸਾਰਾ ਦਿਨ। ***'ਮਨ ਸੋਇਆ ਮਾਇਆ ਬਿਸਮਾਦਿ॥'*** ਮਨ ਨੂੰ ਮਾਇਆ ਦਾ ਨਸ਼ਾ ਚੜ੍ਹ ਗਿਆ। ਮਾਇਆ ਬਹੁਤ ਹੀ ਸ਼ਕਤੀਸ਼ਾਲੀ ਹੈ। ਇਸ ਦੇ ਅਨੇਕ ਅਤੇ ਅਨੰਤ ਰੂਪ ਹਨ। ਇਸ ਨੂੰ ਨਾਗਣੀ ਕਿਹਾ ਹੈ। ਇਹ ਸਭ ਦੇਵਤੇ, ਦਾਨਵ, ਦੈਂਤ, ਮਨੁੱਖ, ਪਸ਼ੂ, ਪੰਛੀਆਂ ਤੇ ਕਾਬੂ ਪਾ ਕੇ ਰਖਦੀ ਹੈ, ਇਸ ਨਾਗਣੀ ਨੂੰ ਕੋਈ ਪਹਿਚਾਣ ਨਹੀਂ ਸਕਦਾ। ਰੂਪ ਇਸ ਦਾ ਅਤਿ ਮਨਮੋਹਣਾ ਹੈ, ਧੂਹਾਂ ਪਾਉਂਦੀ ਹੈ। ਆਪਣੀ ਖਿੱਚ ਭਰੀ ਵਲਗਣ ਵਿਚੋਂ ਨਿਕਲਣ ਨਹੀਂ ਦਿੰਦੀ। ਮਨੁੱਖ ਭਾਵੇਂ ਕਿੰਨੀ ਹੀ ਵਿਦਿਆ ਪੜ੍ਹ ਲਵੇ, ਸਾਧਨ ਕਰ ਲਵੇ, ਘਰ-ਬਾਰ ਛੱਡ ਕੇ ਨਿਰਜਨ ਵਣਾਂ, ਗੁਫਾਵਾਂ, ਬਰਫਾਨੀ ਪਹਾੜਾਂ, ਤੀਰਥਾਂ ਤੇ ਕਿਤੇ ਭੀ ਇਹ ਮਨੁੱਖ ਚਲਿਆ ਜਾਵੇ ਉਥੇ ਹੀ ਆਪਣਾ ਰੂਪ ਵਿਖਾ ਕੇ ਮੋਹਿਤ ਕਰਦੀ ਹੈ। ਇਸ ਨਾਗਣੀ ਦੀ ਜ਼ਹਿਰ ਜੁਗਾਂ ਜੁਗਾਂਤਰਾਂ ਤਕ ਕਰੋੜਾਂ ਅਰਬਾਂ ਸਾਲਾਂ ਤਕ ਮੂਰਛਤ ਰਖਦੀ ਹੈ। ਵਾਹਿਗੁਰੂ ਜੀ ਪਰਮ ਚੇਤਨ ਪਰਮ-ਆਤਮਾ ਹਨ, ਉਹ ਆਪਣੀ ਰਚਨਾ ਦੇ ਕਣ-ਕਣ ਵਿਚ ਮਹਾਨ ਸੁੰਦਰ, ਦਇਆਲੂ ਰੂਪ ਵਿਚ ਰਮੇਂ ਹੋਏ ਗਗਨ ਮੰਡਲ ਦੇ ਮਹਾਂ ਪਵਿੱਤਰ, ਨਿਰਮਲ, ਅਸਥਿਰ ਆਸਣ ਤੇ ਬਿਰਾਜਮਾਨ ਸਰਬ ਕਲਾ ਸਮਰੱਥ ਹਨ। ਆਪ ਦਾ ਪ੍ਰਤੀਬਿੰਬ ਜਦੋਂ ਪ੍ਰਕ੍ਰਿਤੀ ਤੇ ਪੈਂਦਾ ਹੈ ਤਾਂ ਮਾਇਆ ਅਹੰ (ਹਉਮੈ) ਦੇ ਰੂਪ ਵਿਚ ਪਸਰੀ ਜੀਵਨ ਕਿਰਨ (ਜੀਵਨ ਚੇਤਨ) ਦੇ ਦੁਆਲੇ ਸਰਕਲ ਪਾ ਕੇ ਉਸ ਨੂੰ ਸਮੁੱਚਤਾ ਜਾਂ ਕਹੋ ਕੁਲ ਤੋਂ, ਏਕਤਾ ਤੋਂ ਬਹੁਤਵ ਵਿਚ ਬਦਲ ਦਿੰਦੀ ਹੈ ਅਤੇ totality (ਸਮਸ਼ਟ) ਤੋਂ ਇਕੱਲੀ ਇਕਾਈ (ਵਿਅਸ਼ਟ) ਵਿਚ ਬਦਲ ਕੇ ਜੀਵ ਅੰਸ ਨੂੰ ਪ੍ਰਭੂ ਨਾਲੋਂ ਤੋੜ ਦਿੰਦੀ ਹੈ, ਫਿਰ ਭਾਵੇਂ ਲੱਖ ਜਤਨ ਭੀ ਕਰ ਲਵੋ, ਇਸ ਦੇ ਸੈਨਾਪਤੀ, ਮੋਹ ਰਾਜਾ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ - ਆਸਾ, ਤ੍ਰਿਸ਼ਨਾ, ਮਨਸਾ, ਈਰਖਾ, ਵੈਰ, ਬਦਲੇ ਲੈਣ ਦੀ ਭਾਵਨਾਂ ਆਪਣੇ circle (ਘੇਰੇ) ਵਿਚੋਂ ਨਿਕਲਣ ਨਹੀਂ ਦਿੰਦੇ। ਇਸ ਦੁਨੀਆਂ ਵਿਚ ਕਿਸੇ ਜੀਵ ਜੰਤੂ ਦੇ ਵਿਚ ਇਹ ਤਾਕਤ ਨਹੀਂ ਜੋ ਇਸ ਜੀਵ ਕਿਰਣ ਨੂੰ ਮਾਇਆ ਦੇ ਘੇਰੇ ਵਿਚੋਂ ਕੱਢ ਸਕੇ। ਸਿਰਫ ਇਕੋ ਇਕ ਸਾਧਨ ਹੈ ਕਿ ਇਸ ਜੀਵ ਨੂੰ ਅਨਿਕ ਪ੍ਰਕਾਰ ਦੀਆਂ ਘੁਮੇਟਣੀਆਂ ਖਾਂਦੇ, ਕੁੱਤਾ, ਬਿੱਲਾ, ਸੱਪ, ਪਸ਼ੂ ਪੰਛੀ ਬਣਦੇ ਨੂੰ ਮਨੁੱਖਾ ਜਨਮ ਵਿਚ ਪੂਰਨ ਸੰਤ ਸਤਿਗੁਰੂ ਮਿਲ ਜਾਵੇ ਅਤੇ ਆਪਣੀ ਦ੍ਰਿਸ਼ਟੀ ਕਰਕੇ ਇਸ ਜੀਵ ਨੂੰ ਨਾਮ ਮੰਡਲ ਵਿਚ ਪ੍ਰਵੇਸ਼ ਕਰਾ ਦੇਵੇ ਤਾਂ ਮਾਇਆ ਦੀ ਜ਼ਹਿਰ ਉਤਰ ਕੇ ਆਪਣੇ ਸਰੂਪ ਨੂੰ ਪਹਿਚਾਣ ਲੈਂਦਾ ਹੈ। ਹੋਰ ਸਮਝਣ ਲਈ ਇਸ ਤਰ੍ਹਾਂ ਹੈ ਕਿ ਵਾਹਿਗੁਰੂ ਚੇਤਨ ਸਰੂਪ ਰੂਪ, ਰੰਗ, ਰੇਖ, ਭੇਖ ਤੋਂ ਨਿਆਰਾ, ਨਿਰਾ ਪਿਆਰ, ਗਿਆਨ ਅਤੇ ਦਇਆਲੂ ਹਨ। ਉਹ ਹਰ ਜੀਵ ਨਾਲ ਹਰ ਸਮੇਂ ਰਹਿੰਦੇ ਹਨ ਕਿਉਂਕਿ ਉਹ ਅਖੰਡ ਜੋਤੀ ਹਨ, ਹਰ ਥਾਂ ਪਰੀਪੂਰਨ ਹਨ। ਮਾਇਆ ਕਾਰਨ ਜੀਵ ਪਾਰਬ੍ਰਹਮ ਪ੍ਰਮੇਸ਼ਰ ਨੂੰ ਐਉਂ ਭੁੱਲ ਜਾਂਦਾ ਹੈ ਜਿਵੇਂ ਉਹ ਹੁੰਦੇ ਹੀ ਨਹੀਂ। ਇਸ ਮਾਇਆ ਦੇ ਨਸ਼ੇ ਵਿਚ ਮਨ ਨਸ਼ਈ ਹੋ ਕੇ ਭੁੱਲ ਕੇ ਇਸ ਸਰੀਰ ਦੇ ਪਹਿਰੇਦਾਰਾਂ ਨੂੰ ਭੁਲਾ ਦਿੰਦਾ ਹੈ। ਇਹ ਸਾਰੇ ਮਾਇਆ ਨੇ ਸੁਲਾ ਦਿਤੇ, ਹੁਣ ਭੁਲਿਆ ਹੋਇਆ ਮਦਹੋਸ਼ ਮਨ ਆਪ ਪਹਿਰੇਦਾਰ ਬਣ ਗਿਆ। ਮਹਾਰਾਜ ਫੁਰਮਾਨ ਕਰਦੇ ਨੇ -

***ਪੰਚ ਪਹਰੂਆ ਦਰ ਮਹਿ ਰਹਤੇ***
***ਤਿਨ ਕਾ ਨਹੀ ਪਤੀਆਰਾ।। ਪੰਨਾ - 339***

ਤੇ ਹੁਣ ਇਨ੍ਹਾਂ ਦਾ ਇਤਬਾਰ ਕੋਈ ਨਹੀਂ, ਇਹ ਬਾਹਰ ਹੀ ਬਾਹਰ ਦੇਖਦੇ ਨੇ, ਅੰਦਰ ਨੂੰ ਨਹੀਂ ਜਾਂਦੇ, ਅੰਮ੍ਰਿਤ ਤਕ ਨਹੀਂ ਪਹੁੰਚਦੇ। ਸੋ ਅੰਮ੍ਰਿਤ ਆਦਮੀ ਦੇ ਅੰਦਰ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ।।***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ - 293***

ਐਨਾ ਅਨੰਦ ਹੈ, ਮਹਾਰਾਜ ਕਹਿੰਦੇ, ਦੱਸਿਆ ਨਹੀਂ ਜਾ ਸਕਦਾ।

***ਕਹੁ ਕਬੀਰ ਗੂੰਗੈ ਗੁੜੁ ਖਾਇਆ***
***ਪੂਛੇ ਤੇ ਕਿਆ ਕਹੀਐ॥ ਪੰਨਾ - 334***

ਕੀ ਦੱਸ ਦੇਵੇਗਾ ਗੂੰਗਾ! ਕਿਉਂਕਿ ਉਹਦੇ ਕੋਲ ਬੋਲੀ ਬੋਲਣ ਲਈ ਨਾ ਹੀ ਸ਼ਬਦ ਹਨ, ਨਾ ਹੀ ਸਮਰੱਥਾ ਹੈ, ਇਸ ਕਰਕੇ ਦਸ ਨਹੀਂ ਸਕਦਾ, expression (ਪ੍ਰਗਟਾਵਾ) ਨਹੀਂ ਹੈ।

ਇਸ ਤਰ੍ਹਾਂ ਦੇ ਨਾਲ ਉਹ ਅੰਮ੍ਰਿਤ ਜੋ ਅੰਦਰ ਹੈ, ਉਹਦੇ ਤਕ ਇਹ ਪੰਜ ਚੋਰ, ਪੰਜ ਵਿਸ਼ੇ, ਪੰਜ ਹੰਕਾਰ ਪਹੁੰਚਣ ਨਹੀਂ ਦਿੰਦੇ ਅਰ ਵੱਡੇ ਕਿੰਨੇ ਨੇ, ਸਖਤ ਕਿੰਨੇ ਨੇ। ਕੋਈ ਬੰਦਾ ਇਨ੍ਹਾਂ ਦਾ ਮੁਕਾਬਲਾ ਕਰਨ ਵਾਲਾ ਸੰਸਾਰ ਵਿਚ ਘਟ ਹੀ ਹੈ, ਕ੍ਰੋੜਾਂ 'ਚ ਇਕ ਹੈ ਜਿਹੜਾ ਇਨ੍ਹਾਂ ਨਾਲ ਮੁਕਾਬਲਾ ਕਰਕੇ ਫਤਹਿ ਕਰ ਲੈਂਦਾ ਹੈ, ਬਾਕੀਆਂ ਨੂੰ ਤਾਂ ਇਹ ਸੁੱਟਦੇ ਹੀ ਚਲੇ ਜਾਂਦੇ ਨੇ। ਕਿਸੇ ਨੂੰ ਮਾਣ ਸੁੱਟ ਦਿੰਦਾ ਹੈ, ਕਿਸੇ ਨੂੰ ਲੋਭ ਸੁੱਟ ਦਿੰਦਾ ਹੈ, ਕਿਸੇ ਨੂੰ ਕ੍ਰੋਧ ਸੁੱਟ ਦਿੰਦਾ ਹੈ, ਕਿਸੇ ਨੂੰ ਕਾਮ ਸੁਟਦਾ ਹੈ, ਕਿਸੇ ਨੂੰ ਮੋਹ ਸੁੱਟਦਾ ਹੈ। ਕਿਸੇ ਤੇ ਪੰਜੇ ਇਕੱਠੇ ਹੋ ਕੇ ਹਮਲਾ ਕਰਦੇ ਨੇ। ਮਨ ਦੀ ਇਨ੍ਹਾਂ ਨਾਲ ਸੰਮਤੀ ਹੋ ਗਈ। ਕਿੰਨਿਆਂ ਦੀ ਸੰਮਤੀ ਹੋ ਗਈ - ਜਿਹੜੇ ਪਹਿਰੇਦਾਰ (ਗਿਆਨ ਇੰਦ੍ਰੇ) ਸਨ ਉਹ ਇਹਦੇ ਨਾਲ ਮਿਲ ਗਏ। ਹੁਣ ਦੱਸੋ, ਰਾਖਾ ਕੌਣ ਹੋਊ? ਮਹਾਰਾਜ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਤੂੰ ਮੇਰਾ ਪਿਤਾ ਹੈਂ, ਤੂੰ ਮੇਰੀ ਰਾਖੀ ਕਰ। ***'ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥' (ਪੰਨਾ - 205)*** ਮੈਂ ਤਾਂ ਬਿਲਕੁਲ ਖਾਲੀ ਹਾਂ, ਮੇਰੇ ਵਿਚ ਕੋਈ ਗੁਣ ਨਹੀਂ, ਸਾਰੇ ਗੁਣ ਤੇਰੇ ਨੇ - ਮੈਨੂੰ ਬਚਾਅ ਇਨ੍ਹਾਂ ਤੋਂ - ***'ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ।' (ਪੰਨਾ - 205)*** ਮੈਂ ਇਕ ਗਰੀਬ ਹਾਂ, ਪਾਤਸ਼ਾਹ! ਮੇਰਾ ਹੱਥ ਨਹੀਂ ਕਿਤੇ ਪੈਂਦਾ; ਮੈਨੂੰ ਕੋਈ ਰੱਖਣਵਾਲਾ ਨਹੀਂ ਹੈ। ਤੁਸੀਂ ਦੱਸ ਦਿਓ ਕਿਉਂਕਿ ਇਹ ਮੈਨੂੰ ਬਹੁਤ ਸਤਾਉਂਦੇ ਨੇ, ਬਹੁਤ ਦੁਖੀ ਕਰਦੇ ਨੇ, torture (ਤਸੀਹੇ) ਕਰਦੇ ਨੇ ***'ਖੇਦੁ ਕਰਹਿ ਅਰੁ ਬਹੁਤ ਸੰਤਾਵਹਿ।'*** ਮੈਨੂੰ ਹੁਣ ਕੋਈ ਰਸਤਾ ਨਹੀਂ ਲੱਭ ਰਿਹਾ, ਮੈਂ ਹੁਣ ਤੇਰੀ ਸ਼ਰਨ ਵਿਚ ਆ ਗਿਆ। ਬੜਾ ਕੁਝ ਕਰਿਆ ਹੈ ਮੈਂ।

ਕਹਿੰਦੇ, "ਕੀ ਕਰਿਐ?"

"ਮਹਾਰਾਜ! ਤੀਰਥ ਯਾਤਰਾ ਵੀ ਕਰੀ, ਵੇਦ ਪਾਠ ਵੀ ਸੁਣੇ, ਨਿਤਨੇਮ ਵੀ ਕਰੇ, ਇਸ਼ਨਾਨ ਵੀ ਕਰੇ, ਦਾਨ ਵੀ ਕਰੇ, ਤਪ ਵੀ ਕਰੇ; ਹੋਰ ਵੀ ਜਿੰਨੇ ਨੇਕ ਕੰਮ ਸੀ ਸਭ ਕਰੇ ਤੇ ਮੈਂ ਹਾਰ ਗਿਆ। ਉਨ੍ਹਾਂ ਦੇ ਕਰਨ ਨਾਲ ਇਹ ਦੋਖੀ ਨੱਠਦੇ ਨਹੀਂ, ਵਧਦੇ ਨੇ। ਉਨ੍ਹਾਂ ਦੇ ਨਾਲ 'ਮੈਂ' ਚਲਦੀ ਹੈ - ਮੈਂ ਪ੍ਰਚਾਰਕ ਹਾਂ, ਮੈਂ ਦਾਨ ਕਰਦਾ ਹਾਂ, ਮੈਂ ਸੇਵਾ ਕਰਦਾ ਹਾਂ। ਮੈਂ ਵੱਡੇ-ਵੱਡੇ ਕੰਮ ਕਰੇ ਨੇ - ਇਨ੍ਹਾਂ ਤੋਂ ਬਚਣ ਵਾਸਤੇ। ਮਹਾਰਾਜ! ਉਨ੍ਹਾਂ ਨੇ ਤਾਂ ਮੈਨੂੰ ਹੋਰ ਉਲਝਾ ਦਿਤਾ। ***'ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ' (ਪੰਨਾ - 206)*** ਕਿਸੇ ਤਰੀਕੇ ਨਾਲ ਨਹੀਂ ਛੱਡਦੇ।"

ਮਹਾਰਾਜ ਕਹਿੰਦੇ, "ਫੇਰ।"

"ਸੱਚੇ ਪਾਤਸ਼ਾਹ! ਮੈਂ ਸਤਿਸੰਗ ਵਿਚ ਜਾ ਕੇ ਇਕ ਗੱਲ ਸੁਣੀ ਹੈ ਕਿ ਪੂਰਾ ਸਤਿਗੁਰੂ, ਪੂਰਾ ਮਹਾਤਮਾ ਮਿਲ ਜਾਵੇ, ਉਨ੍ਹਾਂ ਦੇ ਕੋਲ ਮੰਤਰ ਹੁੰਦਾ ਹੈ। ਜੇ ਉਹ ਮੰਤਰ ਦੇ ਦੇਣ, ਫੇਰ ਇਹ ਨੱਠ ਜਾਂਦੇ ਨੇ, ਡਰਦੇ ਨੇੜੇ ਨਹੀਂ ਆਉਂਦੇ।" ***'ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ॥' (ਪੰਨਾ - 206)।***

ਮੈਂ ਸੁਣਿਆ ਹੈ ਕਿ ਜੇ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਵੇ ਤੇ ਉਨ੍ਹਾਂ ਦੀ ਓਟ ਲੈ ਲਵੇ ਤਾਂ ਫੇਰ ਇਹ ਤਾਣ ਹੀਣੇ ਹੋ ਜਾਂਦੇ ਨੇ, ਇਨ੍ਹਾਂ ਦਾ ਫੇਰ ਦਾਓ ਨਹੀਂ ਲਗਦਾ ਤੇ ਮੈਂ ਅਰਦਾਸਾਂ ਕਰ ਰਿਹਾ ਹਾਂ ਕਿ ਹੇ ਪ੍ਰਭੂ! ਜੇ ਤੂੰ ਮੇਰੇ ਕਿਸੇ ਵੀ ਕਰਮ ਦੇ ਉਤੇ ਪ੍ਰਸੰਨ ਹੁੰਦਾ ਹੈਂ, ਕੋਈ ਸੇਵਾ, ਗਰੀਬ ਦੀ ਮਦਦ ਕੀਤੀ ਹੋਈ, ਕੋਈ ਦਾਨ ਕੀਤਾ ਹੋਇਆ, ਕੋਈ ਹੋਰ ਨੇਕੀਆਂ ਕੀਤੀਆਂ ਹੋਈਆਂ, ਕੋਈ ਦਇਆ ਕੀਤੀ ਹੋਈ, ਕੋਈ ਖਿਮਾ ਕੀਤੀ ਹੋਈ; ਪਾਤਸ਼ਾਹ! ਜੇ ਤੈਨੂੰ ਕੋਈ ਚੀਜ਼ ਰਿਝਾਉਂਦੀ ਹੈ, ਮੈਂ ਸੁਣਿਆ ਹੈ ਕਿ ਤੈਨੂੰ ਦਇਆ ਰਿਝਾਉਂਦੀ ਹੈ। ਸੱਚੇ ਪਾਤਸ਼ਾਹ! ਮੇਰੇ ਤੇ ਕ੍ਰਿਪਾ ਕਰੋ। ਉਹ ਕ੍ਰਿਪਾ ਇਹ ਕਰੋ ਕਿ ਮੈਨੂੰ ਮਹਾਂਪੁਰਸ਼ਾਂ ਦੀ ਸੰਗਤ ਦੇ ਦਿਉ, ਮੈਂ ਦੁਨੀਆਂ ਨਹੀਂ ਮੰਗਦਾ, ਮੈਂ ਬਿਮਾਰੀਆਂ ਨਹੀਂ ਮਿਟਵਾਉਂਦਾ, ਮੁਕਦੱਮੇ ਜਿੱਤਣ ਦੀ ਬਾਤ ਨਹੀਂ ਕਰਦਾ, ਨੌਕਰੀਆਂ ਨਹੀਂ ਭਾਲਦਾ; ਪਾਤਸ਼ਾਹ! ਇਕ ਕ੍ਰਿਪਾ ਕਰ, ਮੈਨੂੰ ਮਹਾਂਪੁਰਸ਼ਾਂ ਦੀ ਸੰਗਤ ਬਖਸ਼ ਦੇ। ਤੇ ਆਪ ਨੇ ਕ੍ਰਿਪਾ ਕਰ ਦਿਤੀ ਤੇ ਫੇਰ ਮੈਨੂੰ ਧੀਰਜ ਹੋਇਆ ਕਿ ਹੁਣ ਮੈਂ ਬਚ ਜਾਵਾਂਗਾ। ਹੁਣ ਨਹੀਂ ਮੈਨੂੰ ਇਹ ਪੰਜ ਚੋਰ ਕੁਝ ਕਹਿ ਸਕਣਗੇ ਕਿਉਂਕਿ ਮੈਂ ਵੱਡੇ ਦੀ ਸ਼ਰਨ ਵਿਚ ਆ ਗਿਆ ਹਾਂ। ਜਿਥੇ ਇਨ੍ਹਾਂ ਦੀ ਪਹੁੰਚ ਨਹੀਂ ਹੈ, ਇਹ ਨੇੜੇ ਨਹੀਂ ਆ ਸਕਦੇ।

***ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥***
***ਪੰਨਾ - 206***

ਮਹਾਂਪੁਰਸ਼ਾਂ ਨੂੰ ਅਰਜ਼ ਕੀਤੀ ਤੇ ਉਨਾਂ ਨੇ ਮੈਨੂੰ ਇਕ ਮੰਤਰ ਦੇ ਦਿਤਾ, ਉਹ ਵੀ ਬੜੀ ਦੇਰ ਬਾਅਦ ਦਿਤਾ। ਪਹਿਲਾਂ ਮੇਰੇ ਤੋਂ ਕਿਰਿਆ ਕਰਾਈ, ਨਾਮ ਮੰਤਰ, ਗੁਰਮੰਤਰ ਦਾ ਜਾਪ ਕਰਾਇਆ, ਮੇਰੀ ਹਉਮੈ ਨੂੰ ਤੋੜਨ ਦੇ ਹੋਰ ਯਤਨ ਕੀਤੇ। ਲੋਭ ਨੂੰ ਦੂਰ ਕਰਨ ਦੇ ਯਤਨ ਕੀਤੇ, ਕ੍ਰੋਧ ਨੂੰ ਦੂਰ ਕਰਨ ਦੇ ਯਤਨ ਕੀਤੇ। ਪਾਤਸ਼ਾਹ! ਉਨ੍ਹਾਂ ਨੇ ਮੈਨੂੰ ਦੇਖ ਕੇ ਕਿ ਇਹ ਪੂਰਾ ਹੈ ਤੇ ਮੰਤਰ ਸਾਂਭ ਲਏਗਾ; ਸ਼ੇਰਨੀ ਦਾ ਦੁੱਧ ਜਿਸ ਤਰ੍ਹਾਂ ਸੋਨੇ ਦੇ ਬਰਤਨ 'ਚ ਰਹਿ ਸਕਦਾ ਹੈ, ਬਾਕੀ ਸਾਰੇ ਬਰਤਨਾਂ 'ਚ ਗਲੀਆਂ ਕਰ ਦਿੰਦਾ ਹੈ, ਚਾਹੇ ਫੌਲਾਦ 'ਚ ਪਾ ਲਓ, ਸਟੀਲ 'ਚ ਪਾ ਲਓ, ਹਰ ਬਰਤਨ 'ਚ ਗਲੀਆਂ ਕਰ ਦੇਵੇਗਾ ਕਿਉਂਕਿ ਉਹਦੇ ਵਿਚ ਬਹੁਤ ਤੇਜ਼ ਤੇਜ਼ਾਬ ਹੁੰਦਾ ਹੈ। ਇਸੇ ਤਰ੍ਹਾਂ ਪਰਖੇ ਹੋਏ ਤੋਂ ਬਿਨਾਂ ਜਿਹੜਾ ਗੁਰੂ ਦਾ ਮੰਤਰ ਹੈ ਉਹ ਰਿਹਾ ਨਹੀਂ ਕਰਦਾ, ਗੁਰੂ ਦਾ ਸ਼ਬਦ ਟਿਕਿਆ ਨਹੀਂ ਕਰਦਾ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬੜਾ ਜ਼ਿਕਰ ਆਉਂਦਾ ਹੈ ਲੇਕਿਨ ਬਹੁਤ ਵਿਰਲੇ ਬੰਦੇ ਨੇ ਜਿਨ੍ਹਾਂ ਨੂੰ ਇਹ ਸਮਝ ਪਈ ਹੈ ਕਿ ਇਹ ਗੁਰੂ ਦਾ ਸ਼ਬਦ ਕੀ ਹੋਇਆ। ਬੜਾ confusion (ਧੁੰਦਲਾਪਨ) ਹੈ। ਕੋਈ ਸ਼ਬਦ ਕਿਸੇ ਚੀਜ਼ ਨੂੰ ਕਹਿੰਦਾ ਹੈ, ਕੋਈ ਕਿਸੇ ਨੂੰ; ਇਹ ਗੁਰੂ ਦਾ ਸ਼ਬਦ ਕੀ ਹੋਇਆ? ਉਹ ਮੰਤਰ ਕਿਹੜਾ ਹੋਇਆ ਜਿਹੜਾ ਗੁਪਤ ਰੱਖਿਆ ਹੋਇਆ ਹੈ? ਦਸਵੇਂ ਦੁਆਰ ਦਾ ਬੜੀ ਮੁਸ਼ਕਲ ਨਾਲ ਮਹਾਤਮਾ ਕਿਸੇ ਕਿਸੇ ਨੂੰ ਕ੍ਰਿਪਾ ਕਰਨ, ਕਿਸੇ ਕਿਸੇ ਨੂੰ ਤੁਠ ਕੇ ਦੱਸ ਦੇਣ ਤਾਂ ਦਸ ਦੇਣ, ਨਹੀਂ ਨਾਲ ਹੀ ਲੈ ਜਾਂਦੇ ਨੇ। ਜੇ ਪੁਛੋ ਕਿ ਮਹਾਰਾਜ! ਮੰਤਰ ਦੱਸਿਐ ਕਿਸੇ ਨੂੰ? ਕਹਿੰਦੇ ਅਧਿਕਾਰੀ ਨਹੀਂ ਕੋਈ ਮਿਲਿਆ। ਸੋ ਉਹ ਮੰਤਰ ਮੈਨੂੰ ਸੰਤਾਂ ਨੇ ਦੇ ਦਿਤਾ -

***ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥***
***ਪੰਨਾ - 206***

ਜਿਹੜਾ ਕਿਸੇ ਤੋਂ ਡਰਦਾ ਨਹੀਂ, ਪ੍ਰਮੇਸ਼ਰ ਦਾ ਮੰਤਰ ਮੈਨੂੰ ਦੇ ਦਿਤਾ। ਫੇਰ ਮੈਂ ਜਿਹੜਾ ਗੁਰੂ ਦਾ ਸ਼ਬਦ ਮੈਨੂੰ ਦਿਤਾ ਸੀ, ਪਹਿਲਾਂ ਤਾਂ ਮੈਂ ਸੁਣਿਆ, ਫੇਰ ਮੰਨਿਆ, ਫੇਰ ਮੈਂ ਉਸ ਦੀ ਕਮਾਈ ਕੀਤੀ। ਜਦ ਮੈਂ ਉਸ ਨੂੰ ਪ੍ਰਤੱਖ ਦੇਖ ਲਿਆ, ਮੇਰੇ ਭਰਮਾਂ ਦਾ ਨਾਸ਼ ਹੋ ਗਿਆ। ਪ੍ਰਤੱਖ ਦੇਖੇ ਹੋਏ ਦੀ ਫੇਰ ਮੈਂ ਕਮਾਈ ਕਰੀ। ਮਹਾਰਾਜ! ਕਮਾਈ ਕਰਨ ਨਾਲ ਕੀ ਹੋਇਆ-

***ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥***
***ਪੰਨਾ - 206***

ਹੁਣ ਸਹਿਜ ਵਿਚ ਆ ਗਿਆ ਤੇ ਬਾਣੀ ਸੁਹੇਲੀ ਹੋ ਗਈ, ਹੁਣ 'ਹਾਇ ਪੁਕਾਰ' ਨਹੀਂ ਅਸੀਂ ਕਰਦੇ -

***ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥***
***ਪੰਨਾ - 206***

ਸਾਡੇ ਬੁਲ੍ਹ ਅੰਮ੍ਰਿਤ ਦੇ ਪਿਆਲੇ ਨਾਲ ਲਗ ਗਏ; ਲਗਦੇ ਸਾਰ ਸਾਡੇ ਬਜਰ ਕਪਾਟ ਖੁਲ੍ਹ ਗਏ, ਅਗਿਆਨ ਦਾ ਨਾਸ਼ ਹੋ ਗਿਆ, ਅੰਦਰ ਪ੍ਰਕਾਸ਼ ਹੋ ਗਿਆ।

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਪੰਨਾ - 954***

ਨਜ਼ਰ ਆ ਗਿਆ -

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ।।***
***ਪੰਨਾ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥***
***ਪੰਨਾ - 947***

ਇਹ ਕੇਵਲ ਬੁੱਧੀ ਨਾਲ ਨਹੀਂ ਮੰਨਿਆ, ਪ੍ਰਤੱਖ ਨੇਤਰਾਂ ਦੇ ਵਿਚ ਨਜ਼ਰ ਆ ਗਿਆ। ਹੁਣ ਬੋਲਦਾ ਨਹੀਂ ਹੈ, ਕਿਉਂਕਿ ਪੜਦਾ ਲਹਿ ਗਿਆ। ਸੱਪ ਦਾ ਭਰਮ ਓਨਾਂ ਚਿਰ ਸੀ ਜਿੰਨਾਂ ਚਿਰ ਹਨ੍ਹੇਰਾ ਸੀ; ਜਦੋਂ ਹਨ੍ਹੇਰਾ ਜਾਂਦਾ ਰਿਹਾ ਤੇ ਭਰਮ ਟੁੱਟ ਗਿਆ, ਪਤਾ ਲਗ ਗਿਆ ਕਿ ਰੱਸੀ ਪਈ ਹੈ ਜਾਂ ਰਬੜ ਦਾ ਸੱਪ ਬਣਾ ਕੇ ਕਿਸੇ ਨੇ ਰੱਖਿਆ ਹੋਇਆ ਸੀ। ਬੜਾ ਫਰਕ ਪੈਂਦੈ, ਚੰਗਾ ਭਲਾ ਬੰਦਾ ਡਰ ਜਾਂਦਾ ਹੈ। ਦਿਨੇ ਵੀ ਡਰ ਜਾਂਦਾ ਹੈ, ਮਾੜੀ-ਮਾੜੀ ਗੱਲ ਤੋਂ ਡਰੀ ਜਾਏਗਾ। ਅਮਰੀਕਾ ਜਾਓ, ਚਾਬੀਆਂ ਲਾ ਕੇ ਸੱਪ, ਜਾਨਵਰ ਤੋਰ ਦਿੰਦੇ ਨੇ, ਸਚਮੁੱਚ ਬੰਦਾ ਡਰ ਜਾਂਦਾ ਹੈ ਕਿਉਂਕਿ ਭੋਰਾ ਜਿੰਨਾ ਵੀ ਫਰਕ ਨਹੀਂ ਰੱਖਿਆ ਹੋਇਆ ਹੁੰਦਾ। ਬਾਅਦ ਵਿਚ ਪਤਾ ਲਗਦੈ ਕਿ ਇਹ ਤਾਂ ਚਾਬੀ ਨਾਲ ਚਲਦਾ ਹੈ, ਵਿਚ ਸੈਲ ਪਾਏ ਹੋਏ ਨੇ, ਅਸਲੀ ਨਹੀਂ ਹੈ, ਨਕਲੀ ਹੈ। ਇਹ ਜਿਹੜੀ ਦੁਨੀਆਂ ਹੈ ਇਹਦੇ ਵਿਚੀਂ ਦੇਖਣਾ ਐਨਾ ਸੁਖਾਲਾ ਨਹੀਂ ਹੈ, ਸਾਧਸੰਗਤ ਜੀ! ਬਹੁਤ ਔਖਾ ਹੈ, ਬਹੁਤ ਔਖਾ। ਦੇਖਦਾ ਤਾਂ ਸਾਰਾ ਹੀ ਸੰਸਾਰ ਹੈ ਪਰ ਕਿੰਨਾ ਕੁ ਸਮਾਂ ਲਗਦਾ ਹੈ। ਕਹਿੰਦੇ ਇਹਦਾ ਕੋਈ ਨੇਮ ਨਹੀਂ ਹੈ, ਚਾਹੇ ਹਜ਼ਾਰਾਂ ਜਨਮ ਲਗ ਜਾਣ, ਚਾਹੇ ਲੱਖ ਲਗ ਜਾਵੇ, ਚਾਹੇ ਕਿਸੇ ਭਾਗਾਂ ਵਾਲੇ ਨੂੰ ਇਕ ਜਨਮ 'ਚ ਹੀ ਦਿਖਾ ਦੇਵੇ। ਫੇਰ ਸਾਰੇ ਪ੍ਰਕਾਸ਼ ਹੋ ਜਾਂਦਾ ਹੈ, ਹਨ੍ਹੇਰਾ ਮਿਟ ਜਾਂਦਾ ਹੈ ਤੇ ਉਹ ਅਵਸਥਾ ਕੀ ਹੁੰਦੀ ਹੈ – ***'ਪਾਇਆ ਪਦੁ ਨਿਰਬਾਣੀ' (ਪੰਨਾ 206)।*** ਨਿਰਬਾਣ ਪਦ – ਜਿਹੜਾ ਨਿਰੰਕਾਰ ਦੀ ਹਜ਼ੂਰੀ ਦੇ ਅੰਦਰ ਹਰ ਵਕਤ ਰਹਿਣਾ, ਉਹ ਅਵਸਥਾ ਪ੍ਰਾਪਤ ਹੋ ਗਈ। ਸੋ ਉਹ ਭਾਗਾਂ ਵਾਲੇ ਨੂੰ ਹੁੰਦੀ ਹੈ ਜਿਸ ਨੂੰ ਪੂਰਾ ਗੁਰੂ ਮਿਲ ਜਾਵੇ ਤੇ ਉਹਦੇ ਸ਼ਬਦ ਦੇ ਉਤੇ ਨਿਸ਼ਚਾ ਹੋ ਜਾਵੇ; ਫੇਰ ਉਹ ਸ਼ਬਦ ਨੂੰ ਸੁਣ ਲਵੇ, ਫੇਰ ਉਸ ਨੂੰ ਕਮਾ ਲਵੇ। ਪਹਿਲਾਂ ਮੰਨੇ, ਫੇਰ ਕਮਾਵੇ, ਫੇਰ ਉਹ ਸ਼ਬਦ ਪ੍ਰਗਟ ਹੋਇਆ ਕਰਦਾ ਹੈ। ਸੋ ਫੇਰ ਇਨ੍ਹਾਂ ਪੰਜਾਂ ਚੋਰਾਂ ਦਾ ਵਸ ਨਹੀਂ ਚਲਦਾ, ਇਹ ਡਰ ਕੇ ਬਹਿ ਜਾਂਦੇ ਨੇ। ਮਰਦੇ ਤਾਂ ਨਹੀਂ ਹਨ, ਰਹਿੰਦੇ ਤਾਂ ਜਿਉਂਦੇ ਹੀ ਨੇ ਪਰ ਆਗਿਆ ਵਿਚ ਹੋ ਜਾਂਦੇ ਨੇ। ਕੋਈ ਗਲਤ ਕੰਮ ਕਰਦਾ ਹੈ ਉਹ ਨੂੰ ਤਾੜਨਾ ਕਰਨੀ, ਉਥੇ ਕ੍ਰੋਧ ਆ ਕੇ ਦਰਸ਼ਨ ਦਿੰਦਾ ਹੈ ਕਿ ਮਹਾਰਾਜ! ਮੈਂ ਹੁਣ ਤਮੋ ਗੁਣੀ ਨਹੀਂ ਹਾਂ, ਮੇਰਾ ਸੁਭਾਉ ਬਦਲ ਗਿਆ। ਤੁਸੀਂ ਨਾ ਤਾੜਿਆ ਤਾਂ ਗੱਲ ਨਹੀਂ ਬਣਨੀ। ਬੰਦਗੀ ਕਰਨੀ ਹੈ, ਨਾਮ ਜਪਣਾ ਹੈ, ਲੋਭ ਆ ਜਾਂਦਾ ਹੈ ਕਿ ਨਾਮ ਦਾ ਧਨ ਇਕੱਠਾ ਕਰ ਲਓ, ਮੇਰਾ ਫਾਇਦਾ ਉਠਾਓ। ਨਾਮ ਦਾ ਧਨ ਐਨਾ ਇਕੱਠਾ ਕਰ ਲਓ ਕਿ ਕੋਈ ਸੁਆਸ ਖਾਲੀ ਨਾ ਜਾਵੇ। ਫੇਰ ਇਹ ਕੰਮ ਕਰਨੇ ਸ਼ੁਰੂ ਕਰ ਦਿੰਦਾ ਹੈ। ਮੋਹ ਦੀ ਥਾਂ ਤੇ ਪਿਆਰ ਆ ਜਾਂਦਾ ਹੈ। ਸਾਰੇ ਸੰਸਾਰ ਨੂੰ ਪਿਆਰ ਕਰੋ, ਵਾਹਿਗੁਰੂ ਨੂੰ ਪਿਆਰ ਕਰੋ। ਵਾਹਿਗੁਰੂ ਨਾਲ ਪਿਆਰ ਕਰੋਗੇ, ਸੰਸਾਰ ਨਾਲ ਆਪੇ ਹੀ ਪਿਆਰ ਹੋ ਜਾਂਦਾ ਹੈ। ਅਭਿਮਾਨ ਦੀ ਥਾਂ ਉਹ ਨਿਰਮਲ ਪਵਿਤਰਤਾ ਆ ਜਾਂਦੀ ਹੈ ਕਿ ਫੇਰ ਉਹ ਕਿਸੇ ਦੀ ਮਹੁਥਾਜੀ ਨਹੀਂ ਝੱਲਦਾ।

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ।।***

***ਪੰਨਾ – 1373***

ਹਉਮੈ ਤੋਂ ਰਹਿਤ ਸ੍ਵੈ-ਮਾਨ ਆ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਕਾਮ ਦੀ ਥਾਂ ਤੇ ਪਿਆਰ ਆ ਜਾਂਦਾ ਹੈ। ਪ੍ਰਮੇਸ਼ਰ ਦੇ ਨਾਲ ਪਿਆਰ ਆ ਜਾਂਦਾ ਹੈ, ਝੁਣਝੁਣੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ, ਚੀਜ਼ ਬਦਲ ਜਾਂਦੀ ਹੈ, ਦਿਬਜ ਰੂਪ ਦਿਖਾ ਦਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਇਹ ਸਾਰੀ ਚੀਜ਼ ਹੈ ਜੇ ਪੂਰੇ ਸਤਿਗੁਰੂ ਦਾ ਮਿਲਾਪ ਹੋ ਜਾਵੇ।

ਪਿਛਲੀ ਵਾਰੀ ਆਪਾਂ ਵਿਚਾਰ ਕਰਦੇ ਸੀ ਕਿ ਭਾਈ ਮਨਸੁਖ ਜੀ ਲੰਕਾ (ਸੰਗਲਾਦੀਪ) ਦੇ ਅੰਦਰ ਗਏ ਹੋਏ ਨੇ ਤੇ ਉਨ੍ਹਾਂ ਨੇ ਇਕਾਦਸ਼ੀ ਦਾ ਵਰਤ ਨਾ ਰੱਖਿਆ। ਬੜਾ ਸਖਤ ਹੁਕਮ ਸੀ ਰਾਜੇ ਸ਼ਿਵਨਾਭ ਦਾ। ਹਰ ਕਿਸੇ ਨੂੰ ਖਾਸ ਦੱਸੀ ਹੋਈ ਵਿਧੀ ਦੇ ਮੁਤਾਬਿਕ ਵਰਤ ਰਖਣਾ ਪੈਂਦਾ ਸੀ ਪਰ ਮਨਸੁਖ ਜੀ ਨੂੰ ਵਰਤ ਨਾ ਰੱਖਣ ਕਰਕੇ, ਕਾਰਣ ਪੁੱਛਣ ਲਈ ਕਿ ਵਰਤ ਕਿਉਂ ਨਹੀਂ ਰੱਖਿਆ, ਕਿਉਂ ਅੱਗ ਜਲਾਈ ਗਈ, ਰਾਜ ਦਰਬਾਰ ਵਿਚ ਬੁਲਾਇਆ ਗਿਆ ਕਿ ਤੁਸੀਂ ਹੁਕਮ ਦੀ ਉਲੰਘਣਾ ਕਿਉਂ ਕੀਤੀ? ਆਪ ਨੇ ਕਿਹਾ, "ਰਾਜਨ! ਮੈਨੂੰ ਪੂਰਾ ਗੁਰੂ ਮਿਲ ਗਿਆ, ਉਸ ਨੇ ਮੇਰੇ ਨੇਤਰ ਖੋਲ੍ਹ ਦਿਤੇ ਤੇ ਮੈਂ ਉਹ ਪਦ ਪ੍ਰਾਪਤ ਕਰ ਲਿਆ ਜਿਥੇ ਜਾ ਕੇ ਇਹ ਚੀਜ਼ਾਂ valueless, worthless (ਫਜ਼ੂਲ) ਹੋ ਜਾਂਦੀਆਂ ਹਨ ਤੇ ਇਨ੍ਹਾਂ ਦਾ ਕੋਈ ਮੁੱਲ ਨਹੀਂ ਹੈ। ਮੇਰੇ ਨੇਤਰ ਖੋਲ੍ਹ ਦਿਤੇ; ਹੁਣ ਮੈਨੂੰ ਹਰ ਘਟ ਦੇ ਅੰਦਰ ਉਸ ਤੋਂ ਬਗੈਰ ਕੋਈ ਹੋਰ ਨਜ਼ਰ ਨਹੀਂ ਆਉਂਦਾ। ਕੋਈ ਬੰਦਾ ਪਹਿਲਾਂ ਕਿਸੇ ਗੱਡੇ ਤੇ ਬਹਿ ਗਿਆ, ਫੇਰ ਸਾਈਕਲ ਜੋ ਉਸ ਤੋਂ ਤੇਜ਼ ਚਲਦਾ ਹੈ ਉਸ ਤੇ ਬਹਿ ਗਿਆ। ਉਸ ਤੋਂ ਅੱਗੇ ਫੇਰ ਬਸ ਤੇਜ਼ ਚਲਦੀ ਹੈ, ਇਸ ਤਰ੍ਹਾਂ ਫੇਰ ਕਾਰ ਤੇ ਬਹਿ ਗਿਆ, ਫੇਰ ਹਵਾਈ ਜਹਾਜ਼ ਤੇ ਬਹਿ ਗਿਆ, ਫੇਰ ਮੰਜ਼ਲ-ਏ-ਮਕਸੂਦ ਤੇ ਪਹੁੰਚ ਗਿਆ। ਫੇਰ ਦੱਸੋ ਉਹਨੂੰ ਗੱਡੇ ਤੇ ਬੈਠਣ ਦੀ ਲੋੜ ਹੈ ਜਿਹੜਾ ਤੇਜ਼ ਸਵਾਰੀ ਨਾਲ ਜਲਦੀ ਪਹੁੰਚ ਗਿਆ। ਬੜੇ ਵਿਸਥਾਰ ਦੇ ਨਾਲ ਆਪ ਨੇ ਸਮਝਾਉਣਾ ਕੀਤਾ ਤੇ ਕਹਿਣ ਲੱਗੇ ਰਾਜਨ! ਜਦ ਤਕ ਪੂਰਾ ਸਤਿਗੁਰੂ ਨਹੀਂ ਮਿਲਦਾ, ਓਨੀ ਦੇਰ ਤਕ ਇਹ ਰਸਤਾ ਪ੍ਰਾਪਤ ਨਹੀਂ ਹੋਇਆ ਕਰਦਾ ਤੇ ਉਹ ਜੋ ਗੁਰੂ ਹੈ ਉਹਦੇ ਉਤੇ ਪੂਰਾ ਨਿਸ਼ਚਾ ਕਰਨਾ ਪੈਂਦਾ ਹੈ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ।।***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥***

***ਪੰਨਾ – 442***

ਐਸਾ ਪੁਰਖ ਆਮ ਨਹੀਂ ਹੁੰਦਾ। ਇਕ ਥਾਂ ਦੇ ਉਤੇ ਗੁਰੂ ਮਹਾਰਾਜ ਜੀ ਨੇ ਦੱਸਿਆ ਹੈ ਕਿ ਕਰੋੜਾਂ 'ਚੋਂ ਇਕ ਦੋ ਹੀ ਹੁੰਦੇ ਹਨ। ਵਿਚਾਰ ਨਾਲ ਸੁਣਿਓ – ਇਸ ਗੱਲ ਨੂੰ। ਖਰਬ, ਸਾਰੇ ਹੀ ਜਾਣਦੇ ਨੇ ਖਰਬ ਕੀ ਹੁੰਦਾ ਹੈ, ਇਕਾਈ, ਦਹਾਈ, ਸੈਂਕੜਾ, ਹਜ਼ਾਰ, ਦਹ ਹਜ਼ਾਰ, ਲੱਖ, ਦਸ ਲੱਖ, ਕ੍ਰੋੜ, ਦਸ ਕ੍ਰੋੜ, ਅਰਬ, ਦਸ ਅਰਬ, ਖਰਬ। ਹੁਣ ਇਸ ਨੂੰ ਫੇਰ ਖਰਬ ਨਾਲ ਜ਼ਰਬ ਦੇ ਲਓ। ਉਸ ਰਕਮ ਨੂੰ ਫੇਰ 10 ਹਜ਼ਾਰ ਨਾਲ ਜ਼ਰਬ ਦੇ ਲਓ। ਦਸ ਹਜ਼ਾਰ ਖਰਬ ਖਰਬ 'ਚੋਂ ਸ੍ਰੇਸ਼ਟ ਗੁਰੂ ਇਕ ਹੁੰਦੈ। ਮਹਾਰਾਜ ਜੀ ਨੇ ਲਿਖਿਐ –

***ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥***

***ਪੰਨਾ – 1302***

ਵਿਚਾਰ ਕਰੋ, ਕਿੰਨੀ ਦੇਰ ਬਾਅਦ। ਆਬਾਦੀ ਗਿਣ ਕੇ ਦੇਖ ਲਓ, ਅਰਬਾਂ ਦੇ ਵਿਚ ਪਏ ਨੇ। ਹੁਣ ਤਾਂਈ ਗਿਣ ਲਓ ਕਿ ਐਨੇ ਬੰਦੇ ਆਏ ਨੇ, ਐਨੇ ਅਜੇ ਬਣੇ ਨਹੀਂ। ਇਹ ਜਿਹੜੇ ਹਿਸਾਬ ਕੱਢਦੇ ਨੇ ਇਹ ਦੋਹਾਂ ਪਾਸਿਆਂ ਨੂੰ ਗਿਣੀ ਜਾਂਦੇ ਨੇ, ਫਾਰਮੂਲਾ ਹੈ ਆਬਾਦੀ ਦਾ। ਪਿਛੇ ਨੂੰ ਘਟਾ ਕੇ ਦੇਖ ਲਓ। ਵੱਡਾ ਯੁੱਧ ਨਾ ਹੋਇਆ ਹੋਵੇ, ਬਿਮਾਰੀ ਨਾ ਆਈ ਹੋਵੇ, ਦੱਸ ਦੇਣਗੇ ਕਿ ਫਲਾਣੇ ਵੇਲੇ ਐਨੀ ਆਬਾਦੀ ਸੀ। ਸੂਦ ਦਰ ਸੂਦ ਜਿਹੜਾ ਹੁੰਦਾ ਹੈ, ਉਹ ਹੀ ਆਬਾਦੀ ਦੇ ਹਿਸਾਬ ਲਾਉਣ ਵਿਚ ਕੰਮ ਕਰਦਾ ਹੈ। ਪੰਜ ਹਜ਼ਾਰ ਸਾਲ ਪਿਛੇ ਨੂੰ ਲਈ ਜਾਓ, ਪਤਾ ਲੱਗ ਜਾਏਗਾ ਕਿ ਕਿੰਨੇ ਲੰਘ ਗਏ ਹੁਣ ਤਕ। ਓਸ ਤੋਂ ਵੀ ਪਹਿਲਾਂ ਲੈ ਜਾਓ, ਜਦੋਂ ਤੋਂ ਸੰਸਾਰ ਬਣਿਆ ਹੈ, ਗੁਰੂ ਪ੍ਰਮੇਸ਼ਰ ਇਕੋ ਹੀ ਵਾਰੀ ਆਇਐ ਸਾਰੇ ਸੰਸਾਰ ਵਿਚ, ਬਾਰ-ਬਾਰ ਨਹੀਂ ਆਇਆ। ਗੁਰੂ ਬਹੁਤ ਆਏ ਨੇ, ਗੁਰੂਆਂ ਦਾ ਕੋਈ ਅੰਤ ਨਹੀਂ। ਸਤਿਗੁਰੂ ਬਹੁਤ ਆਏ ਨੇ, ਇਨ੍ਹਾਂ ਦਾ ਕੋਈ ਹਿਸਾਬ ਕਿਤਾਬ ਨਹੀਂ। ਵਾਦ-ਵਿਵਾਦ 'ਚ ਨਹੀਂ ਪੈਣਾ ਚਾਹੀਦਾ ਕਿਉਂਕਿ ਸੰਸਾਰ ਖਾਲੀ ਨਹੀਂ ਰਹਿੰਦਾ। ਸੰਸਾਰ ਦੇ ਉਧਾਰ ਵਾਸਤੇ ਆਉਂਦੇ ਹੀ ਰਹਿੰਦੇ ਨੇ। ਜਦ ਤਕ ਸੰਸਾਰ ਨੇ ਰਹਿਣਾ ਹੈ, ਤਦ ਤਕ ਆਉਣੇ ਨੇ। ਲੇਕਿਨ ਗੁਰੂ ਪ੍ਰਮੇਸ਼ਰ ਨਹੀਂ ਆਇਆ। ਸਤਿਜੁਗ ਤੋਂ ਲੈ ਕੇ ਪਤਾ ਨਹੀਂ ਕਿੰਨੇ ਕਲਪਾਂ ਤੋਂ ਬਾਅਦ ਗੁਰੂ ਪ੍ਰਮੇਸ਼ਰ ਆਇਆ ਹੈ। ਕਹਿੰਦੇ ਨੇ - ***'ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ॥ (ਪੰਨਾ - 1302)'*** ਸੋ ਗੁਰ-ਪ੍ਰਮੇਸ਼ਰ ਦੇ ਸ਼ਬਦ ਦੇ ਨਾਲ ਸਾਧਸੰਗਤ ਜੀ! ਐਸੀ ਗੁਰੂ ਮਹਾਰਾਜ ਨੇ ਕ੍ਰਿਪਾ ਕਰ ਦਿਤੀ ਸਾਡੇ ਉਤੇ ਕਿ ਪਿਛਲੇ ਜਨਮਾਂ ਦਾ ਕੋਈ ਨੇਕ ਕੰਮ ਕੀਤਾ ਹੋਇਆ ਹੈ, ਪੁੰਨ ਕਰਮ ਕੀਤਾ ਹੋਇਆ ਹੈ ਕਿ ਸਾਨੂੰ ਗੁਰੂ ਦੇ ਨਾਲ ਜੋੜ ਦਿਤਾ, ਗੁਰੂ ਦੀ ਬਾਣੀ ਦੇ ਨਾਲ ਜੋੜ ਦਿਤਾ। ਗੁਰੂ ਵੀ ਉਹ ਜਿਹੜਾ ਗੁਰੂ ਪ੍ਰਮੇਸ਼ਰ ਹੈ। ਉਹਦੇ ਵਿਚ ਇਹ ਖੂਬੀਆਂ ਨੇ ਜਿਹੜੀਆਂ ਮਹਾਰਾਜ ਜੀ ਨੇ ਦੱਸੀਆਂ ਨੇ -

***ਧਾਰਨਾ - ਨਿਰਵੈਰ ਨਿਰਾਲਾ ਜੀ - 2***
***ਸਤਿਗੁਰ ਪੁਰਖ ਅਗੰਮ ਹੈ - 2, 2***
***ਨਿਰਵੈਰ ਨਿਰਾਲਾ ਜੀ,............2***

***ਸਤਿਗੁਰੁ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ॥***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਾਲਾ॥***
***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ॥***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ॥***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ।।***
***ਭਾਈ ਗੁਰਦਾਸ ਜੀ, ਵਾਰ 34/1***

ਐਸਾ ਸਤਿਗੁਰੂ। ਅਕਾਲ ਪੁਰਖ ਦੇ ਦਰ 'ਤੇ ਜਦ ਗੁਰੂ ਨਾਨਕ ਪਾਤਸ਼ਾਹ ਪਹੁੰਚੇ। ਬੜੇ ਚਿਰ ਤੋਂ ਖਿਆਲ ਚਲਦੇ ਨੇ, ਬੜੇ ਤਰ੍ਹਾਂ ਖਿਆਲ ਚਲਦੇ ਨੇ। ਕੋਈ ਕਹਿੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੇ ਕਬੀਰ ਸਾਹਿਬ ਗੁਰੂ ਸਨ। ਕਬੀਰ ਸਾਹਿਬ ਤਾਂ ਮਿਲੇ ਹੀ ਬਹੁਤ ਦੇਰ ਬਾਅਦ ਨੇ। ਅੱਜ ਦੇ ਜੋ ਲਿਖਾਰੀ ਨੇ ਉਹ ਕਹਿੰਦੇ ਨੇ ਦੋਹਾਂ ਦਾ ਮੇਲ ਹੋਇਆ ਹੀ ਨਹੀਂ। ਬਹੁਤ ਸਾਰੇ ਕਹਿੰਦੇ ਨੇ ਕਿ ਮੇਲ ਹੋਇਆ ਹੈ ਤੇ ਕਬੀਰ ਸਾਹਿਬ ਨੇ ਤਾਂ ਆਪ ਲਿਖਿਆ ਹੈ ਕਿ ਮੇਰਾ ਪੀਰ ਗੋਮਤੀ ਦੇ ਕਿਨਾਰੇ ਬੈਠੈ, ਮਹਾਰਾਜ ਦਾ ਓਥੇ ਆਸਣ ਸੀ, ਐਸੀ ਸੂੰਹ ਪੈਂਦੀ ਹੈ - ਗੋਮਤੀ ਦਰਿਆ ਤੇ। ਕਈ ਕਹਿੰਦੇ ਨੇ ਕਿ ਉਹ 'ਸੰਤ ਰੇਣ' ਸਨ ਕਿ ਜਦ ਸੱਚਾ ਸੌਦਾ ਕਰਨ ਗਏ ਉਹਨੇ ਨਾਮ ਦਿਤਾ। 'ਸੰਤ ਰੇਣ' ਨੂੰ ਪੁਛਿਆ ਕਿ ਤੁਸੀਂ ਐਨੀ ਛੇਤੀਂ ਇਸ ਬੱਚੇ ਨੂੰ ਕਿਉਂ ਤੋਰ ਦਿਤਾ? ਉਹ ਕਹਿਣ ਲੱਗੇ, "ਸਾਧੂਓ! ਮੈਂ ਉਸ ਦਾ ਤੇਜ਼ ਨਹੀਂ ਸਹਿ ਸਕਿਆ ਕਿਉਂਕਿ ਮੈਂ ਉਚੀ ਥਾਂ ਤੇ ਬੈਠਾ ਸੀ, ਉਹ ਸਾਮ੍ਹਣੇ ਖੜ੍ਹੇ ਸੀ ਤੇ ਜੇ ਮੈਂ ਉਠ ਕੇ ਹੇਠਾਂ ਬੈਠ ਜਾਂਦਾ, ਤੁਹਾਡੇ ਮਨ 'ਚ ਸ਼ੰਕਾ ਹੋ ਜਾਣੀ ਸੀ ਤੇ ਮੈਂ ਤਾਂ ਉਹਦੇ ਚਰਨੀਂ ਹੱਥ ਲਾਉਣਾ ਸੀ। ਮੈਂ ਉਸ ਬੱਚੇ ਦਾ ਤੇਜ ਨਾ ਸਹਿ ਸਕਿਆ। ਉਹ ਤਾਂ ਕੋਈ ਅਕਾਲ ਸ਼ਕਤੀ ਸੀ।

ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਮੈਨੂੰ ਅਕਾਲ ਪੁਰਖ ਨੇ ਦਰ ਤੇ ਬੁਲਾਇਆ। ਓਥੇ ਬੁਲਾ ਕੇ ਪੁਛਿਆ, "ਹੇ ਨਾਨਕ! ਤੈਨੂੰ ਜਿਸ ਕੰਮ ਵਾਸਤੇ ਭੇਜਿਆ ਸੀ, ਉਹ ਸ਼ੁਰੂ ਨਹੀਂ ਕਰਿਆ?"

ਆਪ ਨੇ ਕਿਹਾ, "ਹੇ ਅਕਾਲਪੁਰਖ ਜੀ! ਹੇ ਪ੍ਰਭੂ! ਆਪ ਦਾ ਇਹ ਫੁਰਮਾਨ ਹੈ ਕਿ ਜਦ ਤਕ ਗੁਰੂ ਨਹੀਂ ਧਾਰਨ ਕਰਦਾ, ਓਨਾ ਚਿਰ ਆਦਮੀ ਨਿਗੁਰਾ ਰਹਿੰਦਾ ਹੈ। ਜਿਹੜਾ ਪੁਰਸ਼ ਨਿਗੁਰਾ ਹੈ ਉਹ ਉਪਦੇਸ਼ ਦੇਣ ਦਾ ਅਧਿਕਾਰੀ ਨਹੀਂ ਹੈ ਤੇ ਸੰਸਾਰ ਵਿਚ ਮੈਂ ਨਿਗ੍ਹਾ ਮਾਰ ਕੇ ਦੇਖੀ, ਕੋਈ ਐਸਾ ਨਹੀਂ -

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥***
***ਪੰਨਾ - 936***

ਪ੍ਰਭੂ! ਆਪ ਦੀ ਸ੍ਰਿਸ਼ਟੀ ਵਿਚ ਆਪ ਦੀ ਦਿਤੀ ਦ੍ਰਿਸ਼ਟੀ ਮੈਂ ਸਾਰੇ ਸੰਸਾਰ ਉਤੇ ਪਾ ਕੇ ਢੂੰਢ ਕੀਤੀ ਕਿ ਕੋਈ ਸਰਬ ਸਮਰੱਥ ਪੂਰਨ ਮਹਾਂਪੁਰਸ਼ ਮਿਲ ਜਾਵੇ। ਸਾਰੇ ਵਰਣਾਂ ਵਿਚ ਵੇਖਿਆ ਪਰ ਅਜਿਹਾ ਕੋਈ ਨਜ਼ਰ ਨਾ ਆਇਆ ਜੋ ਗੁਰੂ ਪ੍ਰਮੇਸ਼ਰ ਹੋਵੇ, ਇਸੇ ਕਰਕੇ ਮੈਂ ਆਪ ਦੀ ਦਰਗਾਹ ਹਾਜ਼ਰ ਹੋ ਕੇ ਆਪ ਨੂੰ ਹੀ ਗੁਰੂ ਧਾਰਨ ਕਰਦਾ ਹਾਂ। ਸੋ ਆਪ ਹੀ ਕ੍ਰਿਪਾ ਕਰੋ।

ਉਸ ਵੇਲੇ ਅਕਾਲ ਪੁਰਖ ਨੇ ਆਪਣਾ ਸਰੂਪ ਦਸਿਆ। ਹੇ ਨਾਨਕ! ਮੇਰਾ ਸਰੂਪ ਸੰਸਾਰ ਨੂੰ ਨਿਰਗੁਨ ਸਰੂਪ ਦਸਣਾ ਹੈ। ਐਂ ਨਹੀਂ ਦਸਣਾ ਕਿ ਮੈਂ ਸਤਵੇਂ ਅਸਮਾਨ 'ਚ ਹਾਂ, ਤੇਰ੍ਹਵੇਂ 'ਚ ਹਾਂ, ਪੰਦਰਵੇਂ 'ਚ ਬੈਠਾ ਹਾਂ ਜਾਂ ਬੈਕੁੰਠ ਧਾਮ ਵਿਚ ਬੈਠਾ ਹਾਂ ਜਾਂ ਖੀਰ ਸਮੁੰਦਰ ਵਿਚ ਬੈਠਾ ਹਾਂ। ਸੰਸਾਰ ਨੂੰ ਦੱਸੀਂ ਕਿ ਮੈਂ ਪਹਿਲਾਂ ਇਕੱਲਾ ਹੀ ਸੀ, ਹੋਰ ਕੋਈ ਨਹੀਂ ਸੀ, ਮੈਂ ਆਪਣੇ ਆਪ ਆਪਣੀ ਮੌਜ ਵਿਚ ਸੀ ਤੇ ਮੈਂ ਸ਼ਬਦ ਰੂਪ ਹੋਇਆ 'ਓਅੰਕਾਰ'। ਉਹ ਅਵਸਥਾ ਮੇਰੀ ਸਤਿ ਸੀ, ਹੁਣ ਵੀ ਸਤਿ ਹੈ ਤੇ ਮੈਂ ਨਾਮ ਸਰੂਪ ਹੋਇਆ, ਆਤਮ ਸਰੂਪ ਹੋਇਆ, ਫੇਰ ਮੈਂ ਆਪੇ ਕਰਤਾ ਬਣਿਆ, ਮੈਨੂੰ ਕਿਤੋਂ ਮਿੱਟੀ ਲਿਆਉਣ ਦੀ ਲੋੜ ਨਹੀਂ ਪਈ, ਤੱਤ ਲਿਆਉਣ ਦੀ ਲੋੜ ਨਹੀਂ ਪਈ, ਨਾ ਮਾਇਆ, ਨਾ ਪ੍ਰਕ੍ਰਿਤੀ ਤੇ ਨਾ ਕੋਈ ਤੱਤ ਲਿਆਉਣ ਦੀ ਲੋੜ ਪਈ। ਇਨ੍ਹਾਂ ਚੀਜ਼ਾਂ ਦੀ ਮੈਨੂੰ ਲੋੜ ਨਹੀਂ -

***ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥***

*ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥*
*ਪੰਨਾ - 276*

ਮੈਂ ਖੁਦ ਹੀ ਕਰਨ ਹਾਂ, ਖੁਦ ਹੀ ਕਾਰਨ ਹਾਂ, ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਗਲਤ ਦਸ ਦਿਤਾ ਕਿ ਮਾਇਆ ਵੀ ਸੀ, ਜੀਵ ਵੀ ਸੀਗਾ, ਪ੍ਰਮੇਸ਼ਰ ਵੀ ਸੀ। ਤਿੰਨ ਸੀ, ਤਿੰਨ ਅਨਾਦੀ ਨੇ। ਭਰਮ 'ਚ ਪੈ ਗਿਆ ਸੰਸਾਰ। ਪਤਾ ਨਹੀਂ ਲਗਦਾ ਕਿ ਕਿਵੇਂ ਸੋਚੀਏ। ਸੋ ਕਰਤਾ ਮੈਂ ਹੀ ਹਾਂ, ਮੈਂ ਆਪ ਹੀ ਸੰਸਾਰ ਹਾਂ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭ ਸੈ ਦੇ ਲੈਸਹਿ ਜਿੰਦੁ ਕਵਾਉ॥*
*ਕਰਿ ਆਸਣੁ ਡਿਠੋ ਚਾਉ।। ਪੰਨਾ - 463*

ਮੈਂ ਹੀ ਮਾਇਆ ਬਣਾਈ ਹੈ, ਮੇਰੇ ਜਨਮ ਵਿਚ ਜੀਵ ਦੀ ਹੋਂਦ ਪ੍ਰਤੀਤ ਦਿੰਦੀ ਹੈ -

*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥*
*ਪੰਨਾ - 1*

ਸੋ ਮੇਰੇ ਹੁਕਮ ਵਿਚ ਹੀ ਇਹ ਜੀਵ ਬਣੇ ਨੇ, ਲੇਕਿਨ ਹੁਕਮ ਦੇ ਅੰਦਰ ਹੀ ਇਨ੍ਹਾਂ ਜੀਵਾਂ ਤੇ ਮਾਇਆ ਪਈ ਹੈ, ਜੀਵ ਹੁਕਮ ਨੂੰ ਮੰਨ ਕੇ ਹੀ ਛੁੱਟ ਜਾਣਗੇ -

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*
*ਪੰਨਾ - 1*

ਹੁਕਮ ਨਾਲ ਜਿਹੜੀ ਚੀਜ਼ ਬਣੀ ਹੈ, ਹੁਕਮ ਨਾਲ ਹੀ ਇਨ੍ਹਾਂ ਦਾ ਛੁਟਕਾਰਾ ਹੋਏਗਾ। ਦੱਸ ਦੇ ਸੰਸਾਰ ਨੂੰ ਜਾ ਕੇ ਕਿ ਮੈਂ ਹੀ ਸੰਸਾਰ ਪੈਦਾ ਕੀਤਾ ਹੈ, ਮਾਇਆ ਛਾਇਆ ਕੁਛ ਨਹੀਂ ਹੈ। ਇਹ ਪੰਜ ਤੱਤ ਕਿਤੇ ਨਹੀਂ ਸੀ, ਨਾ ਕੋਈ ਸੂਰਜ, ਨਾ ਕੋਈ ਚੰਦ, ਨਾ ਕੋਈ ਤਾਰਾ, ਨਾ ਕੋਈ ਖੰਡ, ਨਾ ਬ੍ਰਹਿਮੰਡ, ਨਾ ਹਵਾ, ਨਾ ਪਾਣੀ, ਨਾ ਅੱਗ, ਕੁਝ ਨਹੀਂ ਸੀ। ਮੈਂ ਆਪਣੀ ਮੌਜ ਵਿਚ ਆਪੇ ਹੀ ਖੇਲ੍ਹਦਾ ਸੀ ਜਿਸ ਨੂੰ ਲੋਕ ਸੁੰਨ ਅਵਸਥਾ ਕਹਿੰਦੇ ਹਨ। ਸੁੰਨ, ਜ਼ੀਰੋ ਨਹੀਂ ਸੀ; ਮੇਰੇ ਅੰਦਰ ਸਾਰੀਆਂ ਤਾਕਤਾਂ ਸਨ। ਮੈਨੂੰ ਕਿਸੇ ਗਿਆਨ ਦੀ ਲੋੜ ਨਹੀਂ ਪਈ ਤੇ ਮੈਂ ਹੀ ਸਭ ਕੁਛ ਵਰਤਾ ਕੇ ਸਾਰਿਆਂ ਦੇ ਵਿਚ ਘਟ ਘਟ ਵਿਚ ਵਸ ਰਿਹਾ ਹਾਂ। ਮੈਂ ਤੁਹਾਨੂੰ ਮੰਤਰ ਦਿੰਦਾ ਹਾਂ, ਤੁਸੀਂ ਇਹ ਮੰਤਰ ਸੰਸਾਰ ਨੂੰ ਦਿਓ। ਜੋ ਇਸ ਮੰਤਰ ਦੇ ਉਤੇ ਵਿਸ਼ਵਾਸ਼ ਲਿਆਏਗਾ, ਜਿਸ ਨੂੰ 'ਮੂਲਮੰਤਰ' ਦਾ ਨਾਮ ਦਿਤਾ ਜਾਂਦਾ ਹੈ, ਜੋ ਇਸ ਦਾ ਪੂਰੇ ਨਿਸ਼ਚੇ ਸ਼ਰਧਾ ਨਾਲ ਸਮਝ ਕੇ ਪਾਠ ਕਰੇਗਾ ਤੇ ਧਿਆਨ ਦੇਵੇਗਾ, ਉਹ ਮੇਰੀ ਦਰਗਾਹ 'ਚ ਅਵੱਸ਼ ਆਏਗਾ, ਉਸ ਦੇ ਪਾਪਾਂ ਦਾ ਨਾਸ਼ ਹੋ ਜਾਏਗਾ।

ਆਪ ਨੇ ਪੁਛਿਆ, "ਮਹਾਰਾਜ! ਸੰਸਾਰ ਨੂੰ ਗੁਰਮੰਤਰ ਕੀ ਦੇਈਏ?"

ਅਕਾਲ ਪੁਰਖ ਜੀ ਨੇ ਕਿਹਾ, ਵਾਹਿਗੁਰੂ' ਇਹ ਮੰਤਰ ਦੇਣਾ ਹੈ ਕਿਉਂਕਿ ਇਹੀ ਮੰਤਰ ਹੈ ਜਿਹੜਾ ਮੇਰੀ ਦਰਗਾਹ ਤਕ ਪਹੁੰਚ ਕੇ ਵੀ ਜਾਰੀ ਰਹਿੰਦਾ ਹੈ। ਬਾਕੀ ਮੰਤਰ ਹਟ ਜਾਂਦੇ ਨੇ; 'ਇਹ ਵਾਹੁ ਵਾਹੁ' ਨਹੀਂ ਹਟਦੀ, ਵਿਸਮਾਦ ਅਵਸਥਾ ਨਹੀਂ ਹਟਦੀ, ਜੀਵ ਪੂਰਨ ਅਨੰਦ ਦੇ ਅੰਦਰ ਝਰਨਾਟਾਂ ਲੈਂਦਾ ਹੈ, ਝੂੰਮਣੀਆਂ ਲੈਂਦਾ ਹੈ, ਮੈਂ ਭੀ ਪਰਮ ਅਨੰਦ ਹਾਂ, ਵਾਹੁ ਵਾਹੁ ਕਰਦਾ ਜੀਵ ਆਪਣਾ ਜੀਵ ਭਾਵ ਗੁਆ ਕੇਕਰ ਲੈਂਦਾ ਹੋ ਜਾਂਦਾ ਹੈ, ਇਹ ਗੱਲ ਕਹਿਣ ਵਿਚ ਨਹੀਂ ਆਉਂਦੀ ਕਿਉਂਕਿ ਇਹ ਸਾਰਾ ਪ੍ਰਪੰਚ ਮੇਰੀ ਲੀਲ੍ਹਾ ਹੈ, ਮੈਂ ਆਪੇ ਹੀ ਹਾਂ। ਇਥੇ ਮੇਰੇ ਬਿਨਾਂ ਦੂਜਾ ਹੋ ਕੋਈ ਨਹੀਂ, ਮੈਂ ਆਪ ਹੀ ਹਾਂ, ਜੋ ਭੀ ਦਿਸਦਾ ਹੈ, ਜੋ ਭੀ ਸ਼ਬਦ ਸੁਣਦਾ ਹੈ, ਉਹ ਮੇਰੇ ਬਿਨਾਂ ਕੁਝ ਨਹੀਂ ਹੈ ਪਰ ਮੇਰੀ ਹੀ ਜੋਤ ਦੀ ਸਤ੍ਹਾ ਜਦੋਂ ਮੇਰੀ ਸਾਜੀ ਹੋਈ ਕੁਦਰਤ (ਪ੍ਰਕ੍ਰਿਤੀ) ਤੇ ਪ੍ਰਤੀਬਿੰਬਤ ਹੁੰਦੀ ਹੈ ਜਾਂ ਐਉਂ ਕਹਿ ਲਵੋ ਕਿ ਜਦੋਂ ਮੇਰੀ ਸ਼ਕਤੀ ਦਾ ਪ੍ਰਭਾਵ ਪ੍ਰਕ੍ਰਿਤੀ ਗ੍ਰਹਿਣ ਕਰਦੀ ਹੈ ਤਾਂ ਉਸ ਪ੍ਰਕਾਸ਼ ਗ੍ਰਹਿਣ ਕਰਨ ਦਾ ਗੁਣ ਹੋਣ ਕਰਕੇ ਉਸ ਵਿਚ ਕ੍ਰਿਆ ਹੋਣੀ ਸ਼ੁਰੂ ਹੋ ਜਾਂਦੀ ਹੈ। ਪ੍ਰਕ੍ਰਿਤੀ ਦੇ ਤਿੰਨ ਗੁਣ ਆਪਣੀ ਸਮ ਅਵਸਥਾ ਛੱਡ ਕੇ ਕ੍ਰਿਆਸ਼ੀਲ ਹੋ ਜਾਂਦੇ ਹਨ ਪਰ ਮੇਰੇ ਪੈਦਾ ਕੀਤੇ ਨਿਯਮ ਨੂੰ ਪ੍ਰਕ੍ਰਿਤੀ ਮੇਰੀ ਮੌਜ ਬਿਨਾਂ ਤੋੜ ਨਹੀਂ ਸਕਦੀ, ਉਹ ਨਿਯਮਬੱਧ ਹੋ ਕੇ ਕ੍ਰਿਆਸ਼ੀਲ ਹੁੰਦੀ ਹੈ, ਉਸ ਵਿਚ ਅਨੇਕ ਚਿੱਤ ਹਨ। ਪ੍ਰਕਾਸ਼ (ਹੋਸ਼) ਪੈਦਾ ਹੁੰਦੇ ਹੀ ਉਹ ਅਹੰਭਾਵ (ਹਉਮੈ) ਦੇ ਘੇਰੇ ਵਿਚ ਆਏ 'ਮੈਂ ਭਾਵ ਪੈਦਾ ਕਰਕੇ ਕੁਲ (ਸਮੱਸ਼ਟ) ਤੋਂ ਅਨੇਕ ਰੂਪਾਂ ਵਿਚ ਕ੍ਰਿਆਸ਼ੀਲ ਹੋ ਜਾਂਦੇ ਹਨ। ਇਸ ਪ੍ਰਕ੍ਰਿਤਕ ਸੂਝ ਨੂੰ ਜੀਵ ਕਿਹਾ ਜਾਂਦਾ ਹੈ ਅਤੇ ਇਹ ਆਪਣੇ ਨਾਲ ਪੰਜ ਤਨ ਮਾਤਰਾਵਾਂ ਸ਼ਬਦ, ਸਪਰਸ਼, ਰੂਪ, ਰਸ, ਗੰਧ ਪੈਦਾ ਕਰ ਲੈਂਦਾ ਹੈ, ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ ਅਤੇ ਮਨ ਹੋਂਦ ਵਿਚ ਆਉਂਦਾ ਹੈ। ਪੰਜ ਸਥੂਲ ਭੂਤ ਭੀ ਪੰਜ ਤਨ ਮਾਤਰਾਵਾਂ ਸ਼ਬਦ, ਸਪਰਸ਼, ਰੂਪ, ਰਸ, ਗੰਧ ਤੋਂ ਅਕਾਸ਼-ਹਵਾ-ਅਗਨਿ-ਪਾਣੀ ਤੇ ਪ੍ਰਿਥਵੀ ਦਾ ਰੂਪ ਧਾਰਨ ਕਰਕੇ ਸਾਕਾਰ ਹੁੰਦੇ ਹਨ ਪਰ ਮੇਰੀ ਸ਼ੁਧ ਜੋਤਿ, ਪ੍ਰਕ੍ਰਿਤੀ ਦੇ ਕਣ-ਕਣ ਵਿਚ ਸਮਾਈ ਹੋਣ ਕਰਕੇ ਇਹ ਸਾਰੀ ਕ੍ਰਿਆ ਹੋ ਰਹੀ ਹੈ। ਜਦੋਂ ਤੀਕਰ ਹਉਮੈ ਦਾ ਨਾਸ਼ ਨਹੀਂ ਹੁੰਦਾ, ਜੀਵ-ਭਾਵ ਹਉਮੈ ਕਰਕੇ ਆਪਣੇ ਆਤਮ ਸਰੂਪ ਨੂੰ ਪਹਿਚਾਣ ਨਹੀਂ ਸਕਦਾ। ਮੇਰੀ ਨਾਮ ਸ਼ਕਤੀ ਨੇ ਸਾਰੇ ਖੰਡ ਬ੍ਰਹਿਮੰਡ ਧਾਰਨ ਕੀਤੇ ਹੋਏ ਨੇ। ਇਹ ਜੋ ਮੈਂ ਦੱਸਿਆ ਹੈ ਇਹ ਗਿਆਨ ਮਾਰਗ ਹੈ ਪਰ ਭਗਤੀ ਮਾਰਗ ਤੇ ਕਰਮ ਮਾਰਗ ਵਿਚੀਂ ਹੋ ਕੇ ਇਥੇ ਪਹੁੰਚ ਸਕਣਾ ਹੈ, ਨਿਸ਼ਕਾਮ ਕਰਮ ਅੰਤਸ਼ਕਰਣ ਦੀ ਮਲ ਦੂਰ ਕਰਦੇ ਹਨ, ਉਪਾਸ਼ਨਾ (ਭਗਤੀ) ਧਿਆਨ ਵਿਖਸ਼ੇਪ ਦੂਰ ਕਰਦੀ ਹੈ ਤੇ ਗਿਆਨ, ਹਉਮੈ ਦੇ ਪਾਏ ਹੋਏ ਭਰਮ ਰੂਪ ਮੁਰਦੇ ਦਾ ਨਾਸ਼ ਕਰਦਾ ਹੈ ਪਰ ਇਹ ਸਭ ਕੁਝ ਗੁਰੂ ਕ੍ਰਿਪਾ ਨਾਲ ਹੁੰਦਾ ਹੈ।

ਸੋ ਪ੍ਰਭੂ ਨੇ ਗੁਰ ਪ੍ਰਮੇਸ਼ਰ ਗੁਰੂ ਭੇਜਿਆ ਹੈ। ਭਾਈ ਮਨਸੁਖ ਜੀ ਕਹਿਣ ਲੱਗੇ, "ਰਾਜਨ! ਕਲਜੁਗ ਦੇ ਅੰਦਰ ਗੁਰੂ ਪ੍ਰਮੇਸ਼ਰ ਪ੍ਰਗਟ ਹੋ ਗਏ ਨੇ ਤੇ ਉਹ ਪੂਰੇ ਨੇ, ਸਾਰੇ ਗੁਣਾਂ ਦਾ ਖਜ਼ਾਨਾ ਨੇ ਤੇ ਔਗੁਣ ਬਖਸ਼ਦੇ ਨੇ।" ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ, ਸਾਧਸੰਗਤ ਜੀ!

***ਧਾਰਨਾ - ਸਾਰੇ ਗੁਣਾਂ ਦਾ ਖਜ਼ਾਨਾ ਸਤਿਗੁਰ ਮੇਰਾ,***
***ਬਖਸ਼ੇ ਔਗੁਣ ਸਾਰਿਆਂ ਦੇ -2***
***ਪਿਆਰੇ ਜੀ, ਬਖਸ਼ੇ ਔਗੁਣ ਸਾਰਿਆਂ ਦੇ-2***
***ਸਾਰੇ ਗੁਣਾਂ ਦਾ ਖਜ਼ਾਨਾ ਸਤਿਗੁਰ ਮੇਰਾ,....।***

*ਸਤਿਗੁਰੁ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ॥*
*ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ॥*
*ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ॥*
*ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ॥*
*ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।*
*ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।*
*ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ।*
*ਮਾਣੁ ਨਿਮਾਣੇ ਸਦ ਬਲਿਹਾਰੇ॥*

*ਭਾਈ ਗੁਰਦਾਸ ਜੀ, ਵਾਰ 26/19*

ਗੁਰੂ ਐਵੇਂ ਨਹੀਂ ਹੋਇਆ ਕਰਦਾ। ਇਹ ਗੁਣ ਹੋਣ; ***'ਸਤਿਗੁਰੂ ਗੁਣੀ ਨਿਧਾਨ ਹੈ'***, ਸਾਰੇ ਗੁਣਾਂ ਦਾ ਖਜ਼ਾਨਾ ***'ਗੁਣ ਕਰਿ ਬਖਸੈ ਅਵਗੁਣਿਆਰੇ।'*** ਉਹ ਗੁਣ ਦੇ ਦਿੰਦਾ ਹੈ, ਨੇਕੀਆਂ ਦੇ ਦਿੰਦਾ ਹੈ ਪਰ ਸਾਡੇ ਅੰਦਰ ਨੇਕੀ ਨਹੀਂ ਹੈ। ਜੇ ਅਸੀਂ ਕਹੀਏ ਸਾਡੇ 'ਚ ਨੇਕੀ ਹੈ, ਇਹ ਹਉਮੈ ਬਣ ਜਾਂਦੀ ਹੈ। ***'ਸਤਿਗੁਰੂ ਪੂਰਾ ਵੈਦ ਹੈ'*** ਅਧੂਰਾ ਵੈਦ ਨਹੀਂ ਹੈ। ਸਾਰਿਆਂ ਤੋਂ ਵੱਡਾ ਦੁਖ ਹਉਮੈ ਦਾ ਹੈ। ਉਸ ਦੀ ਦਵਾਈ ਸੰਸਾਰ 'ਚ ਕਿਸੇ ਕੋਲ ਨਹੀਂ ਹੈ। ਉਹ ਦੀ ਦਵਾਈ ਹੈ 'ਅੰਮ੍ਰਿਤ'। ਅੰਮ੍ਰਿਤ ਮਿਲ ਜਾਵੇ ਤਾਂ ਹਉਮੈ ਦਾ ਨਾਸ਼ ਹੋ ਜਾਂਦਾ ਹੈ। ਜੇ ਅੰਮ੍ਰਿਤ ਨਹੀਂ ਮਿਲਿਆ ਤਾਂ ਹਉਮੈ ਨਾਸ਼ ਨਹੀਂ ਹੁੰਦੀ। ਪਹਿਲਾਂ ਮੈਂ ਬੇਨਤੀ ਕੀਤੀ ਸੀ ਕਿ ਉਹ ਅੰਮ੍ਰਿਤ ਗੁਰੂ ਦੇ ਕੋਲ ਹੋਇਆ ਕਰਦਾ ਹੈ-

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥* *ਪੰਨਾ - 538*

ਗੁਰੂ ਦੀ ਮਤ ਧਾਰਨ ਕਰੋ, ਗੁਰੂ ਗ੍ਰੰਥ ਸਾਹਿਬ ਦੀ ਮਤ ਧਾਰਨ ਕਰੋ। ਫੇਰ ਦੇਖੋ ਅੰਮ੍ਰਿਤ ਦਾ ਅੰਦਰੋਂ ਚਸ਼ਮਾ ਕਿਵੇਂ ਚਲਦਾ ਹੈ, ਪ੍ਰਗਟ ਹੋ ਜਾਏਗਾ।

ਕਹਿੰਦੇ ਨੇ ਰਾਵਣ ਦੇ ਅੰਦਰ ਅੰਮ੍ਰਿਤ ਸੀ, ਪਤਾ ਨਹੀਂ ਕਿਸ ਕਿਸਮ ਦਾ ਸੀ ਕਿਉਂਕਿ ਬੜੀ ਦੇਰ ਦੀਆਂ ਬਾਤਾਂ ਹੋ ਗਈਆਂ; ਅਸੀਂ ਤਾਂ ਉਸਦਾ ਇਕ ਪੱਖ ਦੇਖਿਆ ਹੈ। ਰਾਵਣ ਸੀਤਾ ਜੀ ਨੂੰ ਲੈ ਗਿਆ ਤੇ ਸਾਡਾ ਕੁਦਰਤੀ ਵਿਰੋਧ ਉਹਦੇ ਨਾਲ ਪੈ ਗਿਆ ਤੇ ਹੁਣ ਤਕ ਖਹਿੜਾ ਨਹੀਂ ਅਸੀਂ ਛੱਡਦੇ; ਪਤਾ ਨਹੀਂ ਲੱਖਾਂ ਸਾਲ ਹੋ ਗਏ, ਪਤਾ ਨਹੀਂ ਕਿੰਨੇ ਸਾਲ ਹੋ ਗਏ। ਉਸ ਦੀ ਸਖਸ਼ੀਅਤ ਨੂੰ ਅਸੀਂ ਕਿਸੇ ਪੱਖੋਂ ਵੀ ਚੰਗਾ ਨਹੀਂ ਜਾਣਦੇ, ਮਾੜਾ ਹੀ ਮਾੜਾ ਕਹਿੰਦੇ ਹਾਂ। ਇਹ ਕਹਿੰਦੇ ਸੁਣੇ ਹਨ ਕਿ ਉਸ ਨੇ ਪਹਿਲੇ ਦਿਨ ਦਾ ਸਾਰਾ ਰਾਸ਼ਨ ਆਪਣੇ ਕੋਲੋਂ ਦਿਤਾ ਸੀ ਕਿ ਫੌਜ ਆਈ ਹੈ ਤੇ ਇਸ ਨੇ ਲੜਾਈ ਕਰਨੀ ਹੈ, ਇਸ ਨੂੰ ਰਾਸ਼ਨ ਆਪਾਂ ਦਿਓ। ਕੁਛ ਦਿਨਾਂ ਦਾ ਰਾਸ਼ਨ ਦਿਤਾ। ਜਦੋਂ ਮੁੱਕ ਗਿਆ ਫੇਰ ਸ੍ਰੀ ਰਾਮ ਚੰਦਰ ਜੀ ਨੇ ਕਿਸੇ ਤੋਂ ਮੰਗਾਇਆ। ਫੇਰ ਜਦੋਂ ਲੱਛਮਣ ਜੀ ਦੇ ਬਰਛੀ ਲੱਗੀ, ਉਸ ਵੇਲੇ ਵੀ ਰਾਵਣ ਦੇ ਵੈਦ ਨੇ ਸੰਜੀਵਨੀ ਬੂਟੀ ਪਰਬਤਾਂ 'ਚੋਂ ਮੰਗਾ ਕੇ ਲੱਛਮਣ ਜੀ ਨੂੰ ਸੁਚੇਤਤਾ ਦਿਤੀ ਭਾਵੇਂ ਉਸ ਨੂੰ ਹਨੂੰਮਾਨ ਜੀ ਚੁੱਕ ਕੇ ਲੈ ਗਏ ਸਨ। ਉਹ ਟਾਲ ਮਟੋਲ ਭੀ ਕਰ ਸਕਦਾ ਸੀ। ਸੋ ਚੰਗਾ ਕਰੈਕਟਰ ਸੀ। ਸੀਤਾ ਜੀ ਨੌਂ ਮਹੀਨੇ ਉਸ ਪਾਸ ਰਹੇ। ਉਹ ਕੇਵਲ ਹਾਊਸ ਅਰੈਸਟ ਸੀ। ਉਸ ਬਾਗ ਦੇ ਵਿਚ ਬੰਦ ਸੀ। ਕੋਈ ਨਜਾਇਜ਼ ਹਰਕਤ ਤਾਂ ਕੀਤੀ ਨਹੀਂ ਉਸ ਨੇ। ਸੋ ਅਸੀਂ ਇਕ ਪੱਖ ਉਸ ਦਾ ਲੈ ਕੇ, ਵਿਰੋਧ ਦੇ ਨਾਲ ਉਸ ਨੂੰ ਬੜਾ ਮਾੜਾ ਰਾਖਸ਼ਸ਼ ਕਹਿੰਦੇ ਹਾਂ। ਉਸ ਨੂੰ ਬ੍ਰਾਹਮਣ ਕਹਿੰਦੇ ਸੀ, ਉਹ ਜਾਤ ਦਾ ਬ੍ਰਾਹਮਣ ਸੀ ਤੇ ਦਸ ਵਿਦਿਆ ਦਾ ਜਾਣੂ ਸੀ; ਉਸ ਦੇ ਦਸ ਸਿਰ ਕਹਿੰਦੇ ਸੀ, ਬਹੁਤ ਵਿਦਵਾਨ ਪੁਰਸ਼ ਸੀ। ਜਦੋਂ ਰਾਵਣ ਮਾਰਿਆ ਗਿਆ ਤਾਂ ਸ੍ਰੀ ਰਾਮ ਚੰਦਰ ਜੀ ਨੇ ਲੱਛਮਣ ਨੂੰ ਭੇਜਿਆ ਕਿ ਜਾਹ, ਉਸ ਤੋਂ ਉਪਦੇਸ਼ ਲੈ ਕੇ ਆ। ਸੋ ਉਸ ਦੇ ਕੋਲ ਅੰਮ੍ਰਿਤ ਸੀ। ਕੋਈ ਗੁਰੂ ਹੋਣਾ ਹੈ ਉਸ ਦਾ ਜਿਸ ਦੇ ਕੋਲੋਂ ਉਸ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ ਹੋਣੀ ਹੈ। ਉਹ ਮਰਦਾ ਨਹੀਂ ਸੀ। ਭਭੀਖਨ, ਰਾਵਣ ਦੇ ਛੋਟੇ ਭਰਾ ਦੇ ਇਸ ਗੱਲ ਦਾ ਭੇਤ ਦੇਣ ਤੇ ਕਿ ਉਸ ਦੇ ਹਿਰਦੇ ਵਿਚ ਅੰਮ੍ਰਿਤ ਕੁੰਡ ਹੈ, ਸੀ ਰਾਮ ਚੰਦਰ ਜੀ ਨੇ ਉਸ ਥਾਂ ਬਾਣ ਮਾਰ ਕੇ ਅੰਮ੍ਰਿਤ ਦਾ ਚਸ਼ਮਾ ਸੁਕਾਇਆ ਤਾਂ ਉਹ ਮਰਿਆ। ਇਹ ਮਿਥਿਹਾਸ ਹੁੰਦੈ। ਗੱਲ ਹੋਰ ਹੁੰਦੀ ਹੈ, ਸਮਝਣ ਵਾਸਤੇ ਹੋਰ ਹੁੰਦੀ ਹੈ।

ਇਹ ਅੰਮ੍ਰਿਤ ਗੁਰੂ ਦੇ ਕੋਲ ਹੁੰਦਾ ਹੈ, ਗੁਰੂ ਦਿੰਦਾ ਹੈ। ਜਿਸ ਨੂੰ ਦੇ ਦੇਵੇ, ਉਸਦੇ ਅੰਦਰ ਪ੍ਰਗਟ ਹੋ ਜਾਂਦਾ ਹੈ। ਜਿਸ ਦੇ ਅੰਦਰ ਅੰਮ੍ਰਿਤ ਪੈਦਾ ਹੋ ਗਿਆ, ਉਸ ਦੀਆਂ ਸਾਰੀਆਂ ਹੀ ਸਰੀਰ ਦੀਆਂ ਬਿਮਾਰੀਆਂ ਦਾ ਨਾਸ਼ ਹੋ ਗਿਆ ਅਤੇ ਉਹ ਨਾਮ ਰੂਪੀ ਅੰਮ੍ਰਿਤ ਪੀ ਕੇ ਸਦੀਵੀ, ਅਮਰ ਹੋ ਜਾਂਦਾ ਹੈ, ਕਾਲ ਦੀ ਹੱਦ ਪਾਰ ਕਰਕੇ ਨਾਮ ਅੰਮ੍ਰਿਤ ਦੀ ਮਦਦ ਨਾਲ ਅੰਮ੍ਰਿਤ, ਮ੍ਰਿਤੂ-ਰਹਿਤ ਪੱਦ ਪ੍ਰਾਪਤ ਕਰ ਲੈਂਦਾ ਹੈ।

*ਸਰਬ ਰੋਗ ਕਾ ਅਉਖਦੁ ਨਾਮੁ॥* *ਪੰਨਾ - 274*

ਉਹ ***'ਸਤਿਗੁਰੂ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ॥'*** ਇਹ ਪੰਜ ਰੋਗ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਲੱਗੇ ਹੋਏ ਨੇ, ਇਨ੍ਹਾਂ ਨੂੰ ਅਸਾਧ ਰੋਗ ਕਹਿੰਦੇ ਨੇ ਕਿ ਇਹ ਕਿਵੇਂ ਵੀ ਹਟ ਨਹੀਂ ਸਕਦੇ। ਸਤਿਗੁਰੂ ਸਾਰਿਆਂ ਸੁਖਾਂ ਦਾ ਖਜ਼ਾਨਾ ਹੈ। ***'ਸੁਖ ਸਾਗਰ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।'*** ਸੁਖ ਦਿੰਦਾ ਹੈ ਪਹਿਲਾਂ, ਫੇਰ ਪ੍ਰਮੇਸ਼ਰ ਨਾਲ ਮੇਲ ਦਿੰਦਾ ਹੈ।

ਉਸ ਦਾ ਕਿਸੇ ਨਾਲ ਵੈਰ ਨਹੀਂ - ***'ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।'*** ਬੇਮੁਖਾਂ ਨੂੰ ਵੀ ਤਾਰ ਦਿੰਦਾ ਹੈ। ਜਿਹੜੇ ਵੈਰ ਕਰਦੇ ਨੇ, ਉਨ੍ਹਾਂ ਨੂੰ ਵੀ ਤਾਰਦਾ ਹੈ।

ਸੰਸਾਰ ਵਿਚ ਨਿੰਦਕ ਨੂੰ ਸੁਅਸਥ ਕਰਨ ਦੀ ਕੋਈ ਅਉਖਧੀ ਨਹੀਂ, ਉਹ ਪਚ ਪਚ ਮਰਦਾ ਹੈ, ਮਰਨ ਪਿਛੋਂ ਨਖਿੱਧ ਜੂਨੀਆਂ ਦੇ ਚੱਕਰ ਕੱਟਦਾ ਹੈ। ਸਾਵਣ ਦੇ ਮਹੀਨੇ ਵਿਚ ਦੂਜੇ ਕੁੱਤੇ ਦੇ ਕੱਟਣ ਨਾਲ ਕੁੱਤਿਆਂ ਦੇ ਸਿਰ ਵਿਚ ਕੀੜੇ ਪੈ ਜਾਂਦੇ ਹਨ, ਉਹ ਜੂਨੀ ਭੀ ਉਸ ਨੂੰ ਮਿਲਦੀ ਹੈ। ਸਿਰਫ ਸਤਿਗੁਰੂ ਵੈਦ ਪਾਸ ਅਮੁੱਲ ਦਵਾਈ ਨਾਮ ਦੀ ਹੁੰਦੀ ਹੈ, ਉਹ ਇਹ ਦਾਰੂ ਦੇ ਕੇ ਨਿੰਦਕ ਦੇ ਅਸਾਧ ਰੋਗ ਨੂੰ ਕੱਟ ਦਿੰਦਾ ਹੈ। ਸਤਿਗੁਰੂ ਅੰਦਰ ਕੋਈ ਵੈਰ ਹੁੰਦਾ ਹੀ ਨਹੀਂ। ਨਿਰਮਲ ਆਰਸੀ ਵਿਚ ਜੇ ਕੋਈ ਵੈਰ ਭਾਵ, ਤਰਕਸ਼ੀਲ ਹੋ ਕੇ ਤਕਦਾ ਹੈ, ਉਸ ਨੂੰ ਆਪਣਾ ਹੀ ਵਿਗੜਿਆ ਚਿਹਰਾ ਦਿਸਣ ਕਰਕੇ ਉਸ ਦੇ ਅੰਦਰ ਵੈਰ ਭਾਵ ਹੈ, ਸਤਿਗੁਰੂ ਵਿਚ ਐਸੀ ਭਾਵਨਾ ਨਹੀਂ

ਹੁੰਦੀ, ਉਹ ਪੂਰਨ ਰੂਪ ਵਿਚ ਨਿਰਵੈਰੁ ਹੈ ਕਿਉਂਕਿ ਸਤਿਗੁਰੂ ਦੀ ਦ੍ਰਿਸ਼ਟੀ ਵਿਚ ਦੂਜਾ ਹੁੰਦਾ ਹੀ ਨਹੀਂ, ਇਕੋ ਵਾਹਿਗੁਰੂ ਦੀ ਜੋਤਿ ਹਰ ਘਟ ਵਿਚ ਹੁੰਦੀ ਹੈ।

ਕਥਾ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਤੱਤੀ ਤਵੀ ਉਪਰ ਬਿਠਾਇਆ ਗਿਆ ਅਤੇ ਪਾਣੀ ਦੀ ਭਰੀ ਹੋਈ ਦੇਗ ਵਿਚ ਪਾਣੀ ਉਬਾਲ ਕੇ ਵਿਚ ਬਿਠਾਇਆ ਤਾਂ ਇਸਲਾਮ ਦੇ ਪ੍ਰਸਿੱਧ ਕਰਨੀ ਕਮਾਈ ਵਾਲੇ, ਸਮਦ੍ਰਿਸ਼ਟਕ ਪੀਰ ਮੀਆਂ ਮੀਰ ਜੀ ਲਾਹੌਰ ਵਾਲਿਆਂ ਨੂੰ ਪਤਾ ਲੱਗਿਆ ਕਿ ਮੁਗਲ ਬਾਦਸ਼ਾਹ ਜਹਾਂਗੀਰ ਦੀ ਸੰਮਤੀ ਨਾਲ ਉਸ ਦਾ ਇਕ ਵਜ਼ੀਰ ਚੰਦੂ, ਗੁਰੂ ਮਹਾਰਾਜ ਜੀ ਨੂੰ ਤਸੀਹੇ ਦੇਣ ਦਾ ਉਪਰਾਲਾ ਕਰ ਰਿਹਾ ਹੈ ਤਾਂ ਉਹ ਗੁਰੂ ਮਹਾਰਾਜ ਜੀ ਨੂੰ ਮਿਲਣ ਆਏ। ਸਿਪਾਹੀਆਂ ਨੂੰ ਪਰ੍ਹੇ ਹਟਾ ਕੇ ਉਹ ਚੰਦੂ ਦੀ ਹਵੇਲੀ ਦੇ ਅੰਦਰ ਆ ਗਏ। ਹੈਰਾਨ ਭੀ ਹੋ ਗਏ ਕਿ ਗੁਰੂ ਸਾਹਿਬ ਜੀ ਜੋ ਪ੍ਰਮੇਸ਼ਰ ਰੂਪ ਹਨ ਅਤੇ ਜਿਨ੍ਹਾਂ ਦੀ ਨਿਗ੍ਹਾ ਵਿਚ ਕੋਈ ਬੁਰਾ ਹੈ ਹੀ ਨਹੀਂ, ਸਭ ਭਲੇ ਹੀ ਹਨ, ਉਨ੍ਹਾਂ ਨੂੰ ਐਨੇ ਕਰੜੇ ਤਸੀਹੇ ਦਿਤੇ ਜਾ ਰਹੇ ਹਨ। ਉਸ ਪੀਰ ਮੀਆਂ ਮੀਰ ਜੀ ਨੇ ਕਿਹਾ ਕਿ ਹੇ ਗੁਰੂ ਅਰਜਨ ਦੇਵ ਜੀ, ਤੁਸੀਂ ਕਰਨ ਕਾਰਨ ਸਰਬ ਕਲਾ ਸਮਰੱਥ ਸਤਿਗੁਰੂ ਹੋਂ, ਤੁਹਾਡੇ ਨਾਲ ਐਡਾ ਬੁਰਾ ਸਲੂਕ ਕੀਤਾ ਜਾ ਰਿਹਾ ਹੈ ਕਿ ਅੱਗ ਦਾ ਰੂਪ ਹੋਈ ਲਾਲ ਭਖਦੀ ਲੋਹ ਉਪਰ ਆਪ ਨੂੰ ਬੈਠਾ ਕੇ ਅੱਗ ਵਰਗਾ ਤੱਤਾ ਰੇਤ ਆਪ ਦੇ ਸੀਸ ਵਿਚ ਪਾਇਆ ਜਾ ਰਿਹਾ ਹੈ, ਆਪ ਸਰਾਪ ਕਿਉਂ ਨਹੀਂ ਦਿੰਦੇ। ਜੇ ਤੁਸੀਂ ਨਹੀਂ ਦੇਣਾ ਤਾਂ ਮੈਂ ਲਾਹੌਰ ਸ਼ਹਿਰ ਨੂੰ ਗਰਕ ਕਰ ਦਿੰਦਾ ਹਾਂ, ਬਾਦਸ਼ਾਹ ਨੂੰ ਸੁਆਹ ਵਿਚ ਮਿਲਾ ਦਿੰਦਾ ਹਾਂ। ਤੁਸੀਂ ਰੂਹਾਨੀ ਸ਼ਕਤੀ ਵਰਤ ਕੇ ਅੱਗ ਬੁਝਾ ਕਿਉਂ ਨਹੀਂ ਦਿੰਦੇ, ਅੱਗ ਰੂਪ ਹੋਈ ਭਖਦੀ ਲੋਹ (ਤਵੀ) ਨੂੰ ਠੰਢੀ ਕਿਉਂ ਨਹੀਂ ਕਰ ਦਿੰਦੇ? ਗੁਰੂ ਮਹਾਰਾਜ ਜੀ ਨੇ ਕਿਹਾ, ਕਿਉਂ ਮੀਆਂ ਮੀਰ ਜੀ! ਇਥੇ ਕੋਈ ਵਾਹਿਗੁਰੂ ਜੀ ਬਿਨਾਂ ਹੋਰ ਦਿਸਦਾ ਹੈ? ਉਹ ਆਪ ਹੀ ਜਲਾਦ ਰੂਪ ਵਿਚ ਖੜ੍ਹਾ ਤਸੀਹੇ ਦੇ ਰਿਹਾ ਹੈ, ਆਪ ਹੀ ਅੱਗ ਹੈ, ਆਪ ਹੀ ਉਬਲਦਾ ਪਾਣੀ ਹੈ, ਤਸੀਹੇ ਝੱਲਣ ਵਾਲਾ ਭੀ ਆਪ ਹੀ ਹੈ। ਇਹ ਸਰੀਰ ਤਾਂ ਇਸ ਅਗੰਮੀ ਲੀਲ੍ਹਾ ਵਿਚ ਇਕ ਪ੍ਰਤੀਕ ਹੀ ਹੈ। ਜਦੋਂ ਉਸ ਦਾ ਹੀ ਭਾਣਾ ਵਰਤ ਰਿਹਾ ਹੈ ਤਾਂ ਮਿੱਠਾ ਕਰਕੇ ਮੰਨਣਾ ਚਾਹੀਦਾ ਹੈ ਕਿਉਂਕਿ ਦੁਖ ਭੀ ਉਸ ਵਲੋਂ ਦਿਤੀ ਪਿਆਰੀ ਦਾਤ ਹੀ ਤਾਂ ਹੈ। ਤੁਸੀਂ ਸ਼ਾਂਤ ਰਹੋ, ਵੇਖੋ ਹਰ ਥਾਂ, ਹਰ ਪਾਸੇ, ਹਰ ਰੂਪ, ਹਰ ਰੰਗ ਵਿਚ ਉਹ ਆਪ ਹੀ ਤਾਂ ਵਰਤ ਰਿਹਾ ਹੈ, ਉਸ ਦੇ ਇਸ ਵਿਚ ਦਰਸ਼ਨ ਕਰੋ। ਪਉਣੀ, ਪਾਣੀ, ਬੈਸੰਤਰ ਵਿਚ ਆਪ ਹੀ ਤਾਂ ਵਰਤ ਰਿਹਾ ਹੈ।

ਗੁਰੂ ਦਸ਼ਮੇਸ਼ ਪਿਤਾ ਜੀ ਦਾ ਜਿਸ ਨੂੰ ਭੀ ਬਾਣ ਲਗਦਾ ਸੀ, ਉਹ ਬਾਣ ਲਗਦੇ ਸਾਰ ਉਸ ਦੇ ਸਾਰੇ ਹੀ ਪਾਪ ਖਤਮ ਕਰ ਦਿੰਦਾ ਸੀ। ਸੋ ਗੁਰੂ ਦਸ਼ਮੇਸ਼ ਪਿਤਾ ਜੀ ਦੇ ਮਹਾਂ-ਪਵਿੱਤਰ ਹੱਥਾਂ 'ਚੋਂ, ਪਹਿਲਾਂ ਤਾਂ ਦ੍ਰਿਸ਼ਟੀ ਪਈ ਉਸ ਤੇ, ਫੇਰ ਬਾਣ ਮਾਰਿਆ, ਫੇਰ ਉਸ ਦਾ ਉਧਾਰ ਨਹੀਂ ਹੋਏਗਾ ਸਾਧਸੰਗਤਿ ਜੀ? ਜੇ ਸ਼ੇਰ ਮਾਰਿਆ ਹੈ ਗੁਰੂ ਦਸ਼ਮੇਸ਼ ਪਿਤਾ ਜੀ ਨੇ - ਪਾਉਂਟਾ ਸਾਹਿਬ ਦੇ ਉਪਰਲੇ ਪਾਸੇ, ਤਾਂ ਉਸ ਸ਼ੇਰ ਦਾ ਉਧਾਰ ਕਰ ਦਿਤਾ; ਤਿੱਤਰ ਮਾਰਿਆ ਤਾਂ ਤਿੱਤਰ ਦਾ ਉਧਾਰ ਕਰ ਦਿਤਾ। ਸੋ ਬੇਮੁਖਾਂ ਨੂੰ, ਨਿੰਦਕਾਂ ਨੂੰ, ਦੋਖੀਆਂ ਨੂੰ ਗੁਰੂ ਜਿਸ ਤਰੀਕੇ ਨਾਲ ਵੀ ਚਾਹੇ, ਤਾਰ ਦਿੰਦਾ ਹੈ। ਜਨਮ ਮਰਨ ਦਾ ਡਰ, ਜਮਾਂ ਦਾ ਡਰ ਸਾਰਿਆਂ ਦੇ ਸਿਰ ਤੇ ਪਾਇਆ ਹੋਇਆ ਹੈ। ਜੰਮ ਪੈਣੈ, ਮਰ ਜਾਣੈ, ਫੇਰ ਜੰਮਣੈ, ਫੇਰ ਮਰਨੈ, ਪਰ ਉਹ ਇਸ ਡਰ ਨੂੰ ਲਾਹ ਦਿੰਦਾ ਹੈ। ਫੇਰ ਉਹ ਪੂਰਨ ਗਿਆਨਵਾਨ ਹੈ, ਅਣਜਾਣ ਨਹੀਂ ਹੈ। ਵੱਡੇ-ਵੱਡੇ ਕੌਡੇ ਰਾਖਸ਼ ਵਰਗਿਆਂ ਦਾ ਨਿਸਤਾਰਾ ਕਰ ਦਿਤਾ, ਜਿਹੜੇ ਬੰਦਿਆਂ ਨੂੰ ਖਾ ਜਾਂਦੇ ਸੀ। ਸੱਜਣ ਠੱਗ ਵਰਗੇ, ਐਹੋ ਜਿਹੇ ਅਣਜਾਣ ਬੰਦਿਆਂ ਨੂੰ ਤਾਰ ਦਿਤਾ। ਗਿਆਨ ਦੀਆਂ ਅੱਖਾਂ ਸਾਡੇ ਕੋਲ ਨਹੀਂ, ਬੈਰਾਗ ਦੇ ਸਾਡੇ ਕੋਲ ਹੱਥ ਨਹੀਂ ਹਨ, ਭੈ ਦੇ ਸਾਡੇ ਕੋਲ ਚਰਨ ਨਹੀਂ ਹਨ ਤੇ ਸਾਨੂੰ ਪਿਗਲਿਆਂ ਨੂੰ -

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ।।*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥*

*ਪੰਨਾ - 809*

ਜਦੋਂ ਮੇਲ ਹੋ ਗਿਆ, ਅੰਨ੍ਹੇ, ਬੋਲੇ, ਗੂੰਗੇ, ਪਿੰਗਲੇ ਤਰਨ ਲਗ ਜਾਂਦੇ ਨੇ। ਜਿਸਦਾ ਕੋਈ ਦੁਨੀਆਂ ਤੇ ਮਾਣ ਨਹੀਂ ਹੈ, ਉਸ ਦਾ ਮਾਣ ਸਤਿਗੁਰੂ ਹੋਇਆ ਕਰਦਾ ਹੈ। ਬਲਿਹਾਰ ਜਾਂਦੇ ਹਾਂ ਐਸੇ ਸਤਿਗੁਰੂ ਤੋਂ। ਗੁਰੂ ਦਾ ਕੰਮ ਹੁੰਦਾ ਹੈ, ਵਿਸ਼ਿਆਂ ਤੋਂ ਤੋੜਨਾ ਤੇ ਪ੍ਰਮੇਸ਼ਰ ਦੇ ਨਾਲ ਜੋੜਨਾ।

*ਧਾਰਨਾ - ਸਾਈਂ ਨਾਲ ਜੋੜਦੈ,*
*ਵਿਸ਼ਿਆਂ ਤੋਂ ਤੋੜ ਕੇ ਸਤਿਗੁਰ।*
*ਵਿਸ਼ਿਆਂ ਤੋਂ ਤੋੜ ਕੇ ਸਤਿਗੁਰ - 2, 2.*
*ਸਾਂਈ ਨਾਲ ਜੋੜਦੈ,...........-2*

ਸਤਿਗੁਰੂ ਪੂਰਾ ਹੈ।

ਪੰਜ ਵਿਸ਼ੇ ਨੇ - 'ਸ਼ਬਦ, ਸਪਰਸ਼, ਰੂਪ, ਰਸ, ਗੰਧ। ਜਦ ਸੰਸਾਰ ਦੀ ਰਚਨਾ ਕਰੀ ਹੈ, ਜਦ ਸੂਖਸ਼ਮ ਮਾਇਆ ਪੈਦਾ ਕੀਤੀ ਹੈ - ਤ੍ਰਿਗੁਣ ਮਾਇਆ; ਕਹਿੰਦੇ ਨੇ ਸਭ ਤੋਂ ਪਹਿਲਾਂ ਇਹ ਪੰਜ ਸੂਖਸ਼ਮ ਤੱਤ ਬਣੇ ਨੇ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਸ਼ਬਦ ਤੋਂ ਆਕਾਸ਼ ਬਣਿਆ, ਸਪਰਸ਼ ਤੋਂ ਹਵਾ ਬਣੀ, ਰੂਪ ਤੋਂ ਪ੍ਰਕਾਸ਼ ਬਣਿਆ, ਗੰਧ ਤੋਂ ਮਿੱਟੀ ਬਣੀ, ਰਸ ਤੋਂ ਪਾਣੀ ਬਣਿਆ। ਇਹ ਹਰੇਕ ਬੰਦੇ ਦੀ ਦੇਹ ਵਿਚ ਹਨ, ਇਹ ਹੁਣ ਟੁੱਟ ਨਹੀਂ ਸਕਦੇ। ਜੇ ਕੋਈ ਤੋੜਨ ਵਾਲਾ ਹੈ ਤਾਂ ਉਹ ਕੇਵਲ ਸਤਿਗੁਰੂ ਹੈ - ਸਾਧਸੰਗਤ ਜੀ।

*ਸਿਧ ਨਾਥ ਅਵਤਾਰ ਸਭ, ਗੋਸਟਿ ਕਰਿ ਕਰਿ ਕੰਨ ਫੜਾਇਆ॥*

*ਭਾਈ ਗੁਰਦਾਸ ਜੀ, ਵਾਰ 26/21*

ਸਿੱਧਾਂ ਨਾਲ, ਨਾਥਾਂ ਨਾਲ, ਅਵਤਾਰਾਂ ਨਾਲ ਗੁਰੂ ਨੇ ਗੋਸ਼ਟ ਕੀਤੀ ਤੇ ਕੰਨ ਫੜਾਏ ਉਨ੍ਹਾਂ ਦੇ। ਕੰਨ ਫੜਾਉਣ ਦਾ ਮਤਲਬ ਹੈ ਕਿ ਉਨ੍ਹਾਂ ਦਾ ਮਸਤਕ ਨਿਵਾਇਆ; ਹੇ ਨਾਨਕ! ਜੋ ਇਹ ਬਾਤ ਤੂੰ ਦੱਸੀ ਹੈ ਅਸੀਂ ਇਸ ਤੋਂ ਬੜਾ ਉਰ੍ਹੇ ਸੀ। ਧੰਨਵਾਦ ਹੈ, ਬਲਿਹਾਰ ਜਾਂਦੇ ਹਾਂ ਆਪ ਦੇ, ਸਾਨੂੰ ਵੀ ਆਪ

ਨੇ ਹੋਰ ਚਾਨਣਾ ਪਾ ਦਿਤਾ। ਕਿਹੜੀ ਗੱਲ ਦੱਸੀ ਹੈ, ਸਾਧਸੰਗਤ ਜੀ! ਇਹ ਵੀ ਗੱਲ ਆਪਾਂ ਕਰ ਲਈਏ, ਕਿਉਂਕਿ ਗੱਲ ਦਾ ਵੀ ਪਤਾ ਹੋਣਾ ਚਾਹੀਦਾ ਹੈ ਤਾਂ ਜੋ ਕਲ੍ਹ ਨੂੰ ਤੁਸੀਂ ਕਿਸੇ ਨਾਲ ਗੱਲ ਕਰੋਂ। ਜਿੰਨੇ ਸਾਰੇ ਪਹਿਲੇ ਗੁਰੂ ਸਨ ਉਹ ਸਵੈ-ਸਰੂਪ ਵਿਚ ਜਾ ਕੇ ਖੜ੍ਹ ਜਾਂਦੇ ਸਨ। ਪੰਜ ਸਮਾਧੀਆਂ ਹੋਇਆ ਕਰਦੀਆਂ ਨੇ - ਚਾਰ ਭੇਦ ਸੰਪਰਗਿਆਤ ਸਮਾਧੀ ਦੇ ਹਨ ਜਿਨ੍ਹਾਂ ਦੇ ਕਰਮਵਾਰ ਨਾਮ ਹਨ (1) ਵਿਤਕ ਅਨੁਗਤਿ (2) ਵੀਚਾਰ ਅਨੁਗਤਿ (3) ਅਨੰਦ ਅਨੁਗਤਿ (4) ਅਸਮ ਅਨੁਗਤਿ। ਅਸੰਪਰਗਿਆਤ ਵਿਚ ਆਪਣੇ ਸਰੂਪ ਦਾ ਗਿਆਨ ਹੁੰਦਾ ਹੈ ਫੇਰ ਪ੍ਰਮੇਸ਼ਰ ਦਾ ਗਿਆਨ ਸਾਖਸ਼ਾਤਕਾਰ ਹੁੰਦਾ ਹੈ। ਸੰਪਰਗਿਆਤ, ਦੋ ਅਸੰਪਰਗਿਆਤ ਤੇ ਪੰਜਵੀਂ ਜਿਸਨੂੰ ਰਾਜਮੇਧ ਸਮਾਧੀ ਕਹਿੰਦੇ ਨੇ - ਦੂਜੇ ਪਾਸੇ ਸਾਵਿਕਲਪ ਤੇ ਨਿਰਵਿਕਲਪ। ਨਿਰ-ਵਿਕਲਪ ਸਮਾਧੀ ਵਿਚ ਜਾ ਕੇ ਜੀਵ ਆਪਣੇ ਸਰੂਪ ਵਿਚ ਲੀਨ ਹੋ ਜਾਂਦਾ ਹੈ। ਉਸ ਤੋਂ ਅੱਗੇ ਨਹੀਂ ਪਹੁੰਚ ਸਕਦਾ ਯਾਨਿ ਇਕ ਤਰ੍ਹਾਂ ਦੇ ਨਾਲ ਆਪਣੀ ਹਰਕਤ ਖਤਮ ਕਰ ਦਿਤੀ। ਉਸੇ ਨੂੰ ਮੁਕਤੀ ਕਹਿੰਦੇ ਨੇ, ਉਸੇ ਨੂੰ ਨਿਰਬਾਣ ਪਦ ਕਹਿੰਦੇ ਨੇ। ਸੁਤੰਤਰ ਤਾਂ ਹੋ ਜਾਂਦਾ ਹੈ ਆਦਮੀ ਪਰ ਇਕ ਮੰਜ਼ਿਲ ਉਸ ਤੋਂ ਅੱਗੇ ਰਹਿ ਜਾਂਦੀ ਹੈ, ਉਹ ਵਾਹਿਗੁਰੂ ਦੀ ਮੰਜ਼ਲ ਹੈ। ਜੀਵ ਤੱਤ ਦੇ ਵਿਚ ਆ ਕੇ ਜੀਵ ਭਾਵ ਤੋਂ ਆਤਮ ਤੱਤ ਉਸ ਨੂੰ ਪ੍ਰਾਪਤ ਹੋ ਗਿਆ, ਆਪਣੇ ਮੂਲ ਵਿਚ ਚਲਿਆ ਗਿਆ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।।***
***ਪੰਨਾ - 441***

ਵੱਡੀ ਪ੍ਰਾਪਤੀ ਹੈ - ਆਤਮ ਤੱਤ ਦੇ ਵਿਚ ਲੀਨ ਹੋ ਕੇ ਪ੍ਰਮਾਤਮ ਹੋ ਜਾਣ ਦੀ, ਜਿਸਨੂੰ ਫਿਨਾਹਿ ਫਿਲਾਹ ਕਹਿੰਦੇ ਹਨ। ਮਹਾਰਾਜ ਹੋਰ ਅੱਗੇ ਕਹਿੰਦੇ ਹਨ, ਫੇਰ -

***ਆਤਮਾ ਪਰਾਤਮਾ ਏਕੋ ਕਰੈ॥***
***ਅੰਤਰ ਕੀ ਦੁਬਿਧਾ ਅੰਤਰਿ ਮਰੈ।। ਪੰਨਾ - 661***

ਇਕ ਕਦਮ ਹੋਰ ਚਲੋ, ਪਿਆਰਿਓ! ਇਕ ਕਦਮ ਪਿਛੇ ਰਹਿ ਗਏ ਤੁਸੀਂ। ਇਸ ਤੋਂ ਅੱਗੇ ਸਰਬ ਕਲਾ ਸਮਰੱਥ ਪ੍ਰਮੇਸ਼ਰ ਹੈ। ਉਸ ਦੇ ਕੋਲ ਨਦਰ ਦਾ ਕ੍ਰਿਸ਼ਮਾ ਹੈ। ਉਸ ਦੀ ਨਦਰ ਮੰਗੋ ਸਮਾਧੀ ਵਿਚ ਬੈਠ ਕੇ, ਇਥੇ ਹੀ ਰੁਕੋ ਨਾ। ਸਹਿਜ ਸਮਾਧ ਦੇ ਵਿਚ ਚੱਲੋ, ਅਨਹਤ ਸੁੰਨ ਵਿਚ ਚਲੋ -

***ਅਨਹਤ ਸੁੰਨੁ ਰਤੇ ਸੇ ਕੈਸੇ॥***
***ਜਿਸ ਤੇ ਉਪਜੇ ਤਿਸ ਹੀ ਜੈਸੇ।। ਪੰਨਾ - 943***

ਸੋ ਸਾਰਿਆਂ ਨੇ ਨਮਸਕਾਰ ਕੀਤੀ ਕਿ ਹੇ ਨਾਨਕ! ਇਹ ਗੱਲ ਸਾਡੇ ਤੋਂ ਖੁੰਝ ਗਈ ਸੀ। ਅਸੀਂ ਤਾਂ ਨਿਰ-ਵਿਕਲਪ ਸਮਾਧੀ ਵਿਚ ਆ ਕੇ ਰੁਕ ਗਏ ਸੀ, ਅਸੰਪਰਗਿਆਤ ਸਮਾਧੀ ਵਿਚ ਆ ਕੇ ਰੁਕ ਗਏ ਸੀ। ਤੂੰ ਸਹਿਜ ਸਮਾਧ ਦੀ ਗੱਲ ਸਾਨੂੰ ਦੱਸੀ ਹੈ ਤੇ ਨਾਲ ਹੀ ਇਹ ਦੱਸਿਆ ਹੈ ਕਿ ਇਹਦੇ ਵਿਚ ਖੁਸ਼ਕੀ ਨਹੀਂ ਹੈ, ਰਸ ਹੈ, ਬੇਅੰਤ ਅਨੰਦ ਹੈ ਜਿਹੜਾ ਦੱਸਿਆ ਨਹੀਂ ਜਾ ਸਕਦਾ। ਐਸਾ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਸਹਿਜ ਸਮਾਧ ਲਗੀ ਲਿਵ ਅੰਤਰ,***
***ਸੋ ਰਸ ਸੋਈ ਜਾਨੈ - 2***
***ਸੋ ਰਸ ਸੋਈ ਜਾਨੈ - 4, 2***
***ਸਹਿਜ ਸਮਾਧ ਲਗੀ ਲਿਵ ਅੰਤਰ,.........2***

ਗੁਰੂ ਮਹਾਰਾਜ ਤੋਂ ਪਹਿਲਾਂ ਸਾਰੇ ਆਪਣੇ ਆਤਮ ਸਰੂਪ ਵਿਚ ਰੁਕ ਜਾਂਦੇ ਸੀ, ਸਵੈ ਸਰੂਪ ਵਿਚ ਜਾ ਕੇ ਰੁਕ ਜਾਂਦੇ ਸੀ। ਗੁਰੂ ਮਹਾਰਾਜ ਕਹਿੰਦੇ ਹਨ ਕਿ ਇਸ ਤੋਂ ਅੱਗੇ ਇਕ ਮੰਜ਼ਲ ਹੋਰ ਹੈ ਭਾਈ, ਓਥੇ ਮਿਹਰ ਦਾ, ਨਦਰਿ ਦਾ ਕ੍ਰਿਸ਼ਮਾ ਵਰਤਣਾ ਹੈ, ਫੇਰ ਪ੍ਰਮੇਸ਼ਰ ਦੇ ਵਿਚ ਜਾ ਕੇ ਮਿਲਣਾ ਹੈ -

***ਜਿਉ ਜਲ ਮਹਿ ਜਲੁ ਆਇ ਖਟਾਨਾ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ॥ ਪੰਨਾ - 278***

ਜਦੋਂ ਜੀਵਪਣਾ ਉਥੇ ਮਿਟ ਜਾਂਦਾ ਹੈ, ਫੇਰ ego (ਮੈਂ) ਤਾਂ ਰਹਿੰਦੀ ਹੀ ਨਹੀਂ, ਹਉਮੈ ਰਹਿੰਦੀ ਹੀ ਨਹੀਂ ਪਰ ਉਹ ਆਪੇ ਪ੍ਰਮੇਸ਼ਰ ਬਣ ਜਾਂਦਾ ਹੈ, ਫਰਕ ਨਹੀਂ ਰਹਿੰਦਾ -

***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥***
***ਪੰਨਾ - 969***

ਇਕੋ ਹੀ ਬਣ ਗਏ, ਹੁਣ ਪਤਾ ਨਹੀਂ ਲਗਦਾ ਕਿ ਕਬੀਰ ਰਾਮ ਹੈ ਜਾਂ ਰਾਮ ਕਬੀਰ ਹੈ। ਇਹ ਗੱਲ ਸਮਝਣ ਵਾਲੀ ਹੈ। ਇਸ ਗੱਲ ਦਾ ਬੰਦਗੀ ਕਰਨ ਵਾਲਿਆਂ ਨੂੰ, ਕਿਸੇ ਕਿਸੇ ਨੂੰ ਪਤਾ ਲਗਦਾ ਹੈ, ਸਾਰੇ ਨਹੀਂ ਜਾਣਦੇ।

ਕਹਿਣ ਲੱਗੇ, ਪਾਤਸ਼ਾਹ! ਇਹ ਗੱਲ ਸਾਨੂੰ ਅੱਜ ਤੁਸੀਂ ਨਵੀਂ ਦੱਸੀ ਹੈ, ਅਸੀਂ ਇਸ ਤੋਂ ਖੁੰਝੇ ਹੋਏ ਸੀ, ਅਸੀਂ ਕੇਵਲ ਪੰਜ ਤੱਤ, ਮੁਕਤ ਪਦ ਤੋਂ ਅਗਾਹਾਂ ਨਹੀਂ ਸੀ ਜਾਣਾ ਚਾਹੁੰਦੇ। ਸਾਰਾ ਸੰਸਾਰ ਇਥੇ ਰੁਕਿਆ ਪਿਆ ਸੀ, ਮਹਾਰਾਜ।

***ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ।***
***ਬਾਬਰ ਕੇ ਬਾਬੇ ਮਿਲੇ ਨਿਵ ਨਿਵ ਸਭ ਨਬਾਬ ਨਿਵਾਇਆ।***
***ਪਤਿਸਾਹਾ ਮਿਲਿ ਵਿਛੁੜੇ ਜੋਗ ਭੋਗ ਛਡਿ ਚਲਿਤੁ ਰਚਾਇਆ।***
***ਦੀਨ ਦੁਨੀਆ ਦਾ ਪਾਤਿਸ਼ਾਹੁ ਬੇਮੁਹਤਾਜੁ ਰਾਜੁ ਘਰਿ ਆਇਆ।***
***ਕਾਦਰ ਹੋਇ ਕੁਦਰਤਿ ਕਰੇ ਇਹ ਭਿ ਕੁਦਰਤਿ ਸਾਂਗੁ ਬਣਾਇਆ।***
***ਇਕਨਾ ਜੋੜ ਵਿਛੋੜਦਾ ਚਿਰੀ ਵਿਛੁਨੇ ਆਣਿ ਮਿਲਾਇਆ।***
***ਸਾਧ ਸੰਗਤ ਵਿਚਿ ਅਲਖੁ ਲਖਾਇਆ।***
***ਭਾਈ ਗੁਰਦਾਸ ਜੀ, ਵਾਰ 26/21***

ਜਿਹੜਾ ਲੱਖਿਆ ਨਹੀਂ ਸੀ ਜਾਂਦਾ, ਸਾਧਸੰਗ ਵਿਚ ਆ ਕੇ ਉਹ ਲਖਾ ਦਿਤਾ।

ਸੋ ਇਸ ਤਰ੍ਹਾਂ ਦੇ ਬਚਨ ਭਾਈ ਮਨਸੁਖ ਜੀ ਰਾਜਾ ਸ਼ਿਵਨਾਭ ਦੇ ਨਾਲ ਕਰਦੇ ਨੇ। ਉਹ ਬੜਾ ਵਿਦਵਾਨ ਸੀ, ਐਵੇਂ ਨਹੀਂ ਸੀ ਕੋਈ ਮਾਮੂਲੀ ਬੰਦਾ। ਬਹੁਤ ਰੂਹਾਨੀਅਤ ਸੀ ਉਸ ਦੇ ਅੰਦਰ ਕਿਉਂਕਿ ਬਹੁਤ ਸਿੱਧ ਨਾਥ ਜੋਗੀ ਓਥੇ ਜਾਇਆ ਕਰਦੇ ਸਨ। ਇਸੇ ਰਾਜ ਦੇ ਪਿਤਾ ਜਿਸ ਦਾ ਨਾਉਂ ਅਮਰੂ ਸੀ, ਕੋਲ ਮਛੰਦਰ ਨਾਥ ਆਇਆ ਕਰਦਾ ਸੀ ਲੇਕਿਨ ਠੀਕ ਹੈ ਦਸਵੇਂ ਦੁਆਰ 'ਚ ਸੁਆਸ ਤਾਂ ਚਾੜ੍ਹ ਲਏ ਪਰ ਮਨ ਨਹੀਂ ਸ਼ੁਧ ਹੋਇਆ ਸੀ, ਮਨ ਅਜੇ ਮੈਲਾ ਸੀ ਤੇ ਜਦੋਂ ਅਮਰੂ ਰਾਜਾ ਚੜ੍ਹਾਈ ਕਰ

ਗਿਆ, ਉਸ ਵੇਲੇ ਇਸ (ਮਛੰਦਰਨਾਥ) ਨੇ ਉਸ ਦੀਆਂ ਪਦਮਣੀ ਰਾਣੀਆਂ ਨੂੰ ਦੇਖ ਕੇ ਭੋਗਾਂ ਦੀ ਇੱਛਾ ਕੀਤੀ। ਮਛੰਦਰ ਦਾ ਮਨ ਡੋਲ ਗਿਆ। ਇਸ ਨੇ ਆਪਣਾ ਸਰੀਰ ਤਾਂ ਇਕ ਕੰਦਰਾ ਦੇ ਵਿਚ ਬਿਠਾ ਦਿਤਾ ਤੇ ਉਸ ਦੇ ਸਰੀਰ ਵਿਚ ਜਾ ਕੇ ਵੜ ਗਿਆ, ਅਮਰੂ ਰਾਜੇ ਦਾ ਸਰੀਰ ਜਿਉਂਦਾ ਕਰ ਦਿਤਾ। ਕਿੰਨੇ ਸਾਲ ਲੰਘ ਗਏ, ਗੋਰਖਨਾਥ, ਬਾਲ ਗੁਦਾਈਂ ਦੇ ਨਾਲ ਚਰਚਾ ਕਰ ਰਿਹਾ ਸੀ। ਜ਼ਿਆਦਾ ਗਰਮਾ ਗਰਮੀ ਹੋ ਗਈ ਤੇ ਉਸ ਨੇ ਮਹਾਂਪੁਰਸ਼ਾਂ ਵਾਲਾ ਮਿਹਣਾ ਮਾਰ ਦਿਤਾ। ਕਹਿਣ ਲੱਗੇ, "ਗੋਰਖ! ਇਹ ਤਾਂ ਦੇਖ ਕਿ ਤੈਨੂੰ ਸੁੱਧ ਹੈ, ਤੇਰਾ ਗੁਰੂ ਕਿਥੇ ਹੈ?"

***ਮੰਨੈ ਤਰੈ ਤਾਰੇ ਗੁਰੁ ਸਿਖ॥ ਪੰਨਾ - 3***

ਕਈ ਵਾਰ ਗੁਰੂ ਨੂੰ ਸਿੱਖ ਤਾਰ ਦਿੰਦਾ ਹੈ। ਨਿਗ੍ਹਾ ਮਾਰ ਕੇ ਦੇਖਿਆ, ਕਿਤੇ ਨਜ਼ਰ ਨਹੀਂ ਆਉਂਦਾ। ਕਹਿਣ ਲੱਗਿਆ, "ਕਿਥੇ ਹੋਇਆ?" ਕਹਿੰਦੇ, "ਤੂੰ ਦਸ ਕਿਥੇ ਹੈਂ?" ਅਖੀਰ ਦੱਸਿਆ ਬਾਲ ਗੁਦਾਈਂ ਨੇ ਕਿ ਅਮਰੂ ਰਾਜੇ ਦੀ ਸਰੀਰ ਰੂਪੀ ਖੱਲੜੀ 'ਚ ਵੜਿਆ ਬੈਠਾ ਰਾਣੀਆਂ ਭੋਗਦਾ ਹੈ। ਉਸ ਵੇਲੇ ਇਹ ਲੰਕਾ ਵਿਚ ਗਿਆ, ਜਾ ਕੇ ਉਸ ਨੇ ਸੰਗਲਾਦੀਪ ਵਿਚੋਂ ਆਪਣੇ ਗੁਰੂ ਨੂੰ ਜਗਾਇਆ ਜੋ ਸੌਂ ਗਿਆ ਸੀ ਮਾਇਆ ਦੀ ਨੀਂਦ ਵਿਚ।

ਸੋ ਐਹੋ ਜਿਹੇ ਵੀ ਰਾਜਾ ਸ਼ਿਵਨਾਭ ਦੇ ਰਾਜ ਵਿਚ ਜਾਂਦੇ ਸੀ, ਹੋਰ ਬੇਅੰਤ ਸਾਧੂ ਮਹਾਂਪੁਰਸ਼ ਜਾਂਦੇ ਸੀ। ਚਰਚਾ ਸੁਣਦਾ ਸੀ, ਵਿਦਵਾਨ ਪੁਰਸ਼ ਸੀ। ਵਿਦਵਾਨ ਨੂੰ ਸਮਝਾਉਣ ਵਾਸਤੇ ਬੜੀ ਵਿਦਵਤਾ ਦੀ ਲੋੜ ਹੁੰਦੀ ਹੈ। ਆਮ ਆਦਮੀ ਨੂੰ ਸਮਝਾਉਣਾ ਮਾਮੂਲੀ ਗੱਲ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਪੰਨਾ - 12***

ਹੋਰ ਸਭ ਸਮਝ ਜਾਣਗੇ, ਕੋਈ ਔਖਾ ਨਹੀਂ। ਥੋੜ੍ਹੀ ਤੋਂ ਥੋੜ੍ਹੀ ਅਕਲ ਵਾਲਾ ਵੀ ਸਮਝ ਜਾਏਗਾ ਤੇ ਵੱਡੀਆਂ ਗੱਲਾਂ ਸਮਝਾਉਣ ਵਾਸਤੇ ਬੜੀਆਂ ਗੱਲਾਂ ਦੀ ਲੋੜ ਹੈ। ਸੋ ਉਸ ਵੇਲੇ ਮਨਸੁਖ ਜੀ ਨੇ ਰਾਜਾ ਸ਼ਿਵਨਾਭ ਨੂੰ ਕਿਹਾ ਕਿ ਰਾਜਨ! ਇਹ ਜਿਹੜਾ ਤੁਸੀਂ ਵਰਤਾਂ ਦੇ ਵਿਚ ਫਸੇ ਪਏ ਹੋ ਨਾ, ਇਕਾਦਸ਼ੀ ਦਾ ਵਰਤ ਰੱਖ ਲਿਆ, ਸਾਲਗ੍ਰਾਮ ਨੂੰ ਪੂਜ ਲਓ; ਇਹ ਚੀਜ਼ਾਂ ਬਹੁਤ ਛੋਟੀਆਂ ਨੇ, ਇਨ੍ਹਾਂ ਦੇ ਨਾਲ ਮੁਕਤੀ ਨਹੀਂ ਹੁੰਦੀ। ਜਦ ਤਕ ਪੂਰਾ ਗੁਰੂ ਨਹੀਂ ਮਿਲਦਾ ਓਨੀ ਦੇਰ ਤਕ ਮੁਕਤੀ ਨਹੀਂ ਮਿਲਦੀ। ਦੂਜਾ ਰਸਤਾ ਜਿਹੜਾ ਹੈ ਉਹ ਸੁਗਮ ਹੈ। ਦੋ ਰਸਤੇ ਨੇ; ਇਕ ਤਾਂ ਕੀੜੀ ਦਾ ਮਾਰਗ ਹੈ, ਦੂਜਾ ਪੰਛੀ ਦਾ ਮਾਰਗ ਜਿਸ ਨੂੰ ਬਿਹੰਗਮ ਮਾਰਗ ਕਹਿੰਦੇ ਨੇ। ਦੋ ਚਾਰ ਮੀਲ ਦੇ ਉਤੇ ਕੋਈ ਦਰਖਤ ਖੜ੍ਹਾ ਹੈ, ਕੀੜੀ ਨੂੰ ਵਾਸ਼ਨਾ ਆ ਗਈ ਕਿ ਫਲ ਪੱਕਿਆ ਹੋਇਆ ਹੈ। ਇਸ ਨੇ ਤੁਰਨੈ, ਕਿੱਡੀਆਂ ਬਿਪਤਾਂ ਨੇ ਰਸਤੇ ਵਿਚ; ਜੇ ਮੂਹਰੇ ਗਿੱਠ ਕੁ ਚੌੜਾ ਨਾਲਾ ਆ ਜਾਏ, ਉਹਦੇ ਵਿਚੋਂ ਕੀੜੀ ਨਹੀਂ ਲੰਘ ਸਕਦੀ ਤੇ ਜਿਹੜਾ ਪੰਛੀ ਹੈ ਉਸ ਨੇ ਉਡਾਰੀ ਮਾਰਨੀ ਹੈ; ਹੁਣ ਇਥੇ ਹੈ, ਦੇਖਦੇ ਦੇਖਦੇ ਫਲ ਤੇ ਚਲਿਆ ਜਾਏਗਾ। ਕਹਿਣ ਲੱਗਿਆ, ਅਸਲੀ ਰਸਤਾ ਇਹ ਹੈ। ਜਿਸ ਰਸਤੇ ਤੁਸੀਂ ਚਲਦੇ ਹੋ ਇਹ ਕੀੜੀ ਦਾ ਰਸਤਾ ਹੈ। ਇਸ ਰਸਤੇ ਤੁਰਨਾ ਬਹੁਤ ਔਖਾ ਹੈ, ਬੜੀ ਦੇਰ ਲਗਦੀ ਹੈ, ਜਨਮ ਬੀਤ ਜਾਂਦੇ ਨੇ ਪਰ ਸਾਡੇ ਪੂਰੇ ਸਤਿਗੁਰੂ ਨੇ ਸਾਨੂੰ ਬਿਹੰਗਮ ਦਾ ਰਸਤਾ ਦਸ ਦਿਤਾ - ਪੰਛੀ ਦਾ ਰਸਤਾ ਤੇ ਅਸੀਂ ਇਸ ਮਾਰਗ ਤੇ ਚਲਦੇ ਹਾਂ। ਸੋ ਇਸ ਰਸਤੇ ਦਾ ਗੁਰੂ ਤੋਂ ਬਗੈਰ ਪਤਾ ਨਹੀਂ ਲੱਗਿਆ ਕਰਦਾ।

***ਧਾਰਨਾ - ਬਿਨਾਂ ਗੁਰਾਂ ਤੋਂ ਮੁਕਤਿ ਨਾ ਹੋਵੈ,***
***ਪੁਛੋ ਬ੍ਰਹਮੇ ਨਾਰਦੇ ਨੂੰ - 2***
***ਮੇਰੇ ਪਿਆਰੇ ਪੁਛੋ ਬ੍ਰਹਮੇ ਨਾਰਦੇ ਨੂੰ -2, 2.***
***ਬਿਨਾਂ ਗੁਰਾਂ ਤੋਂ ਮੁਕਤ ਨਾ ਹੋਵੇ,...... - 2***

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥***
***ਪੰਨਾ - 59***

ਦੇਖੋ ਕੀੜੀ ਜਿਹੜੀ ਹੈ -

***ਜੈਸੇ ਚੀਟੀ ਕ੍ਰਮ ਕ੍ਰਮ ਕੈ ਬਿਰਖ ਚੜੈ॥***
***ਕਬਿੱਤ ਸਵੱਯੇ ਭਾਈ ਗੁਰਦਾਸ ਜੀ 404***

ਦੋ ਮੀਲ ਤੇ ਕੀੜੀ ਨੇ ਜਾਣਾ ਹੋਵੇ, ਕਿਵੇਂ ਪਹੁੰਚਦੀ ਹੈ? ਹੌਲੀ ਹੌਲੀ ਕਦਮ ਪੁੱਟਦੀ ਜਾਂਦੀ ਹੈ। ਪਹੁੰਚ ਸਕੇ ਜਾਂ ਨਾ ਪਹੁੰਚ ਸਕੇ।

***ਪੰਛੀ ਉਡ ਜਾਇ ਬੈਸੇ ਨਿਕਟ ਹੀ ਫਲ ਕੈ॥***
***ਕਬਿੱਤ ਸਵੱਯੇ ਭਾਈ ਗੁਰਦਾਸ ਜੀ 404***

ਪੰਛੀ ਨੇ ਇਕ ਦਮ ਜਾ ਕੇ ਬਹਿ ਜਾਣਾ ਹੈ।

***ਜੈਸੇ ਗਾਡੀ ਚਲੀ ਜਾਤਿ ਲੀਕਨ ਮਹਿ ਧੀਰਜ ਸੈ,***
***ਕਬਿੱਤ ਸਵੱਯੇ ਭਾਈ ਗੁਰਦਾਸ ਜੀ 404***

ਜਿਵੇਂ ਗੱਡਾ ਲੀਹਾਂ ਦੇ ਵਿਚ ਆਰਾਮ ਨਾਲ ਹੌਲੀ ਹੌਲੀ ਚਲਦਾ ਹੈ ਪਰ ਜਿਹੜਾ ਘੋੜ ਅਸਵਾਰ ਹੈ, ਕਦੇ ਐਧਰ ਹੋ ਗਿਆ, ਕਦੇ ਓਧਰ ਹੋ ਗਿਆ, ਆਰਾਮ ਨਾਲ ਆਪਣੀ ਮੰਜ਼ਲ-ਏ-ਮਕਸੂਦ ਤੇ ਸ਼ੀਘਰ ਹੀ ਪਹੁੰਚ ਜਾਂਦਾ ਹੈ।

***ਘੋਰੋ ਦੌਰਿ ਜਾਇ ਬਾਂਇ ਦਾਹਨੇ ਸਬਲ ਕੈ॥***
***ਕਬਿੱਤ ਸਵੱਯੇ ਭਾਈ ਗੁਰਦਾਸ ਜੀ 404***

***ਜੈਸੇ ਕੋਸ ਭਰਿ ਚਲਿ ਸਕੀਐ ਨ ਪਾਇਨ ਕੈ,***
***ਆਤਮਾ ਚਤੁਰ ਕੁੰਟ ਧਾਇ ਆਵੈ ਪਲ ਕੈ॥***
***ਤੈਸੇ ਲੋਗ ਬੇਦ ਭੇਦ ਗਿਆਨ ਉਨਮਾਨ ਪੱਛ,***
***ਗੰਮ ਗੁਰ ਚਰਨ ਸਰਨਿ ਅਸਥਲ ਕੈ॥***
***ਕਬਿੱਤ ਸਵੱਯੇ ਭਾਈ ਗੁਰਦਾਸ ਜੀ 404***

ਪੈਰੀਂ (ਪੈਦਲ ਚੱਲ ਕੇ) ਜਾਣਾ ਹੋਵੇ, ਬੋਝ ਸਿਰ ਤੇ ਹੋਵੇ, ਇਕ ਕੋਹ ਨਹੀਂ ਅਸੀਂ ਚਲ ਸਕਦੇ। ਜਿਹੜਾ ਚਤੁਰ ਹੈ ਕੋਈ ਸਵਾਰੀ ਲੈ ਕੇ ਮਿੰਟਾਂ ਵਿਚ ਪਹੁੰਚ ਜਾਂਦਾ ਹੈ। ਜਿਹੜੇ ਲੋਕ, ਵੇਦ ਸਿੰਮ੍ਰਤੀਆਂ ਆਦਿ ਨੇ, ਕਰਮ ਧਰਮ ਦਸਦੇ ਨੇ - ਆਹ ਵਰਤ ਰੱਖ ਲਓ, ਆਹ ਵਰਤ ਰੱਖ ਲਓ, ਔਹ ਚੀਜ਼ ਓਥੇ ਜਾ ਕੇ ਨਹਾ ਕੇ ਦਾਨ ਕਰ ਲਓ, ਆਪੇ ਫਲ ਮਿਲ ਜਾਏਗਾ, ਔਹ ਤੀਰਥ ਤੇ ਜਾਓ ਆਹ ਮਿਲ ਜਾਵੇਗਾ, ਪ੍ਰਸ਼ਾਦਾ ਛਕਾ

ਦਓ, ਕੀੜੀਆਂ ਨੂੰ ਤਿਲਚੌਲੀ ਪਾ ਦਓ, ਪਸ਼ੂਆਂ ਨੂੰ ਨਮਕ ਰੱਖ ਦਿਓ, ਪਸ਼ੂਆਂ ਨੂੰ ਪਾਣੀ ਪੀਣ ਲਈ ਖੈਲ੍ਹ ਬਣਾ ਦਿਓ; ਇਹ ਛੋਟੇ-ਛੋਟੇ ਕਰਮ ਨੇ, ਇਨ੍ਹਾਂ ਦੇ ਨਾਲ ਬੜੀ ਦੇਰ ਲਗਦੀ ਹੈ ਪਹੁੰਚਣ ਨੂੰ -

***ਕਰਮ ਧਰਮ ਕਰਿ ਮੁਕਤਿ ਮੰਗਾਹੀ॥***
***ਮੁਕਤਿ ਪਦਾਰਥੁ ਸਬਦਿ ਸਲਾਹੀ॥*** ***ਪੰਨਾ - 1024***

ਇਨ੍ਹਾਂ ਵਿਚ ਮੁਕਤੀ ਨਹੀਂ ਹੈ। ਜਿੰਨਾਂ ਚਿਰ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ, ਓਨੀ ਦੇਰ ਤਕ ਮੁਕਤੀ ਨਹੀਂ ਮਿਲਦੀ।

***ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥***
***ਪੰਨਾ - 1024***

ਸਾਰਾ ਸੰਸਾਰ ਪਰਪੰਚ ਦੇ ਵਿਚ ਭਰਮਦਾ ਫਿਰਦਾ ਹੈ, ਉਨ੍ਹਾਂ ਨੂੰ ਗੁਰੂ ਲੱਗਿਆ ਨਹੀਂ ਹੈ -

***ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥***
***ਪੰਨਾ - 1374***

ਗੁਰੂ ਤਾਂ ਬਣਾ ਲਿਆ, ਅਸੀਂ ਅੰਮ੍ਰਿਤ ਛਕ ਲਿਆ ਪਰ ਗੁਰੂ ਲੱਗਿਆ ਤਾਂ ਨਹੀਂ ਹੈ। ਅਜੇ ਉਹੀ ਮੋਹ ਹੈ, ਉਹੀ ਤਿੰਨ ਤਾਪ ਨੇ - ਆਧੀ ਬਿਆਧੀ ਉਪਾਧੀ ਚੰਬੜੇ ਨੇ, ਓਹੀ ਲੋਭ ਹੈ, ਓਹੀ ਮੋਹ ਹੈ, ਉਹੀ ਅਭਿਮਾਨ ਹੈ, ਉਹੀ ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜ ਵਿਸ਼ੇ ਨੇ, ਉਹੀ ਮਾਣ ਹੈ, ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ, ਤੇ ਸਮਝਦੇ ਨੇ ਗੁਰੂ ਲਗ ਗਿਆ? ਨਾ, ਗੁਰੂ ਨਹੀਂ ਲੱਗਿਆ। ਗੁਰੂ ਤਾਂ ਉਸ ਵੇਲੇ ਲਗਣੈ ਜਦੋਂ ਮੋਹ, ਤਨ ਦੇ ਤਾਪ ਹਟ ਜਾਣਗੇ। ***'ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥'*** ਸਾਰਾ ਸੰਸਾਰ ਭਰਮਦਾ ਫਿਰਦਾ ਹੈ ਕਿਉਂਕਿ ਸ਼ਬਦ ਨਹੀਂ ਕਮਾਇਆ। ਸਤਿਗੁਰ ਦਾ ਸ਼ਬਦ ਜਦੋਂ ਕਮਾ ਲਿਆ, ਫੇਰ ਕੀ ਹੋਏਗਾ? ਮਹਾਰਾਜ ਕਹਿੰਦੇ ਨੇ, 'ਉਜਾਰੋ ਦੀਪਾ' ਹਜ਼ਾਰਾਂ ਹੀ ਵਾਟ (ਸ਼ਕਤੀ) ਦਾ ਬਲਬ ਮਚ ਜਾਏਗਾ। ਫੇਰ ਹੋਏਗਾ ਕੀ?

***ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ॥***
***ਪੰਨਾ - 821***

ਉਹਦੇ ਵਿਚੋਂ ਅਗਿਆਨ ਰੂਪੀ ਮਹਾਂ ਅੰਧਕਾਰ ਦਾ ਨਾਸ਼ ਹੋ ਜਾਏਗਾ। ਜਦੋਂ ਅੰਧਕਾਰ ਦਾ ਨਾਸ਼ ਹੋ ਗਿਆ, ਫੇਰ ਬਿਰਤੀ ਕੀ ਹੁੰਦੀ ਹੈ?

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ।।***
***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥*** ***ਪੰਨਾ - 1299***

ਕਿਉਂਕਿ ਅੰਦਰ ਪ੍ਰਕਾਸ਼ ਹੋ ਗਿਆ। ਪ੍ਰਕਾਸ਼ ਹੋਣ ਤੇ ਦੇਖਿਆ ਕਿ ਇਹ ਤਾਂ ਸਾਰੇ ਆਪਣੇ ਹੀ ਨੇ, ਆਤਮਾ ਹੀ ਨੇ ਸਾਰੇ, ਦੂਜਾ ਤਾਂ ਹੈ ਹੀ ਨਹੀਂ ਕੋਈ। ਪੰਜ ਤੱਤ ਦੇ ਸਰੀਰ ਨੇ, 25 ਪ੍ਰਕ੍ਰਿਤੀਆਂ ਦੇ ਕਰਮ ਇੰਦਰੇ, ਗਿਆਨ ਇੰਦਰੇ, ਫੇਰ ਪੰਜ ਪ੍ਰਾਣ, ਪੰਜ ਇਹਦੇ ਵਿਚ ਹਵਾਵਾਂ ਨੇ, ਮਨ ਹੈ, ਚਿਤ ਹੈ, ਬੁਧਿ ਹੈ, ਅਹੰਭਾਵ ਹੈ; ਉਹਦੇ ਉਤੇ ਆਤਮਾ ਸਾਰਿਆਂ ਦੀ ਇਕੋ ਹੈ ਕਿਉਂਕਿ ਪ੍ਰਕਾਸ਼ ਹੋ ਗਿਆ। ਜਦ ਪ੍ਰਕਾਸ਼ ਹੋਇਆ, ਫੇਰ - ***'ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ॥'***

ਹੁਣ ਕੋਠੜੀ ਖੁਲ੍ਹ ਗਈ। ਕਾਹਦੀ? ਰਤਨਾਂ ਦੀ ਭਰੀ ਹੋਈ ਕੋਠੜੀ, ਜਿਥੇ ਪ੍ਰਮੇਸ਼ਰ ਦਾ ਨਾਮ ਹੀ ਨਾਮ ਹੈ।

ਜਦੋਂ ਉਪਮਾ ਤੋਂ ਰਹਿਤ ਆਤਮਾ ਵਾਲੀ ਕੋਠੜੀ 'ਚ ਦਾਖਲਾ ਹੋਇਆ, ਜਿਸ ਨੂੰ ਉਨਮਨ ਦੀ ਕੋਠੜੀ ਕਹਿੰਦੇ ਹਨ, ਫੇਰ ਪਤਾ ਲੱਗਿਆ ਕਿ ਅਸੀਂ ਤਾਂ ਹਨ੍ਹੇਰੇ ਵਿਚ ਹੀ ਫਿਰ ਰਹੇ ਸੀ।

ਭਾਈ ਮਨਸੁਖ ਕਹਿਣ ਲੱਗਿਆ, ਰਾਜਨ ਕਰਮ ਜਿਹੜੇ ਨੇ ਇਹ -

***ਕੋਟਿ ਕਰਮ ਬੰਧਨ ਕਾ ਮੂਲੁ॥*** ***ਪੰਨਾ - 1149***

ਕਰੋੜਾਂ ਕਰਮ ਕਰ ਲਓ, ਬੰਨ੍ਹੇ ਜਾਵਾਂਗੇ ਕਿਉਂਕਿ ਕਰਮਯੋਗ ਦੀ ਸੂਝ ਨਹੀਂ ਹੈ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ॥***
***ਪੰਨਾ - 1414***

ਰਾਜੇ ਸ਼ਿਵਨਾਭ ਨੇ ਕਿਹਾ, "ਫੇਰ ਪੁੰਨ ਦਾਨ ਨਾ ਕਰੀਏ?"

ਕਹਿੰਦੇ ਕਰੋ, ਸਤਿਗੁਰੂ ਦੇ ਅੱਗੇ ਅਰਦਾਸ ਕਰੋ ਕਿ ਪਾਤਸ਼ਾਹ! ਮੈਂ ਤਾਂ ਕੁਛ ਨਹੀਂ ਕਰ ਸਕਦਾ, ਤੂੰ ਹੀ ਕਰਾਉਂਦਾ ਹੈਂ, ਮੈਂ ਸੇਵਾ ਨਹੀਂ ਕਰ ਸਕਦਾ, ਤੂੰ ਸੇਵਾ ਕਰਨ ਦਾ ਮੌਕਾ ਮੈਨੂੰ ਦੇ ਦਿਤਾ। ਜਦੋਂ 'ਮੈਂ' ਆਏਗੀ ਫੇਰ ਗੜਬੜ ਹੋਏਗੀ। ਜਦ ਇਹ attitude of mind (ਮਨ ਦੀ ਭਾਵਨਾ) ਰਹੇਗੀ ਕਿ ਮੈਂ ਕੁਛ ਨਹੀਂ ਕਰਦਾ, ਤੂੰ ਹੀ ਕਰਾਉਂਦਾ ਹੈਂ ਤਾਂ ਫੇਰ ਇਹ ਜਿਹੜੇ ਕਰਮ ਨੇ ਇਹ ਮਨ ਦੀ ਮੈਲ ਦੂਰ ਕਰਨਗੇ ਤੇ ਗਿਆਨ ਦੇ ਪ੍ਰਕਾਸ਼ ਵਿਚ ਸਹਾਈ ਹੋਣਗੇ। ਜੇ ਕਰਮ ਧਰਮ ਕਰਕੇ ਫਲ ਮੰਗਦਾ ਹੈ ਮਹਾਰਾਜ ਕਹਿੰਦੇ -

***ਕੋਟਿ ਕਰਮ ਬੰਧਨ ਕਾ ਮੂਲੁ॥***
***ਹਰਿ ਕੇ ਭਜਨ ਬਿਨੁ ਬਿਰਥਾ ਪੂਲੁ॥*** ***ਪੰਨਾ - 1149***

ਕਰੋੜਾਂ ਕਰਮ ਕਰ ਲੈ, ਇਹ ਤਾਂ ਬੰਨ੍ਹਣਗੇ ਹੀ, ਕਿਉਂਕਿ ਇਹ ਸੰਗਲ ਨੇ। ਵਾਹਿਗੁਰੂ ਦੇ ਭਜਨ ਬਿਨਾਂ ਸਭ ਬਿਰਥੇ ਨੇ।

***ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ॥***
***ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ।।***
***ਪੰਨਾ - 405***

ਸਭ ਤੋਂ ਉਤੇ ਹੈ ਨਾਮ ਜਪਣਾ, ਇਹ ਅਤਿ ਸ੍ਰੇਸ਼ਟ ਕਰਮ ਹੈ। ਐਵੇਂ ਨਹੀਂ 'ਵਾਹਿਗੁਰੂ ਵਾਹਿਗੁਰੂ' ਭੀ ਕਰੀ ਜਾਂਦਾ ਹੈ, ਨਾਲੇ ਦੂਜੇ ਦੀ ਫਸਲ ਵੱਢੀ ਜਾਂਦਾ ਹੈ; ਬਾਣੀ ਪੜ੍ਹੀ ਜਾਂਦਾ ਹੈ, ਨਾਲੇ ਨਿੰਦਿਆ ਕਰੀ ਜਾਂਦਾ ਹੈ; ਮਾਲਾ ਫੇਰੀ ਜਾਂਦਾ ਹੈ, ਨਾਲ ਹੀ ਘੱਟ ਤੋਲਦਾ ਹੈ। ਪ੍ਰੇਮੀਆਂ! ਐਸ ਤਰ੍ਹਾਂ ਨਹੀਂ ਕੰਮ ਬਣਨਾ, ਨਾਮ ਦੇ ਆਚਾਰ ਵੀ ਧਾਰਨ ਕਰਨੇ ਪੈਣੇ ਨੇ। ਇਸ ਤਰ੍ਹਾਂ ਦੇ ਨਾਲ ਜਦ ਤਕ ਗੁਰੂ ਨਹੀਂ ਲਗਦਾ, ਓਨਾ ਚਿਰ ਆਦਮੀ ਲੰਘਦਾ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ ਕਿ ਜਿੰਨਾਂ ਚਿਰ ਗਿਆਨ ਨਹੀਂ ਹੁੰਦਾ, ਆਦਮੀ

ਖਟ ਕਰਮ ਕਰਦਾ ਹੈ, ਤੀਰਥ ਯਾਤਰਾ ਕਰਦਾ ਹੈ, ਦਾਨ ਕਰਦਾ ਹੈ, ਵਰਤ ਰਖਦਾ ਹੈ, ਪੂਜਾ ਕਰਦਾ ਹੈ, ਹੋਰ ਅਨੇਕਾਂ ਚੀਜ਼ਾਂ ਕਰਦਾ ਹੈ, ਪਰ ਆਤਮ ਤੱਤ ਦੇ ਸਾਖਸ਼ਾਤ ਤੋਂ ਪੂਰੀ ਤਰ੍ਹਾਂ ਵਾਂਝਾ ਰਹਿ ਜਾਂਦਾ ਹੈ –

***ਗਿਆਨੈ ਕਾਰਨ ਕਰਮ ਅਭਿਆਸੁ ॥***
***ਗਿਆਨੁ ਭਇਆ ਤਹ ਕਰਮਹ ਨਾਸੁ ॥ ਪੰਨਾ – 1167***

ਇਹ ਜਿਹੜੇ ਕਰਮ ਧਰਮ ਨੇ, ਇਹ ਕੇਵਲ ਗੁਰੂ ਨੂੰ ਪ੍ਰਸੰਨ ਕਰਕੇ ਉਸ ਤੋਂ ਨਾਮ ਦੇ ਵਾਸਤੇ ਸਹਾਇਤਾ ਲੈਣ ਵਾਸਤੇ ਹੁੰਦੇ ਨੇ। ਜਦ ਗਿਆਨ ਹੋ ਗਿਆ, ਫੇਰ ਇਹ worthless (ਫਜ਼ੂਲ) ਹੋ ਜਾਇਆ ਕਰਦੇ ਨੇ। ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਕਰਮ ਧਰਮ ਕਰਦੇ ਹੀ ਨਹੀਂ, ਨਾ ਨਿਤਨੇਮ ਹੀ ਕਰਦੇ ਨੇ। ਉਹ ਬਾਣੀ ਵੀ ਪੜ੍ਹਦੇ ਨੇ, ਸਭ ਕੁਛ ਕਰਦੇ ਨੇ ਪਰ ਉਹ ਨਿਸ਼ਕਾਮ ਕਰਮ ਕਰਦੇ ਨੇ, ਸਾਡੇ ਨਮਿਤ ਅਸਾਡੇ ਭਲੇ ਵਾਸਤੇ ਕਰਦੇ ਹਨ ਕਿ ਇਨ੍ਹਾਂ ਨੂੰ ਲਾਗ ਲੱਗੀ ਰਹੇ, ਕਿਤੇ ਸਾਨੂੰ ਦੇਖ ਕੇ ਇਹ ਭੀ ਨਿਤਨੇਮ ਛੱਡ ਹੀ ਨਾ ਦੇਣ। ਇਹ ਜਿਹੜੀਆਂ ਚੀਜ਼ਾਂ ਨੇ –

***ਜੈਸੇ ਬਨਰਾਇ ਪਰਫੁਲਤ ਫਲ ਨਮਿਤ,.............।***
***ਕਬਿੱਤ ਸਵੱਯੇ, ਭਾਈ ਗੁਰਦਾਸ ਜੀ 405***

ਇਹ ਜੋ ਦਰਖਤ ਨੇ – ਫਲਾਂ ਵਾਲੇ, ਇਹ ਫੁਲਦੇ ਨੇ ਕਾਹਦੇ ਵਾਸਤੇ ਕਿ ਫਲ ਲਗ ਜਾਵੇ। ਜਦੋਂ ਫਲ ਲਗ ਗਿਆ–

***..........ਲਾਗਤ ਹੀ ਫਲ ਪਤ੍ਰ ਪੁਹਪ ਬਿਲਾਤ ਹੈ।।***
***ਕਬਿੱਤ ਸਵੱਯੇ, ਭਾਈ ਗੁਰਦਾਸ ਜੀ 405***

ਫੁੱਲ ਵੀ ਖਤਮ ਹੋ ਜਾਂਦੇ ਨੇ, ਪੱਤੇ ਵੀ ਖਤਮ ਹੋ ਜਾਂਦੇ ਨੇ ਕਿਉਂਕਿ ਫਲ ਮਿਲ ਗਿਆ।

***ਜੈਸੇ ਤ੍ਰੀਆ ਰਚਿਤ ਸਿੰਗਾਰ ਭਰਤਾਰ ਹੇਤਿ.........॥***
***ਕਬਿੱਤ ਸਵੱਯੇ, ਭਾਈ ਗੁਰਦਾਸ ਜੀ 405***

ਇਸਤ੍ਰੀ ਸ਼ਿੰਗਾਰ ਕਰਦੀ ਹੈ ਕਿ ਮੈਨੂੰ ਪਤੀ ਮਿਲ ਜਾਵੇ, ਪਤੀ ਪਿਆਰ ਕਰੇ ਤੇ –

***........ਭੇਟਤ ਭਰਤਾਰ ਉਰ ਹਾਰ ਨ ਸਮਾਤ ਹੈ॥***
***ਕਬਿੱਤ ਸਵੱਯੇ, ਭਾਈ ਗੁਰਦਾਸ ਜੀ 405***

ਫੇਰ ਗਲ ਦਾ ਹਾਰ ਵੀ ਚੰਗਾ ਨਹੀਂ ਲਗਦਾ ਕਿ ਇਹ ਵੀ ਵਾਧੂ ਬੋਝ ਹੈ ਮੇਰੇ 'ਤੇ, ਕਿਉਂਕਿ ਪਤੀ ਮਿਲ ਗਿਆ।

***ਬਾਲਕ ਅਚੇਤ ਜੈਸੇ ਕਰਤ ਲੀਲਾ ਅਨੇਕ,........।***
***ਕਬਿੱਤ ਸਵੱਯੇ, ਭਾਈ ਗੁਰਦਾਸ ਜੀ 405***

ਜਦੋਂ ਬਾਲਕ ਛੋਟਾ ਹੁੰਦਾ ਹੈ, ਬੜੀਆਂ ਲੀਲ੍ਹਾ ਕਰਦਾ ਹੈ, ਬੜੀਆਂ ਖੇਡਾਂ ਖੇਡਦਾ ਹੈ, ਵੱਡਾ ਹੋ ਕੇ ਘਰ ਬਾਰ ਬਣਾਉਂਦਾ ਹੈ –

***.........ਸੁਚਿਤ ਚਿਤੰਨ ਭਏ ਸਬੈ ਬਿਸਰਾਤ ਹੈ॥***
***ਕਬਿੱਤ ਸਵੱਯੇ, ਭਾਈ ਗੁਰਦਾਸ ਜੀ 405***

ਫੇਰ ਇਹ ਗੁੱਡੇ ਬਣਾ ਕੇ ਨਹੀਂ ਖੇਡਦਾ, ਮਿੱਟੀ ਦੇ ਘਰ ਨਹੀਂ ਬਣਾਉਂਦਾ, ਇੱਟਾਂ ਦੇ ਘਰ ਨਹੀਂ ਬਣਾਉਂਦਾ। ਫੇਰ ਛੋਟੀਆਂ ਛੋਟੀਆਂ ਗੱਲਾਂ ਨਹੀਂ ਕਰਦਾ, ਫੇਰ ਸੁਚਿਤ ਹੋ ਜਾਂਦਾ ਹੈ, ਫੇਰ ਵੱਡੀਆਂ–ਵੱਡੀਆਂ ਗੱਲਾਂ ਵਿਚ ਆ ਜਾਂਦਾ ਹੈ।

***ਤੈਸੇ ਖਟ ਕਰਮ ਧਰਮ ਸ੍ਰਮ ਗਿਆਨ ਕਾਜ,.........।***
***ਕਬਿੱਤ ਸਵੱਯੇ, ਭਾਈ ਗੁਰਦਾਸ ਜੀ 405***

ਇਹ ਜਿਹੜੇ ਕਰਮ ਧਰਮ, ਵਰਤ ਵਗੈਰਾ, ਪੂਜਾ, ਤੀਰਥ ਯਾਤਰਾ, ਗੁਰਦਵਾਰਿਆਂ ਦੇ ਦਰਸ਼ਨ ਕਰਨੇ, ਇਹ ਗਿਆਨ ਦੀ ਪ੍ਰਾਪਤੀ ਵਾਸਤੇ ਹੋਇਆ ਕਰਦੇ ਨੇ –

***ਗਿਆਨ ਭਾਨ ਉਦੈ ਉਡ ਕਰਮ ਉਡਾਤ ਹੈ॥***
***ਕਬਿੱਤ ਸਵੱਯੇ, ਭਾਈ ਗੁਰਦਾਸ ਜੀ 405***

ਜਦ ਸੂਰਜ ਚੜ੍ਹ ਜਾਂਦਾ ਹੈ, ਤਾਰੇ ਖਤਮ ਹੋ ਜਾਂਦੇ ਨੇ ਇਸ ਤਰ੍ਹਾਂ ਜਦ ਗਿਆਨ ਸੂਰਜ ਚੜ੍ਹ ਗਿਆ, ਉਸ ਵੇਲੇ ਇਹ ਕਰਮ ਧਰਮ ਸਾਰੇ ਜਾਂਦੇ ਰਹਿੰਦੇ ਨੇ। ਫਲ ਰਹਿਤ ਹੋ ਜਾਂਦੇ ਹਨ। ਕੋਈ ਫਲ ਨਹੀਂ ਦਿੰਦੇ।

ਸੋ ਇਸ ਤਰ੍ਹਾਂ ਕਹਿਣ ਲੱਗਿਆ, "ਰਾਜਨ! ਇਕ ਸਾਧਨ ਹੈ, ਜਿਹੜਾ ਪ੍ਰਮੇਸ਼ਰ ਨੂੰ ਮਿਲਾਉਂਦਾ ਹੈ ਉਹ ਧਿਆਨ ਦੇ ਨਾਲ ਸੁਣ ਲੈ। ਉਹ ਹੈ, ਪਿਆਰ ਦਾ ਸਾਧਨ। ਜਿੰਨਾ ਚਿਰ ਹਿਰਦੇ ਵਿਚ ਪਿਆਰ ਨਹੀਂ ਪੈਦਾ ਹੁੰਦਾ, ਓਨਾ ਚਿਰ ਗਾਈ ਜਾਹ, ਜੋ ਕਰਨਾ ਹੈ ਕਰੀ ਜਾਹ। ਗਲਾ ਰੱਬ ਨੇ ਵਧੀਆ ਦੇ ਦਿਤਾ, ਗਾਉਂਦਾ ਬਹੁਤ ਵਧੀਆ ਹੈ, ਵਿਆਖਿਆ ਕਰਨ ਦਾ ਦਿਮਾਗ ਦੇ ਦਿਤਾ, ਵਿਆਖਿਆ ਬਹੁਤ ਵਧੀਆ ਕਰਦਾ ਹੈ, ਲੋਕ ਅੱਸ਼–ਅੱਸ਼ ਕਰਦੇ ਨੇ। ਪਰ ਜੇ ਪਿਆਰ ਨਾਂਹ ਹਿਰਦੇ ਵਿਚ ਹੋਵੇ, ਫੇਰ ਨਹੀਂ –

***ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ***
***ਨਹੀ ਹਰਿ ਹਰਿ ਭੀਜੈ ਰਾਮ ਰਾਜੇ॥ ਪੰਨਾ – 450***

ਇਉਂ ਨਹੀਂ ਰੱਬ ਭਿੱਜਦਾ। ਵਾਜੇ ਤੇ ਆ ਗਿਆ, ਭਾਵ ਆ ਗਿਆ ਅੰਦਰ, ਨੇਤਰਾਂ 'ਚੋਂ ਜਲ ਜਾਂਦੈ। ਥੋੜ੍ਹੀ ਦੇਰ ਵਾਸਤੇ (temporary) ਇੰਜੈਕਸ਼ਨ ਹੈ, ਸਦਾ ਦੀ ਬਿਰਤੀ ਨਹੀਂ ਹੈ। ਦੇਖਣ ਵਾਲੇ ਬਹੁਤ ਪ੍ਰਭਾਵਿਤ ਹੁੰਦੇ ਨੇ ਕਿ ਸੰਤ ਤਾਂ ਜਦ ਕੀਰਤਨ ਕਰਦੇ ਨੇ, ਰੋਂਦੇ ਹੀ ਰਹਿੰਦੇ ਨੇ। ਸੰਤ ਨਹੀਂ ਰੋਂਦੇ ਹੁੰਦੇ, ਸੰਤਾਂ ਦੇ ਸਾਮ੍ਹਣੇ ਤਾਂ ਪ੍ਰਮੇਸ਼ਰ ਹੀ ਹੁੰਦਾ ਹੈ ਜਿਵੇਂ ਆਹ ਸੂਰਜ ਆਪਾਂ ਨੂੰ ਦਿਸਦਾ ਹੈ। ਜਦੋਂ ਭਾਵ ਆ ਜਾਂਦਾ ਹੈ, ਕਦੇ ਆ ਜਾਵੇ, ਬਹੁਤ ਨਿਮਰਤਾ ਵਿਚ ਆ ਕੇ ਕਰ ਲੈਣ, ਵੈਸੇ ਨਹੀਂ, ਵੈਸੇ ਪੂਰਨ ਹੁੰਦੇ ਨੇ ਗਿਆਨ ਵਿਚ।

***ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥***
***ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ॥***
***ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥***
***ਪੰਨਾ – 450***

ਜਿਹੜੇ ਕਰਮ ਧਰਮ ਤੂੰ ਕਰਦਾ ਹੈਂ, ਇਹ ਲੇਖੇ 'ਚ ਨਹੀਂ ਪੈਂਦੇ। ਜੇ ਲੇਖੇ ਵਿਚ ਪੈਂਦਾ ਹੈ ਤਾਂ ਕੇਵਲ ਪ੍ਰਮੇਸ਼ਰ ਨਾਲ ਕੀਤਾ ਹੋਇਆ ਪਿਆਰ ਪੈਂਦਾ ਹੈ, ਹੋਰ ਚੀਜ਼ ਨਹੀਂ ਪੈਂਦੀ।

***'ਚਲਦਾ'***

L L L L L L L

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ
## PERENNIAL PSYCHOLOGY OF THE BHAGVAD GITA

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 63)*

### ਅੱਠਵਾਂ ਅਧਿਆਇ

### ਸੱਤ ਦਾ ਗਿਆਨ

ਅਰਜਨ ਉਪਵਾਚ -

1. ਹੇ ਪੁਰਸ਼ੋਤਮ! ਬ੍ਰਹਮ ਕੀ ਹੈ? ਅਧਿਆਤਮ ਕੀ ਹੈ? ਕਰਮ ਕੀ ਹੈ? ਅਧਿਭੂਤ ਕੀ ਹੈ? ਅਧਿਦੈਵ ਕੀ ਹੈ?

2. ਹੇ ਮਧੂਸੂਦਨ! ਇਸ ਦੇਹ ਵਿਚ ਅਧਿਯੱਗ ਕੌਣ ਹੈ? ਜਿਸ ਨੇ ਆਪਣੇ ਉਤੇ ਕਾਬੂ ਪਾ ਲਿਆ ਹੈ ਉਹ ਦੇਹ ਤਿਆਗਣ ਸਮੇਂ ਤੁਹਾਨੂੰ ਕਿਸ ਤਰ੍ਹਾਂ ਜਾਣੇ?

3. ਬ੍ਰਹਮ ਅਵਿਨਾਸ਼ੀ ਹੈ, ਉਤਮ ਹੈ, ਉਸ ਦੇ ਸੁਭਾਅ (ਆਤਮ) ਨੂੰ ਅਧਿਆਤਮਕ ਕਿਹਾ ਜਾਂਦਾ ਹੈ। ਸਾਰੇ ਜੀਵਾਂ ਦੀ ਉਤਪਤੀ ਦਾ ਕਾਰਣ ਕਰਮ ਹੈ।

4. ਦੇਹ ਧਾਰੀਆਂ ਵਿਚੋਂ ਸ੍ਰੇਸ਼ਟ! ਨਾਸ਼ਵਾਨ ਭਾਵ ਅਧਿਭੂਤ ਹੈ, ਪੁਰਸ਼ ਅਧਿਦੇਵ ਹੈ ਅਤੇ ਦੇਹੀ ਵਿਚ ਅਧਿਯੱਗ ਮੈਂ ਹਾਂ।

ਸੱਤਵੇਂ ਅਧਿਆਇ ਦੇ ਅੰਤ ਵਿਚ ਕ੍ਰਿਸ਼ਨ ਜੀ ਅਰਜਨ ਨੂੰ ਦਸਦੇ ਹਨ ਕਿ ਬ੍ਰਹਮ ਦਾ ਗਿਆਨ ਹੋਣਾ ਚਾਹੀਦਾ ਹੈ, ਅਧਿਆਤਮ ਕਰਮ, ਅਭੀਭੂਤ, ਅਧਿਦੇਵ ਤੇ ਅਧਿਯੁੱਗ ਤੇ ਜਦੋਂ ਕਾਲ ਆ ਜਾਏ, ਮਨੁੱਖ ਨੂੰ ਉਸ ਇਕ ਤੇ ਧਿਆਨ ਲਾਉਣਾ ਚਾਹੀਦਾ ਹੈ। ਅਰਜਨ ਨੂੰ ਇਹ ਸਭ ਸਮਝ ਨਹੀਂ ਆ ਰਿਹਾ, ਉਹ ਇਸ ਸਭ ਕੁਝ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੁੰਦਾ ਹੈ, ਇਸ ਦੀ ਡੂੰਘਾਈ ਵਿਚ ਜਾਣਾ ਚਾਹੁੰਦਾ ਹੈ।

ਇਸ ਅੱਠਵੇਂ ਅਧਿਆਇ ਵਿਚ ਕ੍ਰਿਸ਼ਨ ਜੀ ਅਰਜਨ ਦੇ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉਤਰ ਦਿੰਦੇ ਹਨ। ਪਹਿਲਾਂ ਉਹ ਦਸਦੇ ਹਨ ਕਿ ਬ੍ਰਹਮ ਸਭ ਤੋਂ ਉਤਮ ਨਿਯਮ ਹੈ। ਕੇਵਲ ਇਕ ਬ੍ਰਹਮ ਦਾ ਹੀ ਪਸਾਰਾ ਹੈ। ਬ੍ਰਹਮ ਹੀ ਸਤਿ ਹੈ, ਬ੍ਰਹਮ ਹੀ ਅਟੱਲ ਹੈ, ਬ੍ਰਹਮ ਹੀ ਅਵਿਨਾਸ਼ੀ ਹੈ। ਬ੍ਰਹਮ ਹੀ ਅੰਤਰ ਆਤਮਾ ਹੈ, ਬ੍ਰਹਮ ਹੀ ਇਕ ਸੁਤੰਤਰ ਚੇਤਨਤਾ ਹੈ, ਇਹ ਹੀ ਉਹ ਅਵਸਥਾ ਹੈ ਜਿਥੇ ਕ੍ਰਿਸ਼ਨ ਜੀ ਦਾ ਵਾਸਾ ਹੈ। ਜਗਿਆਸੂ ਇਸ ਚੇਤਨਤਾ ਦੀ ਅਵਸਥਾ ਦੀ ਪ੍ਰਾਪਤੀ ਕਰ ਸਕਦਾ ਹੈ। ਜਿਨ੍ਹਾਂ ਨੇ ਸ਼ਾਂਤੀ ਦੀ ਅਵਸਥਾ ਪ੍ਰਾਪਤ ਕਰ ਲਈ ਹੈ, ਜਿਨ੍ਹਾਂ ਨੇ ਸਮਾਨ ਬਿਰਤੀ ਦੀ ਪ੍ਰਾਪਤੀ ਕਰ ਲਈ ਹੈ ਉਨ੍ਹਾਂ ਨੇ ਬ੍ਰਹਮ ਦੀ ਪ੍ਰਾਪਤੀ ਕਰ ਲਈ ਹੈ।

ਅਧਿਆਤਮ ਸ਼ਬਦ ਦੀ ਵਰਤੋਂ ਬ੍ਰਹਮ ਲਈ ਹੀ ਕੀਤੀ ਗਈ ਹੈ, ਜਿਹੜਾ ਆਤਮਾ ਵਿਚ ਵਸਦਾ ਹੈ। ਬ੍ਰਹਮ ਦੇ ਦੋ ਪੱਖ ਹਨ - ਅਣਦਿਸਦਾ ਤੇ ਦਿਸਦਾ। ਜਿਵੇਂ ਹੀ ਬ੍ਰਹਮ ਆਪਣਾ ਪਸਾਰਾ ਸ਼ੁਰੂ ਕਰਦਾ ਹੈ, ਉਹ ਅਨੁਭਵ ਤੋਂ ਪਰ੍ਹੇ ਅਧਿਆਤਮ ਬਣ ਜਾਂਦਾ ਹੈ ਤੇ ਅਣਦਿਸਦੇ ਦਾ ਸ਼੍ਰੋਤ ਬਣ ਜਾਂਦਾ ਹੈ, ਮੂਲ ਪ੍ਰਕ੍ਰਿਤੀ ਬਣ ਜਾਂਦਾ ਹੈ। ਅਧਿਆਤਮ ਤੋਂ ਭਾਵ ਹੈ ਬ੍ਰਹਮ ਜਿਵੇਂ ਉਹ ਅਨੁਭਵ ਤੋਂ ਪਰ੍ਹੇ ਹਰ ਮਨੁੱਖ ਵਿਚ ਵਸਦਾ ਹੈ।

ਜੋ ਕੁਝ ਵੀ ਕੀਤਾ ਜਾਂਦਾ ਹੈ ਉਹ ਕਰਮ ਦਾ ਰੂਪ ਧਾਰਨ ਕਰ ਲੈਂਦਾ ਹੈ। ਕਰਮ ਹੀ ਇਕ ਇਹੋ ਜਿਹੀ ਸ਼ਕਤੀ ਹੈ ਜਿਹੜੀ ਬਾਰ ਬਾਰ ਮਨੁੱਖ ਨੂੰ ਜਨਮ ਲੈਣ ਤੇ ਮਜ਼ਬੂਰ ਕਰਦੀ ਹੈ। ਕਰਮ ਉਹ ਸਿਰਜਨਾਤਮਕ ਅੱਗ ਹੈ ਜਿਸ ਵਿਚੋਂ ਜੀਵਨ ਪੁੰਗਰਦਾ ਹੈ, ਪਸਾਰਾ ਹੁੰਦਾ ਹੈ ਤੇ ਵਿਕਾਸ ਹੁੰਦਾ ਹੈ। ਸ੍ਰਿਸ਼ਟੀ ਦੇ ਸਾਰੇ ਚੇਤਨ ਦਾ ਪਸਾਰਾ ਕਰਮਾਂ ਦੇ ਬੰਧਨ ਨਾਲ ਹੈ। ਮੂਲ ਪ੍ਰਕ੍ਰਿਤੀ ਦਾ ਅਧਾਰ, ਅਧਿਆਤਮ ਸਿਰਜਨਾ ਦਾ ਸਿਧਾਂਤ, ਕਰਮ, ਇਹ ਸਭ ਬ੍ਰਹਮ ਦੇ ਹੀ ਪੱਖ ਹਨ।

ਕ੍ਰਿਸ਼ਨ ਜੀ ਦਸਦੇ ਹਨ ਕਿ ਉਨ੍ਹਾਂ ਦਾ ਪ੍ਰਗਟਾਵਾ ਹਰੇਕ ਪੱਖ ਵਿਚ ਹੋਣਾ ਚਾਹੀਦਾ ਹੈ, ਉਹ ਸਾਰੇ ਜਿਹੜੇ ਹੋਂਦ ਵਿਚ ਆਉਂਦੇ ਹਨ ਉਨ੍ਹਾਂ ਨੂੰ ਭੂਤ ਕਿਹਾ ਜਾਂਦਾ ਹੈ। ਸੰਸਾਰ ਦੇ ਸਾਰੇ ਨਾਮ, ਆਕਾਰ ਸਾਰੇ ਹੀ ਨਾਸ਼ਵਾਨ ਹਨ, ਜੋ ਕੁਝ ਵੀ ਸੰਸਾਰ ਵਿਚ ਦਿਸਦਾ ਹੈ, ਸਭ ਕੁਝ ਪ੍ਰਕ੍ਰਿਤੀ ਦੇ ਹੀ ਰੂਪ ਹਨ ਤੇ ਆਦਿਭੂਤ ਨਾਸ਼ਵਾਨ ਨੂੰ ਕਿਹਾ ਜਾਂਦਾ ਹੈ। ਇਸ ਤੋਂ ਉਲਟ ਅਧੀਦੇਵਤਾ ਨਿਰੋਲ ਚੇਤਨਤਾ ਦਾ ਸਿਧਾਂਤ ਹੈ। ਪੁਰਸ਼ ਜੋ ਹਰੇਕ ਜਗ੍ਹਾਂ ਵਿਚਰ ਰਿਹਾ ਹੈ, ਸਾਰੀ ਈਸ਼ਵਰਤਾ ਤੋਂ ਉਪਰ ਹੈ। ਅਧਿਯਾਜਨ ਤੋਂ ਭਾਵ ਹੈ 'ਮੈਂ ਕੁਰਬਾਨੀ ਲਈ ਹਾਂ, ਕ੍ਰਿਸ਼ਨ ਜੀ ਪ੍ਰਮਾਤਮਾ ਹਨ, ਨਿਰੋਲ ਚੇਤਨਤਾ ਹਨ।

5. ਜੋ ਦੇਹ ਤਿਆਗਣ ਸਮੇਂ ਕੇਵਲ ਮੇਰਾ ਹੀ ਸਿਮਰਨ ਕਰਦਾ ਹੈ, ਉਹ ਮੇਰੇ ਸਰੂਪ ਨੂੰ ਪ੍ਰਾਪਤ ਹੁੰਦਾ ਹੈ, ਇਸ ਵਿਚ ਕੋਈ ਸੰਦੇਹ ਨਹੀਂ।

6. ਹੇ ਕੌਂਤੇਯ! ਦੇਹ ਤਿਆਗਣ ਸਮੇਂ ਜਿਸ ਜਿਸ ਭਾਵ ਦਾ ਕੋਈ ਧਿਆਨ ਕਰਦਾ ਹੈ ਉਸ ਵਿਚ ਲਿਵ ਲਗਣ ਕਰਕੇ ਉਸੇ ਭਾਵ ਨੂੰ ਪ੍ਰਾਪਤ ਹੁੰਦਾ ਹੈ।

7. ਇਸ ਕਰਕੇ ਤੂੰ ਹਰ ਸਮੇਂ ਮੇਰਾ ਹੀ ਸਿਮਰਨ ਕਰਦੇ ਹੋਏ ਯੁੱਧ ਕਰ, ਮੇਰੇ ਵਿਚ ਹੀ ਮਨ ਤੇ ਬੁਧਿ ਲਗਾਉਣ ਨਾਲ ਨਿਰਸੰਦੇਹ ਤੂੰ ਮੈਨੂੰ ਪ੍ਰਾਪਤ ਹੋਵੇਂਗਾ।

8. ਹੇ ਪਾਰਥ! ਜੋ ਅਭਿਆਸ ਨਾਲ ਯੋਗ ਮੁਕਤ ਹੋ ਕੇ ਹੋਰ ਕਿਸੇ ਦਾ ਧਿਆਨ ਨਹੀਂ ਕਰਦੇ, ਉਹ ਪਰਮ ਪ੍ਰਕਾਸ਼ੀ

ਪੁਰਸ਼ ਨੂੰ ਪ੍ਰਾਪਤ ਹੁੰਦੇ ਹਨ।

ਪੰਜਵੇਂ ਤੋਂ ਅੱਠਵੇਂ ਸ਼ਲੋਕ ਵਿਚ ਕ੍ਰਿਸ਼ਨ ਜੀ ਦਸਦੇ ਹਨ ਕਿ ਅਗਲੇ ਜੀਵਨ ਦੀ ਕਿਸ ਤਰ੍ਹਾਂ ਤਿਆਰੀ ਕਰਨੀ ਚਾਹੀਦੀ ਹੈ। ਮਨੁੱਖ ਨੂੰ ਸਾਰੇ ਵਿਚਾਰਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ, ਇਛਾਵਾਂ ਤੋਂ ਮੁਕਤ ਹੋਣਾ ਚਾਹੀਦਾ ਹੈ, ਮੋਹ ਤੋਂ ਮੁਕਤ ਹੋਣਾ ਚਾਹੀਦਾ ਹੈ। ਮਨੁੱਖ ਨੂੰ ਕੇਵਲ ਪ੍ਰਮਾਤਮਾ ਦਾ ਹੀ ਧਿਆਨ ਕਰਨਾ ਚਾਹੀਦਾ ਹੈ ਕਿਉਂਕਿ ਜੋ ਕੁਝ ਵੀ ਅੰਤ ਸਮੇਂ ਧਿਆਨ ਵਿਚ ਰਖੋਗੇ, ਜਿਸ ਕਿਸੇ ਚੀਜ਼ ਵਿਚ ਵੀ ਅੰਤ ਸਮੇਂ ਸੁਰਤ ਕਰੋਗੇ ਉਸ ਤਰ੍ਹਾਂ ਦਾ ਹੀ ਜਨਮ ਹੋਏਗਾ। ਜੇ ਅੰਤ ਸਮੇਂ ਕੇਵਲ ਪ੍ਰਮਾਤਮਾ ਨੂੰ ਹੀ ਧਿਆਏਗਾ ਤਾਂ ਕੋਈ ਵੀ ਚੀਜ਼ ਉਸ ਦੇ ਪ੍ਰਮਾਤਮਾ ਨਾਲ ਮਿਲਾਪ ਨੂੰ ਰੋਕ ਨਹੀਂ ਸਕਦੀ। ਹਰ ਸਮੇਂ ਪ੍ਰਮਾਤਮਾ ਨੂੰ ਕਿਵੇਂ ਯਾਦ ਰੱਖਿਆ ਜਾ ਸਕਦਾ ਹੈ। ਹਰੇਕ ਪਰੰਪਰਾ ਤੁਹਾਨੂੰ ਪ੍ਰਮਾਤਮਾ ਦੇ ਨਾਮ ਸਿਮਰਨ ਦੇ ਤਰੀਕੇ ਦਸਦੀ ਹੈ ਕਿ ਮੰਤਰ ਜਾਪ ਕਰਕੇ ਪ੍ਰਮਾਤਮਾ ਨੂੰ ਯਾਦ ਰੱਖਿਆ ਜਾ ਸਕਦਾ ਹੈ, ਕੋਈ ਸ਼ਬਦ ਜਾਂ ਹੋਰ ਕੁਝ ਵੀ। ਜਦੋਂ ਪ੍ਰਾਨ, ਜਿਹੜੇ ਚੇਤਨ ਅਤੇ ਅਚੇਤ ਦਾ ਸਬੰਧ ਜੋੜਦੇ ਹਨ, ਜੀਵਨ ਦਾ ਅਧਾਰ ਹਨ, ਆਪਣਾ ਕੰਮ ਛੱਡ ਦਿੰਦੇ ਹਨ, ਚੇਤਨ ਮਨ, ਸ੍ਵਾਸ, ਇੰਦ੍ਰੀਆਂ ਤੇ ਸਰੀਰ ਅਚੇਤ ਮਨ ਤੋਂ ਅਲੱਗ ਹੋ ਜਾਂਦਾ ਹੈ। ਸਾਰੀਆਂ ਇਛਾਵਾਂ, ਗੁਣ ਅਵਗੁਣ ਅਚੇਤ ਮਨ ਵਿਚ ਰਹਿੰਦੇ ਹਨ। ਮਨੁੱਖ ਦੀਆਂ ਪ੍ਰਮੁੱਖ ਇਛਾਵਾਂ ਉਸ ਨੂੰ ਦੂਸਰਾ ਜਨਮ ਲੈਣ ਲਈ ਮਜ਼ਬੂਰ ਕਰਦੀਆਂ ਹਨ, ਉਸ ਨੂੰ ਹੀ ਪੁਨਰ ਜਨਮ ਕਿਹਾ ਜਾਂਦਾ ਹੈ।

ਸਰੀਰ ਬਦਲੀ ਦੇ ਸਮੇਂ ਮੰਤਰ ਦਾ ਜਾਪ, ਮੰਤਰ ਦੁਹਰਾਨਾ ਲਾਭਕਾਰੀ ਸਿੱਧ ਹੁੰਦਾ ਹੈ। ਇਸ ਨਾਲ ਪੈਂਡਾ ਸੌਖਾ ਤੇ ਆਰਾਮਦਾਇਕ ਹੋ ਜਾਂਦਾ ਹੈ। ਮਰਨ ਲੱਗਿਆਂ ਆਮ ਬੰਦਾ ਮੋਹ ਵਿਚ ਫਸ ਜਾਂਦਾ ਹੈ, ਭੋਗ ਵਿਲਾਸ ਯਾਦ ਕਰਦਾ ਹੈ, ਉਸ ਨਾਲ ਦੁਖ ਬਹੁਤ ਵੱਧ ਜਾਂਦਾ ਹੈ ਪਰ ਜਗਿਆਸੂ, ਜਿਸ ਦਾ ਮਨ ਸਾਫ ਹੈ, ਉਹ ਪ੍ਰਮਾਤਮਾ ਦਾ ਨਾਮ ਹੀ ਲੈਂਦਾ ਹੈ, ਉਸ ਨੂੰ ਫੇਰ ਭਿਆਨਕ ਅਨੁਭਵ ਨਹੀਂ ਹੁੰਦੇ ਤੇ ਉਹ ਇਸ ਸੰਸਾਰ ਤੋਂ ਸੌਖਾ ਚਲਾ ਜਾਂਦਾ ਹੈ। ਜਦੋਂ ਚੇਤਨ ਮਨ ਨਾਲ ਮੰਤਰ ਦਾ ਜਾਪ ਕੀਤਾ ਜਾਂਦਾ ਹੈ, ਇਹ ਅਚੇਤ ਮਨ ਵਿਚ ਵੀ ਹੌਲੀ ਹੌਲੀ ਰਿਕਾਰਡ ਹੋਣਾ ਸ਼ੁਰੂ ਹੋ ਜਾਂਦਾ ਹੈ। ਚਲਾਣੇ ਦੇ ਸਮੇਂ ਜਦੋਂ ਚੇਤਨ ਮਨ ਆਪਣਾ ਕੰਮ ਛੱਡ ਦਿੰਦਾ ਹੈ, ਜਿਹੜੀ ਵੀ ਇੱਛਾ ਜਾਂ ਜਿਹੜਾ ਵੀ ਵਿਚਾਰ ਅਚੇਤ ਮਨ ਵਿਚ ਪ੍ਰਬਲ ਹੁੰਦਾ ਹੈ ਉਸ ਦੇ ਅਨੁਸਾਰ ਹੀ ਮਨੁੱਖ ਨੂੰ ਜਨਮ ਮਿਲਦਾ ਹੈ। ਪ੍ਰਮਤਾਮਾ ਦਾ ਨਾਮ ਬਾਰ-ਬਾਰ ਲੈਣਾ ਬਹੁਤ ਹੀ ਜ਼ਰੂਰੀ ਹੈ, ਜਿਉਂਦਿਆਂ ਹੀ ਇਸ ਨਾਮ ਨੂੰ ਅੰਦਰ ਵਸਾਉਣਾ ਬਹੁਤ ਅਵਸ਼ਕ ਹੈ ਤਾਂ ਜੋ ਅਚੇਤ ਮਨ ਵਿਚ ਇਹ ਡੂੰਘੀ ਤਰ੍ਹਾਂ ਉਕਰਿਆ ਜਾਵੇ। ਇਹ ਸਭ ਤੋਂ ਵੱਡਾ ਪ੍ਰੇਰਕ ਬਣ ਜਾਂਦਾ ਹੈ ਤੇ ਆਗੂ ਬਣ ਕੇ ਅਗਵਾਈ ਕਰਦਾ ਹੈ। ਬਹੁਤ ਸਾਰੇ ਜਗਿਆਸੂਆਂ ਨੂੰ ਇਸ ਮੰਤਰ ਉਚਾਰਣ ਦੀ ਉਤਮਤਾ ਤੇ ਡੂੰਘਾਈ ਪਤਾ ਹੀ ਨਹੀਂ ਉਨ੍ਹਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਕੋਈ ਵੀ ਇਹੋ ਜਿਹਾ ਕਰਮ ਨਹੀਂ ਹੁੰਦਾ ਜਿਹੜਾ ਅਚੇਤ ਮਨ ਵਿਚ ਨਾ ਉਕਰਿਆ ਜਾਵੇ। ਜਗਿਆਸੂ ਨੂੰ ਚਾਹੀਦਾ ਹੈ ਕਿ ਚੇਤਨ ਮਨ ਵਿਚ ਮੰਤਰ ਯਾਦ ਕਰਨ ਲਈ ਬਹੁਤ ਪਰੇਸ਼ਾਨ ਨਾ ਹੋਵੇ, ਉਸ ਦੇ ਨਤੀਜੇ ਲਈ ਵੀ ਨਾ ਘਬਰਾਏ। ਉਸ ਨੂੰ ਚਾਹੀਦਾ ਹੈ ਕਿ ਉਹ ਮੰਤਰ ਨੂੰ ਦ੍ਰਿੜ੍ਹ ਕਰੀ ਜਾਏ, ਉਦੋਂ ਤਕ ਜਦੋਂ ਤਕ ਮੰਤਰ ਉਸ ਦੇ ਅਚੇਤ ਮਨ ਦਾ ਹਿੱਸਾ ਨਹੀਂ ਬਣ ਜਾਂਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਹੜਾ ਵੀ ਮਰਨ ਸਮੇਂ ਪ੍ਰਮਾਤਮਾ ਨੂੰ ਧਿਆਉਂਦਾ ਹੈ ਉਹ ਮੁਕਤੀ ਪਾ ਹੀ ਜਾਂਦਾ ਹੈ।

ਬਹੁਤ ਸਾਰੇ ਵਿਦਿਆਰਥੀ ਹੁਣ ਤੋਂ ਬਾਅਦ ਵਾਲੇ ਜੀਵਨ ਬਾਰੇ ਸੋਚਦੇ ਹਨ। ਮਰਨ ਉਪਰੰਤ ਕੋਈ ਨਰਕ ਸਵਰਗ ਨਹੀਂ ਜਾਂਦਾ, ਉਹ ਤਾਂ ਆਪਣੇ ਸੁਭਾਅ, ਆਪਣੀਆਂ ਆਦਤਾਂ ਵਿਚ ਹੀ ਜਕੜਿਆ ਰਹਿੰਦਾ ਹੈ। ਸਵਰਗ ਨਰਕ ਆਪਣੇ ਮਨ ਦੀ ਹੀ ਕਲਪਨਾ ਹਨ। ਜਿਹੜੇ ਜੀਵਨ ਦਾ ਅਰਥ ਜਾਣਦੇ ਹਨ, ਸਮਝਦੇ ਹਨ, ਚਲਾਣੇ ਤੋਂ ਪਹਿਲਾਂ ਦਾ ਇਕ ਘੰਟਾ ਫੈਸਲੇ ਦੀ ਘੜੀ ਹੁੰਦੀ ਹੈ, ਇਹ ਫੈਸਲਾ ਕਿ ਮਰਨ ਉਪਰਾਂਤ ਸਫਲ ਸੁਖਾਲਾ ਹੋਵੇਗਾ ਜਾਂ ਦੁਖਦਾਈ ਹੋਵੇਗਾ। ਉਹ ਆਪਣੇ ਆਪ ਨੂੰ ਉਸ ਘੜੀ ਲਈ ਤਿਆਰ ਕਰ ਲੈਂਦੇ ਹਨ, ਉਹ ਇਸ ਸੰਸਾਰ ਤੋਂ ਸਵਤੰਤਰ ਮਨ ਚਿਤ ਨਾਲ ਜਾਂਦੇ ਹਨ, ਉਹ ਉਸ ਅੰਤਮ ਪੈਂਡੇ ਤੇ ਅਨੰਦ ਮਾਣਦੇ ਹੋਏ, ਉਸ ਪਰਮ ਸਤਿ ਕੋਲ ਜਾਂਦੇ ਹਨ। ਜਿਸ ਅਵਸਥਾ ਨੂੰ ਮਰਨ ਲੱਗਿਆਂ ਜਗਿਆਸੂ ਯਾਦ ਰਖਦਾ ਹੈ, ਉਸ ਵਿਚੋਂ ਹੀ ਉਹ ਮੁੜ ਕੇ ਸ਼ੁਰੂ ਕਰਦਾ ਹੈ। ਜਿਹੜਾ ਉਸ ਘੜੀ ਪ੍ਰਮਾਤਮਾ ਨੂੰ ਯਾਦ ਕਰਦਾ ਹੈ, ਉਹ ਉਸ ਨੂੰ ਪ੍ਰਾਪਤ ਹੋ ਜਾਂਦਾ ਹੈ। ਜਿਹੜਾ ਸੰਸਾਰਕ ਭੋਗਾਂ ਨੂੰ ਯਾਦ ਕਰਦਾ ਹੈ, ਉਹ ਮੁੜ ਕੇ ਉਨ੍ਹਾਂ ਵਿਚ ਪੈ ਜਾਂਦਾ ਹੈ, ਉਸ ਦੀਆਂ ਇਛਾਵਾਂ ਵਿਸ਼ਰਾਮ ਵਾਲੇ ਸਮੇਂ ਵਿਚ ਪੂਰੀਆਂ ਨਹੀਂ ਹੋ ਸਕਦੀਆਂ ਕਿਉਂਕਿ ਉਸ ਸਮੇਂ ਨਾ ਤਾਂ ਉਸ ਦੀਆਂ ਇੰਦ੍ਰੀਆਂ ਹੁੰਦੀਆਂ ਹਨ, ਨਾ ਹੀ ਕੋਈ ਵਸਤੂਆਂ ਇਹੋ ਜਿਹੀਆਂ ਹੁੰਦੀਆਂ ਹਨ, ਜਿਹੜੀਆਂ ਉਸ ਦੀਆਂ ਇਛਾਵਾਂ ਪੂਰੀਆਂ ਕਰ ਸਕਣ। ਇਸ ਕਰਕੇ ਉਹ ਉਸ ਸਮੇਂ ਤਾਂ ਕਸ਼ਟ ਵਿਚ ਹੀ ਹੁੰਦਾ ਹੈ। ਜਿਹੜੇ ਸਮਾਧੀ ਲਾਉਣੀ ਜਾਣਦੇ ਹਨ ਉਹ ਤਾਂ ਡੂੰਘੀ ਸਮਾਧੀ ਹੀ ਲੈ ਲੈਂਦੇ ਹਨ। ਸੰਸਾਰਕ ਇਛਾਵਾਂ ਉਨ੍ਹਾਂ ਨੂੰ ਤੰਗ ਨਹੀਂ ਕਰਦੀਆਂ, ਉਹ ਪ੍ਰਭੂ ਵਿਚ ਹੀ ਲੀਨ ਹੋ ਜਾਂਦੇ ਹਨ।

9. ਜਿਹੜਾ ਮਨੁੱਖ ਸਵਰਗ ਅਨਾਦਿ ਸਾਰੇ ਜਗਤ ਦਾ ਸੁਆਮੀ ਸੂਖਮ ਤੋਂ ਭੀ ਸੂਖਮ, ਸਭ ਦਾ ਧਾਰਨ ਕਰਨ ਵਾਲਾ, ਅਚਿੰਤ ਰੂਪ ਸੂਰਜ ਵਾਂਗ ਪ੍ਰਕਾਸ਼ਵਾਨ ਅਤੇ ਅੰਧੇਰੇ ਤੋਂ ਪਰ੍ਹੇ ਹੈ ਉਸ ਦਾ ਧਿਆਨ ਕਰਦਾ ਹੋਇਆ।

10. ਮਰਨ ਸਮੇਂ ਇਕ ਚਿੱਤ ਹੋ ਕੇ ਭਗਤੀ ਵਿਚ ਦ੍ਰਿੜ੍ਹ, ਯੋਗ ਸ਼ਕਤੀ ਨਾਲ ਪ੍ਰਾਣਾਂ ਨੂੰ ਤ੍ਰਿਕੁਟੀ ਵਿਚ ਲੈ ਜਾਂਦਾ ਹੈ, ਉਹ ਉਸ ਪ੍ਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ।

11. ਵੇਦ-ਵੇਤਾ ਜਿਸ ਨੂੰ ਅਵਿਨਾਸ਼ੀ ਆਖਦੇ ਹਨ ਜਿਸ ਵਿਚ ਰਾਗ ਤੋਂ ਛੁਟੇ ਹੋਏ ਸਵੈ ਅਨੁਸ਼ਾਸੀ ਪ੍ਰਵੇਸ਼ ਕਰਦੇ ਹਨ, ਜਿਸ ਦੇ ਜਾਨਣ ਲਈ ਬ੍ਰਹਮਚਰਯ ਕਰਦੇ ਹਨ, ਉਸ ਪਦ ਦਾ ਮੈਂ ਤੈਨੂੰ ਸੰਖੇਪ ਦਸਦਾ ਹਾਂ।

12. ਸਭ ਦੁਆਰਾਂ ਨੂੰ ਠਾਕ ਕੇ, ਮਨ ਨੂੰ ਹਿਰਦੇ ਵਿਚ ਰੋਕ ਕੇ ਯੋਗ ਦੁਆਰਾ ਪ੍ਰਾਣ ਸਿਰ ਵਿਚ ਲੈ ਜਾ ਕੇ –

13. 'ਓਂ' ਇਕ ਅੱਖਰ ਬ੍ਰਹਮ ਦਾ ਜੋ ਸਿਮਰਣ ਕਰਦਾ ਹੈ ਤੇ ਮੇਰਾ ਧਿਆਨ ਕਰਦਾ ਹੋਇਆ ਇਹ ਦੇਹ ਤਿਆਗਦਾ ਹੈ, ਉਹ ਪਰਮਗਤਿ ਨੂੰ ਪ੍ਰਾਪਤ ਹੁੰਦਾ ਹੈ।

ਪ੍ਰਮਾਤਮਾ ਸਰਬ ਵਿਆਪਕ ਹੈ, ਸਰਬ ਸ਼ਕਤੀਮਾਨ ਹੈ, ਸਰਬ ਗਿਆਨੀ ਹੈ, ਉਹ ਸਭ ਤੋਂ ਪੁਰਾਤਨ ਸਿੱਧ ਪੁਰਸ਼ ਹੈ। ਐਸੀ ਕੋਈ ਚੀਜ਼ ਨਹੀਂ ਜਿਹੜੀ ਉਹ ਨਾ ਜਾਣਦਾ ਹੋਵੇ। ਉਹ ਸਰਬ ਦਾਤਾ ਹੈ, ਸਭ ਕੁਝ ਨੂੰ ਕੰਟਰੋਲ ਕਰਨ ਵਾਲਾ ਹੈ ਤੇ ਸਭ ਤੇ ਉਸ ਦਾ ਰਾਜ ਹੈ, ਉਹ ਸੂਖਮ ਤੋਂ ਵੀ ਸੂਖਮ ਹੈ, ਉਹ ਅਦ੍ਰਿਸ਼ਟ ਹੈ। ਸਾਡੇ ਕੋਲ ਉਹ ਨੇਤਰ ਨਹੀਂ ਹਨ ਜਿਹੜੇ ਉਸ ਨੂੰ ਦੇਖ ਸਕਣ, ਉਸ ਤੇ ਧਿਆਨ ਲਗਾਉਣਾ ਬਹੁਤ ਔਖਾ ਹੈ, ਉਹ ਪ੍ਰਕਾਸ਼ ਹੈ, ਕੇਵਲ ਪ੍ਰਕਾਸ਼, ਉਥੇ ਥੋੜ੍ਹਾ ਜਿਹਾ ਭੋਰਾ ਭਰ ਵੀ ਹਨ੍ਹੇਰਾ ਨਹੀਂ ਹੈ। ਸੰਸਾਰ ਛੱਡਣ ਲੱਗਿਆਂ ਸਮਾਧੀ ਸਥਿਤ ਹੀ ਰਹਿਣਾ ਚਾਹੀਦਾ ਹੈ, ਉਸ ਪ੍ਰਮਾਤਮਾ ਨੂੰ ਹੀ ਧਿਆਉਣਾ ਚਾਹੀਦਾ ਹੈ – ਇਕਾਗਰ ਹੋ ਕੇ ਇਕ ਸੁਰ ਹੋ ਕੇ ਇਕ ਸਾਰ ਹੋ ਕੇ।

ਕ੍ਰਿਸ਼ਨ ਜੀ ਸੰਖੇਪ ਵਿਚ ਧਿਆਨ ਲਗਾਉਣ ਦੇ ਅਭਿਆਸ ਬਾਰੇ ਦਸਦੇ ਹਨ। ਬੜੇ ਸੂਖਮ ਤਰੀਕੇ ਨਾਲ ਸੁਆਸਾਂ ਨੂੰ ਕਾਬੂ ਕਰਨਾ ਵੀ ਦਸਦੇ ਹਨ। ਜਦੋਂ ਜਗਿਆਸੂ ਸ਼ਾਂਤ ਹੋਣਾ ਸਿਖਦਾ ਹੈ, ਬਾਹਰੀ ਸਰੀਰ ਨੂੰ ਸਥਿਰ ਕਰਦਾ ਹੈ, ਅੰਦਰ ਆਉਂਦਾ ਤੇ ਬਾਹਰ ਜਾਂਦਾ ਸੁਆਸ ਉਸ ਦਾ ਧਿਆਨ ਖਿਚਦਾ ਹੈ, ਉਸ ਦਾ ਮਨ ਘੜੀ ਘੜੀ ਉਥੇ ਜਾਂਦਾ ਹੈ। ਸਮਾਧੀ ਤਾਂ ਹੀ ਡੂੰਘੀ ਲਗ ਸਕਦੀ ਹੈ ਜੇ ਸੁਖਮਨਾ ਜਾਗਰਣ ਹੋ ਜਾਏ। ਸੁਖਮਨਾ ਅੰਨਮਈ ਅਵਸਥਾ ਹੈ, ਇਸ ਵਿਚ ਸੁਤੇ ਹੀ ਸ਼ਾਂਤੀ ਮਿਲਦੀ ਹੈ, ਬਾਹਰੋਂ ਕੋਈ ਵੀ ਆਕਰਸ਼ਨ ਨਹੀਂ ਹੁੰਦਾ। ਸਭ ਤੋਂ ਵੱਡਾ ਚਿੰਨ੍ਹ ਇਹ ਹੈ ਕਿ ਸੁਆਸ ਬੜੀ ਆਸਾਨੀ ਨਾਲ ਅੰਦਰ ਜਾਂਦਾ ਤੇ ਬਾਹਰ ਆਉਂਦਾ ਹੈ। ਦੋਨੋਂ ਨਾਸਿਕਾ ਬਰਾਬਰ ਚਲਦੀਆਂ ਹਨ, ਆਮ ਅਵਸਥਾ ਵਿਚ ਇਕ ਨਾਸਿਕਾ ਹੀ ਚਲਦੀ ਹੈ।

ਮਨ ਤੇ ਸੁਆਸ ਇਕ ਦੂਸਰੇ ਤੇ ਨਿਰਭਰ ਹਨ ਤੇ ਕਿਸੇ ਵੀ ਹਾਲਤ ਵਿਚ ਇਕੱਠੇ ਹੀ ਪ੍ਰਤੀਕਿਰਿਆ ਕਰਦੇ ਹਨ। ਜਦੋਂ ਸੁਆਸ ਸ਼ਾਂਤ ਹੋਣ, ਮਨ ਅਨੰਦਮਈ ਹੁੰਦਾ ਹੈ। ਜਗਿਆਸੂ ਨੂੰ ਚਾਹੀਦਾ ਹੈ ਕਿ ਭਰਵੱਟਿਆਂ ਦੇ ਵਿਚ ਵਾਲੀ ਜਗ੍ਹਾ ਤੇ ਮਨ ਨੂੰ ਇਕਾਗਰ ਕਰਕੇ ਜੀਵਨ ਜੋਤ ਦੇਖਣ ਦੀ ਕੋਸ਼ਿਸ਼ ਕਰੇ, ਜਿਸ ਦੁਆਰਾ ਮਨੁੱਖ ਦੇਖ ਸਕਦਾ ਹੈ, ਮਹਿਸੂਸ ਕਰ ਸਕਦਾ ਹੈ ਤੇ ਜਾਣ ਸਕਦਾ ਹੈ। ਜਦੋਂ ਧਿਆਨ ਪਕ ਜਾਂਦਾ ਹੈ, ਜੋਤੀ ਹੋਰ ਗੂੜ੍ਹੀ ਹੋ ਜਾਂਦੀ ਹੈ ਤੇ ਅੰਤ ਵਿਚ ਉਹ ਜੋਤ ਦੇ ਸਰੋਤ ਨੂੰ ਪ੍ਰਾਪਤ ਕਰ ਲੈਂਦਾ ਹੈ। ਜਿਹੜਾ ਯੋਗੀ ਦੇਰ ਤਕ ਸਮਾਧੀ ਸਥਿਤ ਹੋ ਕੇ ਅਭਿਆਸ ਕਰਦਾ ਹੈ ਉਹ ਇਹ ਸਥਿਤੀ ਪ੍ਰਾਪਤ ਕਰ ਲੈਂਦਾ ਹੈ। ਚੇਤਨਤਾ ਦੇ ਬਿੰਦੂ ਨੂੰ ਪ੍ਰਾਪਤ ਕਰਨ ਦੀ ਇੱਛਾ ਉਸ ਨੂੰ ਬ੍ਰਹਮਚਰਯ ਰਹਿਣ ਲਈ ਪਕੜੀ ਰਖਦੀ ਹੈ, ਇਥੇ ਬ੍ਰਹਮਚਰਯ ਤੋਂ ਭਾਵ ਕੇਵਲ ਸਰੀਰਕ ਬ੍ਰਹਮਚਰੀਯ ਹੀ ਨਹੀਂ, ਮਾਨਸਿਕ ਪੱਖੋਂ, ਕਰਮ ਤੇ ਕਥਨੀ ਦੇ ਰੂਪ ਵਿਚ ਉਸ ਦਾ ਅਭਿਆਸ ਕਰਨਾ ਅਵੱਸ਼ਕ ਹੈ।

ਜਿਹੜਾ ਯੋਗੀ ਸੁਖਮਨਾ ਨਾੜੀ ਰਾਹੀਂ ਉਸ ਦਾ ਜਾਪ ਕਰਦਾ ਹੈ ਉਹ ਇਸ ਤਰ੍ਹਾਂ ਦਾ ਨਿਯੰਤਰਣ ਬਹੁਤ ਛੇਤੀਂ ਹੀ ਪ੍ਰਾਪਤ ਕਰ ਲੈਂਦਾ ਹੈ। ਇਥੇ ਇਹ ਜਾਣ ਲੈਣਾ ਬੜਾ ਜ਼ਰੂਰੀ ਹੈ ਕਿ ਸਾਰੇ ਮੰਤਰ ਤੁਸੀਂ ਸੁਆਸਾਂ ਨਾਲ ਨਹੀਂ ਚਲਾ ਸਕਦੇ ਭਾਵ ਸਾਹ ਅੰਦਰ ਲੈਣ ਤੇ ਸਾਹ ਬਾਹਰ ਕੱਢਦੇ ਸਮੇਂ 'ਓਮ' ਇਕ ਬਹੁਤ ਹੀ ਮਧੁਰ ਅਵਾਜ਼ ਹੈ, ਬੜੀ ਹੀ ਇਕ ਸਾਰ ਆਵਾਜ਼ ਹੈ। ਇਹ ਆਵਾਜ਼ ਕੋਈ ਝਟਕਾ ਪੈਦਾ ਨਹੀਂ ਕਰਦੀ, ਇਕ ਲੈਅ ਵਿਚ ਉਚਾਰਣ ਯੋਗ ਹੈ, ਉਚਾਰੀ ਜਾਂਦੀ ਹੈ। ਯੋਗੀ ਇਸ ਆਵਾਜ਼ ਨੂੰ ਸਦਾ ਯਾਦ ਰਖਦੇ ਹਨ। ਇਸ ਦੀ ਪ੍ਰਸੰਸਾ ਵੇਦਾਂ ਵਿਚ ਵੀ ਕੀਤੀ ਗਈ ਹੈ, ਵੇਦ ਸਭ ਤੋਂ ਪੁਰਾਣੀਆਂ ਪੁਸਤਕਾਂ ਮੰਨੀਆਂ ਜਾਂਦੀਆਂ ਹਨ।

ਜਿਹੜੇ ਪ੍ਰਭੂ ਨੂੰ ਸਿਮਰਦਿਆਂ ਹੋਇਆਂ ਸਰੀਰ ਤਿਆਗਦੇ ਹਨ, ਉਹ ਉਤਮ ਪਦਵੀ ਨੂੰ ਪ੍ਰਾਪਤ ਹੁੰਦੇ ਹਨ ਪਰ ਮਨੁੱਖ ਨੂੰ ਅੰਤ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ। ਧਿਆਨ ਅਤੇ ਸਿਮਰਨ, ਮਰਨ ਤੋਂ ਥੋੜ੍ਹੀ ਪਹਿਲਾਂ ਹੀ ਨਹੀਂ ਸਿਖਣਾ ਚਾਹੀਦਾ। ਗਿਆਨੀ ਜਾਣਦੇ ਹਨ ਕਿ ਕਾਲ ਦਾ ਗੁਲੇਲਾ ਤਾਂ ਕਿਸੇ ਸਮੇਂ ਵੀ ਆ ਸਕਦਾ ਹੈ। ਅਸੀਂ ਦਿਨ ਵਿਚ ਕਿੰਨੀ ਵਾਰੀ ਮਰਦੇ ਹਾਂ ਕਿੰਨੀ ਵਾਰੀ ਜੀਉਂਦੇ ਹਾਂ; ਇਕ ਘੜੀ ਜਿਹੜੀ ਬੀਤਦੀ ਹੈ ਉਹ ਇਕ ਤਰ੍ਹਾਂ ਦੀ ਮੌਤ ਹੀ ਹੈ, ਜਿਹੜੀ ਅਗਲੀ ਘੜੀ ਆਈ ਹੈ ਉਹ ਜਨਮ ਹੈ, ਇਕ ਅਨੁਭਵ ਮਰਦਾ ਹੈ ਦੂਸਰਾ ਜਨਮ ਲੈਂਦਾ ਹੈ। ਜਨਮ ਤੋਂ ਬਾਅਦ ਮੌਤ, ਮੌਤ ਤੋਂ ਬਾਦ ਜਨਮ ਇਸ ਤਰ੍ਹਾਂ ਹੀ ਚਲਦਾ ਹੈ। ਫੇਰ ਵੀ ਅਸੀਂ ਚੇਤਨ ਅਨੁਭਵ ਦੀ ਨਿਰੰਤਰਤਾ ਮਹਿਸੂਸ ਕਰਦੇ ਹਾਂ। ਇਸੇ ਤਰ੍ਹਾਂ ਨਿਰੋਲ ਚੇਤਨਤਾ ਉਸ ਤਰ੍ਹਾਂ ਹੀ ਮਰਨ ਜੰਮਣ ਵਿਚ ਉਸੇ ਤਰ੍ਹਾਂ ਰਹਿੰਦੀ ਹੈ।

ਮਨੁੱਖ ਯਾਤਰਾ ਤੇ ਆਇਆ ਹੋਇਆ ਹੈ। ਇਸ ਦਾ ਆਦਰਸ਼ ਸਤਿ ਤਕ ਪਹੁੰਚਣਾ ਹੈ ਜਿਥੇ ਭਰਪੂਰ ਅਨੰਦ ਹੈ, ਸ਼ਾਂਤੀ ਹੈ, ਕ੍ਰਿਪਾ ਹੈ। ਅਗਿਆਨੀ ਲੋਕ ਇਸ ਧਰਤੀ ਨੂੰ ਹੀ ਆਪਣਾ ਸਦੈਵੀ ਘਰ ਸਮਝ ਬੈਠਦੇ ਹਨ। ਜਦੋਂ ਤਕ ਅਸੀਂ ਉਸ ਸਤਿ ਨੂੰ ਪ੍ਰਾਪਤ ਨਹੀਂ ਕਰ ਲੈਂਦੇ, ਉਦੋਂ ਤਕ ਇਕ-ਇਕ ਖਿਣ ਅਮੋਲਕ ਹੈ, ਇਸ ਕਰਕੇ ਸੁਆਸ ਸੁਆਸ ਪ੍ਰਮਾਤਮਾ ਦਾ ਭਜਨ ਸਿਮਰਨ ਕਰਨਾ ਚਾਹੀਦਾ ਹੈ, ਇਸ ਅਨੁਭਵ ਨੂੰ ਅਜਪਾ ਜਾਪ ਕਹਿੰਦੇ ਹਨ। ਜਿਹੜੇ ਹਰ ਸੁਆਸ ਨਾਲ ਉਸ ਇਕ ਨੂੰ ਧਿਆਉਂਦੇ ਹਨ, ਯਾਦ ਕਰਦੇ ਹਨ, ਉਹ ਸਚਮੁੱਚ ਵਡਭਾਗੇ ਹਨ। ਜਦੋਂ ਜਗਿਆਸੂ ਚੁੱਪ ਕਰਕੇ ਪ੍ਰਭੂ ਦਾ ਨਾਂ ਇਕਾਗਰ ਚਿੱਤ ਹੋ ਕੇ ਲੈਂਦਾ ਹੈ ਤੇ ਇਸ ਅਭਿਆਸ ਨੂੰ ਪੱਕਾ ਕਰਦਾ ਹੈ, ਜਿਥੇ ਵੀ ਹੋਵੇ ਜਿਵੇਂ ਵੀ ਹੋਵੇ ਇਸ ਤਰ੍ਹਾਂ ਕਰਦਿਆਂ ਅਜਪਾ ਜਾਪ ਨਾਲ ਸਵੈ ਜਾਗ੍ਰਿਤੀ ਆ ਜਾਂਦੀ ਹੈ, ਉਸ ਨਾਲ ਅੰਤ ਸਮੇਂ ਬਹੁਤ ਸੌਖਾ ਹੋ ਜਾਂਦਾ ਹੈ।

14. ਹੇ ਪਾਰਥ! ਜੋ ਸਭ ਕੁਝ ਛੱਡ ਕੇ ਕੇਵਲ ਮੇਰਾ

(ਬਾਕੀ ਪੰਨਾ 33 ਤੇ)

# The Celestial Song
# ਗੁਰੂ ਗੋਬਿੰਦ ਗੀਤ

***ਮੂਲ ਲੇਖਕ - ਡਾ. ਸਵਾਮੀ ਰਾਮ ਜੀ***
***ਅਨੁਵਾਦਕ- ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ ਫਰਵਰੀ ਅੰਕ, ਪੰਨਾ - 53)*

ਜੇ ਕਿਸੇ ਨਾਵਲਕਾਰ ਨੇ ਕਿਸੇ ਬਹਾਦਰੀ ਤੇ ਨਾਵਲ ਲਿਖਣ ਵਿਚ ਇਕ ਯੋਧੇ ਦਾ ਕਿਰਦਾਰ ਦਸਣਾ ਹੋਵੇ, ਗੁਰੂ ਗੋਬਿੰਦ ਸਿੰਘ ਜੀ ਤੋਂ ਉੱਚਾ ਤੇ ਗੁਰੂ ਗੋਬਿੰਦ ਸਿੰਘ ਜੀ ਵਰਗਾ ਕੋਈ ਯੋਧਾ ਹੋ ਹੀ ਨਹੀਂ ਸਕਦਾ। ਜਿਹੜੀਆਂ ਬਹਾਦਰੀ ਦੀਆਂ ਕਹਾਣੀਆਂ ਲਿਖੀਆਂ ਤੇ ਸੁਣਾਈਆਂ ਜਾਂਦੀਆਂ ਹਨ, ਉਹ ਤਾਂ ਬਿਲਕੁਲ ਫਿੱਕੀਆਂ ਹਨ। ਗੁਰੂ ਸਾਹਿਬ ਦੀ ਬਹਾਦਰੀ ਹਰੇਕ ਨੌਜਵਾਨ ਨੂੰ ਟੁੰਬਦੀ ਹੈ ਅਤੇ ਉਨ੍ਹਾਂ ਦਾ ਕੋਮਲ ਹਿਰਦਾ ਹਰੇਕ ਨੂੰ ਪੰਘਰਾ ਦਿੰਦਾ ਹੈ। ਗੁਰੂ ਸਾਹਿਬ ਦੀ ਸਖਸ਼ੀਅਤ ਇਕ ਬਹੁਤ ਹੀ ਸੋਹਣੀ ਸੋਧੀ ਹੋਈ ਨਿਰਮਲ ਸੰਪੂਰਨ ਸਖਸ਼ੀਅਤ ਸੀ, ਸਭਿਆਚਾਰ ਪੱਖੋਂ ਸੰਪੂਰਨ ਯੋਧੇ ਤੇ ਅਧਿਆਤਮਕ ਪੱਖੋਂ ਪੂਰਨ ਪਹੁੰਚੇ ਹੋਏ ਮਹਾਂਪੁਰਸ਼ - ਇਹ ਉਨ੍ਹਾਂ ਦੇ ਵਿਸ਼ੇਸ਼ ਗੁਣ ਸਨ।

ਗੁਰੂ ਸਾਹਿਬ ਦੇ ਬਚਪਨ ਦੇ ਦਿਨ ਅਨੰਦਪੁਰ ਸਾਹਿਬ ਵਿਚ ਬੀਤੇ, ਬਹੁਤ ਕਠਿਨ ਅਭਿਆਸ ਉਨ੍ਹਾਂ ਨੇ ਕੀਤਾ ਤੇ ਆਉਣ ਵਾਲੇ ਸਮੇਂ ਲਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਤਿਆਰ ਕੀਤਾ, ਇਕ ਪੂਰਨ ਯੋਧਾ, ਭਜਨ ਸਿਮਰਨ ਵਿਚ ਵੀ ਪੂਰਨ, ਸ਼ਿਕਾਰ, ਪੜ੍ਹਾਈ ਲਿਖਾਈ ਦਾ ਸ਼ੌਕ, ਕਵਿਤਾ ਰਚਨਾ, ਜਨਤਾ ਵਿਚ ਇਕ ਵਿਸ਼ਵਾਸ਼ ਪੈਦਾ ਕਰਨ ਵਾਲੇ ਘੋੜ ਸਵਾਰ, ਤਲਵਾਰ ਚਲਾਉਣੀ ਤੇ ਤੀਰ ਅੰਦਾਜ਼ੀ ਵਿਚ ਨਿਪੁੰਨ ਸਨ। ਆਪ ਜੀ ਦੇ ਅੱਗੇ ਕੋਈ ਖੜ੍ਹਾ ਹੀ ਨਹੀਂ ਸੀ ਹੋ ਸਕਦਾ। ਗਿਆਨ ਦੇ ਪ੍ਰੇਮੀ, ਬੁੱਧੀ ਦੇ ਧਨੀ, ਭਾਰਤੀ ਸੰਸਕ੍ਰਿਤੀ ਤੇ ਫਿਲੌਸਫੀ ਦੇ ਪੂਰਨ ਗਿਆਤਾ ਸਨ। ਅਧਿਆਤਮਵਾਦ ਵਿਚ ਸੰਪੂਰਨ ਸਨ ਤੇ ਦੂਸਰਿਆਂ ਤਕ ਪਹੁੰਚਾਉਣ ਦੇ ਉਨ੍ਹਾਂ ਦੇ ਪੂਰੇ ਜਤਨ ਸਨ, ਉਨ੍ਹਾਂ ਨੇ ਸੰਸਕ੍ਰਿਤ ਸਾਹਿਤ ਦਾ ਉਲਥਾ ਕਰਵਾਇਆ, ਲਾਇਬ੍ਰੇਰੀਆਂ ਖੋਲ੍ਹੀਆਂ। ਕੁਦਰਤ ਦੇ ਨਜ਼ਾਰਿਆਂ ਵਿਚ ਅਨੰਦ ਮਾਣਦੇ ਸਨ, ਬਹੁਤ ਵਾਰੀ ਆਪ ਜੀ ਇਕੱਲੀਆਂ ਥਾਵਾਂ ਤੇ ਚਲੇ ਜਾਇਆ ਕਰਦੇ ਸਨ ਜਿਥੇ ਨਾ ਕੇਵਲ ਆਪ ਨੂੰ ਆਪਣੀ ਰੂਹਾਨੀ ਤਾਕਤ ਹੀ ਬਹਾਲ ਕਰਨ ਦਾ ਮੌਕਾ ਮਿਲਦਾ ਸਗੋਂ ਸਿਮਰਨ, ਧਿਆਨ ਲਗਾ ਕੇ ਆਪ ਜੀ ਆਪਣੇ ਆਪ ਨੂੰ ਨਰੋਆ ਕਰਦੇ ਸਨ। ਕਵਿਤਾ ਰਚਣੀ ਉਨ੍ਹਾਂ ਦਾ ਬਹੁਤ ਵੱਡਾ ਮਨੋਵੇਗ ਸੀ। ਆਪ ਜੀ ਨੇ ਅਣਗਿਣਤ ਵਿਸ਼ਿਆਂ ਤੇ ਲਿਖਿਆ ਹੈ। ਆਪ ਜੀ ਛੰਦਾਂ ਦੇ ਤੇ ਕਵਿਤਾ ਦੇ ਹਰ ਭੇਦ ਦੇ ਮਾਹਰ ਸਨ, ਹਰ ਮਨੋ ਦਸ਼ਾ ਤੇ ਆਪ ਜੀ ਨੇ ਕਵਿਤਾ ਰਚੀ ਹੈ ਤੇ ਉਹ ਹਰ ਪੱਖੋਂ ਪੂਰਨ ਹੈ। ਆਪ ਜੀ ਬਹੁਤ ਸਾਰੀਆਂ ਭਾਸ਼ਾਵਾਂ ਦੇ ਗਿਆਤਾ ਸਨ। ਆਪ ਜੀ ਦੀ ਕਵਿਤਾ ਦੀ ਧੜਕ, ਤਾਲ, ਉਤਸ਼ਾਹ, ਆਵੇਗ ਕਿਤੇ ਨਹੀਂ ਮਿਲਦਾ। ਯੁੱਧ ਦਾ ਅਨੁਭਵ ਜੋ ਆਪ ਜੀ ਦੀ ਕਵਿਤਾ ਰਾਹੀਂ ਹੁੰਦਾ ਹੈ ਉਹ ਆਪਣੇ ਆਪ ਵਿਚ ਇਕ ਅਦੁੱਤੀ ਮਿਸਾਲ ਹੈ ਅਤੇ ਨਾਲ ਹੀ ਉਸ ਦੀ ਸੁਹਿਰਦਤਾ ਆਤਮਕ ਰਸ ਨਾਲ ਭਰਪੂਰ ਹੈ।

ਆਪ ਜੀ ਦਾ ਦਰਬਾਰ ਕਵੀਆਂ ਲਈ ਇਕ ਖਾਸ ਮਹੱਤਵ ਰਖਦਾ ਸੀ ਤੇ ਨਾਲ ਹੀ ਰੋਜ਼ ਦੇ ਸ਼ਿਕਾਰਾਂ ਦੀ ਚਰਚਾ ਵੀ ਹੁੰਦੀ। ਇਨ੍ਹਾਂ ਗੱਲਾਂ ਦੀ ਸੋਝੀ ਤੇ ਸਪਸ਼ਟਤਾ ਬਾਅਦ ਵਿਚ ਉਨ੍ਹਾਂ ਦੇ ਯੋਧੇ ਹੋਣ ਦੇ ਅਤੇ ਜੰਗ ਦੇ ਮੈਦਾਨ ਵਿਚ ਦੱਸੇ ਜੌਹਰਾਂ ਤੋਂ ਪ੍ਰਤੱਖ ਦਿਸਦੀ ਹੈ। ਯੁੱਧ ਦਾ ਪੂਰਾ-ਪੂਰਾ ਗਿਆਨ ਰਖਦੇ ਹੋਏ ਆਪ ਜੀ ਸ਼ਾਂਤੀ ਦੇ ਪੁਜਾਰੀ ਤੇ ਨੈਤਿਕਤਾ ਨੂੰ ਪ੍ਰਾਣਾਂ ਤੋਂ ਵੀ ਉਚੇ ਰਖਣ ਵਾਲੇ ਸਨ। ਆਪ ਜੀ ਨੇ ਕਦੀ ਵੀ ਸ਼ਤਰੂਆਂ ਤੇ ਪਹਿਲਾਂ ਵਾਰ ਨਹੀਂ ਕੀਤਾ, ਕਿਸੇ ਦੀ ਜ਼ਮੀਨ, ਰਾਜ ਕਦੇ ਨਹੀਂ ਖੋਹਿਆ। ਆਪ ਜੀ ਨੇ ਸਦਾ ਹੀ ਅਪਰਾਧੀਆਂ ਨੂੰ ਖਿਮਾ ਹੀ ਕੀਤਾ ਹੈ। ਜੋ ਕਿਹਾ ਉਹ ਪੂਰਾ ਕੀਤਾ, ਸਦਾ ਹੀ ਲੋੜਵੰਦਾਂ ਦੀ ਸਹਾਇਤਾ ਕੀਤੀ ਹੈ। ਵਾਹਿਗੁਰੂ ਤੇ ਸ਼ਰਧਾ, ਪ੍ਰੇਮ, ਮਾਨਵਤਾ ਲਈ ਦਇਆ, ਆਪ ਜੀ ਦੇ ਜੀਵਨ ਦਾ ਲਕਸ਼ ਰਿਹਾ ਹੈ। ਆਪ ਜੀ ਨੇ ਛੋਟੀ ਆਯੂ ਵਿਚ ਹੀ ਆਪਣਾ ਹਰੇਕ ਸ੍ਵਾਸ, ਸਤੋ ਤੇ ਸਦਗੁਣ, ਨੇਕੀ ਦੀ ਰੱਖਿਆ ਵਿਚ ਲਗਾਇਆ।

ਆਪ ਜੀ ਨੇ ਆਤਮ ਮਾਰਗ ਤੇ ਚੱਲਣ ਵਾਲਿਆਂ ਦਾ ਪੱਥ ਪ੍ਰਦਰਸ਼ਨ ਕੀਤਾ, ਵਿਸ਼ਵਾਸ਼, ਦ੍ਰਿੜ੍ਹ ਨਿਸ਼ਚੇ ਤੇ ਦਇਆ ਨੂੰ ਅੱਗੇ ਲੈ ਕੇ ਗਏ। ਆਪ ਜੀ ਨੇ ਆਪਣਾ ਦਰਬਾਰ ਬਣਾਇਆ, ਫੌਜ ਬਣਾਈ, ਆਪਣੀ ਬੀਰ ਰਸ ਦੀ ਕਵਿਤਾ ਨਾਲ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖਿਆ। ਅਨੰਦਪੁਰ ਸਾਹਿਬ ਵਿਚ ਇਕ ਬਹੁਤ ਵੱਡਾ 'ਰਣਜੀਤ ਨਗਾਰਾ' ਵੀ ਰੱਖਿਆ ਗਿਆ ਸੀ। ਉਸ ਨੂੰ ਰੋਜ਼ ਵਜਾਇਆ ਜਾਂਦਾ, ਇਸ ਨਾਲ ਸਭ ਦੇ ਮਨ ਵਿਚ ਜੋਸ਼ ਜਾਗਦਾ, ਗੁਰੂ ਕੇ ਲੰਗਰ ਲਈ ਬੁਲਾਇਆ ਜਾਂਦਾ ਤੇ ਸ਼ਿਕਾਰ ਤੇ ਜਾਣ ਲਈ ਸੱਦਿਆ ਜਾਂਦਾ। ਅਨੰਦਪੁਰ ਸਾਹਿਬ ਇਕ ਆਦਰਸ਼ ਨਗਰ ਬਣ ਗਿਆ, ਜਿਸ ਵਿਚ ਜੋਸ਼ ਤੇ ਦਇਆ ਦੋਨੋਂ ਹੀ ਲੋਕਾਂ ਦੇ ਹਿਰਦਿਆਂ ਵਿਚ ਧੜਕਦੇ ਸਨ।

ਕੁਝ ਕੁ ਆਸ ਪਾਸ ਦੇ ਪਹਾੜੀ ਰਾਜੇ ਗੁਰੂ ਜੀ ਨਾਲ ਈਰਖਾ ਰਖਦੇ ਸਨ, ਗੁਰੂ ਸਾਹਿਬ ਨਾਲ ਚੰਗੇ ਨਹੀਂ ਸਨ ਵਰਤਦੇ ਤੇ ਸਦਾ ਹੀ ਕੋਈ ਨਾ ਕੋਈ ਸਕੀਮ ਗੁਰੂ ਸਾਹਿਬ ਦੇ ਬਰਖਲਾਫ ਬਣਾਉਣ ਵਿਚ ਲੱਗੇ ਰਹਿੰਦੇ। ਉਨ੍ਹਾਂ ਦੀ ਵਿਰੋਧਤਾ ਨੂੰ ਘਟਾਉਣ ਲਈ ਗੁਰੂ ਸਾਹਿਬ ਥੋੜ੍ਹੀ ਦੇਰ ਲਈ ਇਕ ਪਹਾੜੀ ਰਾਜੇ ਦਾ ਸੱਦਾ ਮੰਨ ਕੇ ਉਥੋਂ ਚਲੇ ਗਏ, ਪਹਾੜੀ ਇਲਾਕੇ ਵਿਚ ਜਾ ਕੇ ਆਪ ਜੀ ਨੇ ਇਕ ਨਵਾਂ ਨਗਰ ਵਸਾਇਆ ਜੋ ਜਮਨਾ ਦੇ ਕੰਢੇ ਤੇ ਹੈ ਜੋ ਅੱਜ ਪਾਉਂਟਾ ਸਾਹਿਬ ਦੇ ਨਾਮ ਨਾਲ ਮਸ਼ਹੂਰ ਹੈ, ਉਥੇ ਆਪ ਜੀ ਨੇ ਅਧਿਆਤਮਕ ਅਭਿਆਸ ਨੂੰ ਹੋਰ ਵਧਾਇਆ, ਸਾਹਿਤ ਦੀ

ਰਚਨਾ ਕੀਤੀ, ਕਰਾਈ ਤੇ ਜੰਗ ਦਾ ਅਭਿਆਸ ਵੀ ਕੀਤਾ।

ਪਾਉਂਟਾ ਸਾਹਿਬ ਵਿਚ ਆਪ ਜੀ ਨੇ ਕਵਿਤਾ ਦੀ ਬਹੁਤ ਹੀ ਅਦੁੱਤੀ ਰਚਨਾ ਕੀਤੀ, ਆਪ ਦੇ ਵਿਅਕਤੀਤ੍ਵ ਦੀ ਸ਼ਾਨ ਦਾ ਝਲਕਾਰਾ ਸਭ ਪਾਸਿਆਂ ਤੇ ਪਿਆ। ਇਕ ਕਵਿਤਾ ਦੀ ਰਚਨਾ ਕਰਨ ਲੱਗਿਆਂ ਆਪ ਜੀ ਸੋਲ੍ਹਾਂ ਘੰਟੇ ਵਜਦ ਵਿਚ, ਅਨੰਦ ਵਿਚ ਰਹੇ ਤੇ ਇਸ ਤੇ ਹੀ 'ਤੂੰ ਹੀ, ਤੂੰ ਹੀ' ਦਾ ਸਿਮਰਨ ਕਰਦੇ ਰਹੇ। ਬੀਰ ਰਸ ਦੀ ਕਵਿਤਾ ਵਿਚ ਬੀਰਤਾ ਛਲਕਦੀ ਹੈ ਅਤੇ ਸ਼ਰਧਾ ਭਰਪੂਰ ਹੈ। ਉਨ੍ਹਾਂ ਨੇ ਵਾਹਿਗੁਰੂ ਨੂੰ ਤਲਵਾਰ ਮੰਨਿਆ, ਰੱਖਿਆ ਕਰਨ ਵਾਲੀ ਤਲਵਾਰ, ਦੁਰਗਾ ਨੂੰ ਸ਼ਕਤੀ ਦਾ ਰੂਪ ਮੰਨਿਆ, ਧਰਮ ਦਾ ਰੱਖਿਅਕ ਦੱਸਿਆ। ਯੁੱਧ ਕਰਦੇ ਵੀਰ ਗਤੀ ਨੂੰ ਪ੍ਰਾਪਤ ਕਰਨ ਨੂੰ ਆਪ ਨੇ ਬਹੁਤ ਉਚਾ ਸਥਾਨ ਦਿਤਾ ਹੈ, ਸ੍ਰੇਸ਼ਟ ਮੰਨਿਆ ਹੈ, ਉਨ੍ਹਾਂ ਦੇ ਤਿੰਨ ਸਾਲ ਪਾਉਂਟਾ ਸਾਹਿਬ ਰਹਿਣ ਦੇ ਸਮੇਂ ਪਾਉਂਟਾ ਸਾਹਿਬ ਸਿੱਖ ਸਭਿਆਚਾਰ ਤੇ ਅਧਿਆਤਮਕ ਗਤੀ ਅਤੇ ਵਿਦਿਆ ਦਾ ਕੇਂਦਰ ਬਣ ਗਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਤੇਈ ਸਾਲ ਦੇ ਹੋਏ, ਪ੍ਰਾਲਬਧ ਨੇ ਐਸਾ ਪਲਟਾ ਲਿਆ ਕਿ ਆਪ ਜੀ ਦਾ ਉਹ ਮਨੋਰਥ ਪੂਰਾ ਕਰਨ ਦਾ ਸਮਾਂ ਆ ਗਿਆ ਜਿਸ ਲਈ ਆਪ ਜੀ ਆਏ ਸਨ। ਕਈ ਰਾਜੇ ਹਾਲੇ ਵੀ ਗੁਰੂ ਸਾਹਿਬ ਦੇ ਓਥੇ ਰਹਿਣ ਤੇ ਔਖੇ ਸਨ, ਉਹ ਆਪ ਜੀ ਦੀ ਸੁਹਿਰਦਤਾ ਨੂੰ ਹੀ ਦੇਖ ਕੇ ਦੁਖੀ ਰਹਿੰਦੇ ਸਨ, ਰਾਜਿਆਂ ਨੇ ਮਤਾ ਪਕਾ ਕੇ ਪਾਉਂਟੇ ਤੋਂ ਛੇ ਮੀਲ ਦੂਰ ਭੰਗਾਣੀ ਵਿਖੇ ਗੁਰੂ ਸਾਹਿਬ ਤੇ ਹਮਲਾ ਕਰ ਦਿਤਾ। ਗੁਰੂ ਸਾਹਿਬ ਦੀਆਂ ਫੌਜਾਂ ਸ਼ਰਧਾ ਭਰਪੂਰ ਹੋ ਕੇ, ਬਹਾਦਰੀ ਨਾਲ ਲੜੀਆਂ ਅਤੇ ਦੁਸ਼ਮਨਾਂ ਨੂੰ ਹਰਾ ਦਿਤਾ। ਹਮਲਾ ਕਰਨ ਵਾਲਿਆਂ ਨੂੰ ਛੇਤੀਂ ਹੀ ਗੁਰੂ ਸਾਹਿਬ ਲਈ, ਉਨ੍ਹਾਂ ਦੀ ਸੁਹਿਰਦਤਾ ਤੇ ਤਲਵਾਰ ਲਈ ਬਹੁਤ ਡੂੰਘੀ ਸ਼ਰਧਾ ਹੋ ਗਈ।

ਗੁਰੂ ਸਾਹਿਬ ਕਿਸੇ ਨੂੰ ਵੀ ਨੁਕਸਾਨ ਨਹੀਂ ਸਨ ਪਹੁੰਚਾਉਣਾ ਚਾਹੁੰਦੇ, ਨਾ ਹੀ ਕੋਈ ਆਪਣੀ ਜਗੀਰ ਜਾਂ ਰਿਆਸਤ ਬਣਾਉਣਾ ਚਾਹੁੰਦੇ ਸਨ, ਏਨਾਂ ਹੁੰਦਿਆਂ ਹੋਇਆਂ ਵੀ ਆਸ ਪਾਸ ਦੇ ਰਾਜੇ ਆਪ ਨਾਲ ਪੱਖਪਾਤ ਤੇ ਵਿਰੋਧਤਾ ਰਖਦੇ ਸਨ। ਆਪ ਜੀ ਕਹਿੰਦੇ ਸਨ ਕਿ ਸਾਡਾ ਕਿਸੇ ਨਾਲ ਵੈਰ ਵਿਰੋਧ ਨਹੀਂ, ਮੈਂ ਤਾਂ ਸ਼ਾਂਤੀ ਚਾਹੁੰਦਾ ਹਾਂ ਤੇ ਧਰਮ ਦਾ ਪ੍ਰਚਾਰ ਕਰਨਾ ਚਾਹੁੰਦਾ ਹਾਂ, ਮੇਰੇ ਪਿਤਾ ਨੇ ਧਰਮ ਲਈ ਸੀਸ ਦਿਤਾ, ਮੈਂ ਆਪਣਾ ਜੀਵਨ ਧਰਮ ਦੀ ਰੱਖਿਆ ਲਈ ਹੀ ਜੀ ਰਿਹਾ ਹਾਂ, ਨਵਾਂ ਜੀਵਨ ਦੇ ਰਿਹਾ ਹਾਂ, ਨਵੀਂ ਰੂਹ ਪਾ ਰਿਹਾ ਹਾਂ ਪਰ ਕੋਈ ਸਾਥ ਦੇਣ ਨੂੰ ਤਿਆਰ ਨਹੀਂ।

ਅਨੰਦਪੁਰ ਸਾਹਿਬ ਵਾਪਸ ਆ ਕੇ ਆਪ ਜੀ ਇਕ ਆਦਰਸ਼ਕ ਕੌਮ ਨੂੰ ਉਸਾਰਣ ਵਿਚ ਹੀ ਲੱਗੇ ਰਹੇ, ਉਹ ਕੌਮ ਜਿਹੜੀ ਧਰਮ ਦੀ ਰੱਖਿਆ ਲਈ ਕੁਰਬਾਨੀਆਂ ਦੇ ਸਕੇ। ਉਨ੍ਹਾਂ ਨੇ ਨਿਆਏ ਦੀ ਅਗਨੀ ਜਲਾਈ ਤੇ ਰਾਸ਼ਟਰਵਾਦਤਾ ਦੀ ਭਾਵਨਾ ਨਾਲ ਲੋਕਾਂ ਦਾ ਆਤਮਕ ਬਲ ਹਲੂਣ ਕੇ ਚੜ੍ਹਦੀਆਂ ਕਲਾ ਵਿਚ ਲੈ ਗਏ। ਹਰੇਕ ਸਿੱਖ ਸੁਤੰਤਰ ਸੀ, ਬਰਾਬਰ ਸੀ, ਆਤਮ ਨਿਰਭਰਤਾ ਵਾਲਾ ਸੀ, ਭਰੋਸੇਮੰਦ ਸੀ, ਧਰਮ ਲਈ ਜੀਵਨ ਬਲੀਦਾਨ ਦੇਣ ਲਈ ਤਿਆਰ ਸੀ।

ਗੁਰੂ ਸਾਹਿਬ ਕਵਿਤਾ ਰਚਦੇ ਰਹੇ ਤੇ ਸਿੱਖ ਕੌਮ ਨੂੰ ਚੜ੍ਹਦੀਆਂ ਕਲਾ ਵਲ ਲੈ ਜਾਂਦੇ ਰਹੇ, ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇਸ ਸਮੇਂ ਵਿਚ ਹੋਇਆ। ਉਨ੍ਹਾਂ ਦਾ ਪਾਲਣ ਪੋਸ਼ਣ ਵੀ ਪੂਰੀ ਸਿੱਖ ਮਰਿਆਦਾ ਨਾਲ ਹੋਇਆ। ਅਨੰਦਪੁਰ ਸਾਹਿਬ ਅਤੇ ਸਿੱਖ ਕੌਮ ਰੋਜ਼ ਤੋਂ ਰੋਜ਼ ਤਾਕਤਵਰ ਹੁੰਦੇ ਗਏ, ਜ਼ੋਰ ਪਕੜਦੇ ਗਏ। ਸ਼ਰਧਾਲੂ ਗੁਰੂ ਸਾਹਿਬ ਦੇ ਪਿਆਰ, ਨੈਤਿਕਤਾ ਤੇ ਲੀਡਰ ਹੋਣ ਤੇ ਪੂਰਾ ਪੂਰਾ ਭਰੋਸਾ ਰਖਦੇ ਸਨ।

ਗੁਰੂ ਜੀ ਦਾ ਉਤਸ਼ਾਹ ਦੇਖ ਕੇ ਸ਼ਰਧਾਲੂਆਂ ਨੇ ਆਪਣੀਆਂ ਸਾਲਾਨਾ ਭੇਟਾਵਾਂ ਹੋਰ ਵੀ ਵਧਾ ਦਿਤੀਆਂ ਜਿਹੜੀਆਂ ਉਹ ਵਿਸਾਖੀ ਤੇ ਚੜ੍ਹਾਉਂਦੇ ਸਨ। ਇਹ ਦੇਖਦੇ ਹੋਏ ਗੁਰੂ ਸਾਹਿਬ ਨੇ ਭੇਟਾ ਲੈਣ ਦੇ ਤਰੀਕੇ ਵਿਚ ਸੁਧਾਰ ਕੀਤਾ, ਜਗ੍ਹਾ ਜਗ੍ਹਾ ਤੇ ਦਸਵੰਧ ਇਕੱਠਾ ਕਰਨ ਲਈ ਨਿਯੁਕਤੀਆਂ ਕੀਤੀਆਂ। ਮਸੰਦ ਸਿਸਟਮ ਖਤਮ ਕਰ ਦਿਤਾ, ਉਸ ਨਾਲ ਸ਼ਰਧਾਲੂ ਗੁਰੂ ਸਾਹਿਬ ਨੂੰ ਮਿਲ ਨਹੀਂ ਸੀ ਸਕਦੇ। ਸਾਰੇ ਭਾਰਤਵਰਸ਼ ਵਿਚੋਂ ਸਿੱਖ ਅਨੰਦਪੁਰ ਸਾਹਿਬ ਆਉਣ ਲਗ ਪਏ। ਗੁਰੂ ਸਾਹਿਬ ਸੰਤ ਸਿਪਾਹੀ ਨਾਮ ਨਾਲ ਜਾਣੇ ਜਾਣ ਲੱਗ ਪਏ, ਬਹੁਤ ਸਾਰੇ ਯੋਧੇ, ਕਵੀ ਤੇ ਆਤਮ ਮਾਰਗ ਦੇ ਖੋਜੀ ਗੁਰੂ ਸਾਹਿਬ ਕੋਲ ਆਉਣ ਲਗ ਪਏ।

1699 ਵਿਚ ਸਿੱਖਾਂ ਨੂੰ ਅਵਸਰ ਮਿਲਿਆ ਕਿ ਉਹ ਗੁਰੂ ਨੂੰ ਆਪਣੀ ਸ਼ਰਧਾ ਤੇ ਬਹਾਦਰੀ ਦਿਖਾ ਸਕਣ। ਵਿਸਾਖੀ ਵਾਲੇ ਦਿਨ ਜਦੋਂ ਅਨੰਦਪੁਰ ਸਾਹਿਬ ਸਾਰੇ ਸਿੱਖ ਇਕੱਠੇ ਹੋਏ, ਗੁਰੂ ਸਾਹਿਬ ਨੇ ਆਪਣੀ ਨਿਰਭੈਤਾ, ਸੁਤੰਤਰ ਸੋਚ, ਦ੍ਰਿੜ੍ਹ ਵਿਸ਼ਵਾਸ਼ ਤੇ ਜਨਤਾ ਨੂੰ ਹਲੂਣ ਕੇ ਖੜ੍ਹੇ ਕਰਨ ਦੀ ਇਕ ਅਲੌਕਿਕ ਘਟਨਾ ਰਚੀ। ਇਕੱਠੀ ਹੋਈ ਸੰਗਤ ਨੂੰ ਉਨ੍ਹਾਂ ਨੇ ਤਲਵਾਰ ਹੱਥ ਵਿਚ ਫੜ ਕੇ ਵੰਗਾਰਿਆ, "ਅੱਜ ਮੇਰੀ ਤਲਵਾਰ ਸਿਰ ਮੰਗਦੀ ਹੈ, ਕੋਈ ਸਿੱਖ ਅੱਗੇ ਆਓ, ਕੋਈ ਹੈ ਜਿਹੜਾ ਆਪਣਾ ਜੀਵਨ ਬਲੀਦਾਨ ਕਰੇਗਾ?" ਸੰਗਤ ਵਿਚੋਂ ਇਕ ਦਮ ਆਵਾਜ਼ ਆਈ, "ਮੇਰਾ ਸਿਰ ਹਜ਼ੂਰ ਦੇ ਚਰਨਾਂ ਵਿਚ ਅਰਪਣ ਹੈ, ਹੇ ਸੱਚੇ ਪਾਤਸ਼ਾਹ! ਇਸ ਤੋਂ ਚੰਗਾ ਹੋਰ ਕੋਈ ਮੌਕਾ ਹੋ ਨਹੀਂ ਸਕਦਾ ਕਿ ਮੇਰਾ ਸਿਰ ਗੁਰੂ ਦੀ ਤਲਵਾਰ ਦੀ ਭੇਟਾ ਚੜ੍ਹ ਜਾਏ।"

ਗੁਰੂ ਸਾਹਿਬ ਉਸ ਸ਼ਿਸ਼ ਨੂੰ, ਪਿਆਰੇ ਨੂੰ ਕਨਾਤ ਵਿਚ ਲੈ ਗਏ ਤੇ ਉਸ ਦਾ ਸਿਰ ਧੜ ਨਾਲੋਂ ਵਖਰਾ ਕਰਕੇ ਖ਼ੂਨ ਨਾਲ ਭਿੱਜੀ ਤਲਵਾਰ ਲੈ ਕੇ ਬਾਹਰ ਆਏ ਤੇ ਦੂਸਰੇ ਸਿਰ ਦੀ ਮੰਗ ਕੀਤੀ। ਇਸ ਤਰ੍ਹਾਂ ਵਾਰੀ-ਵਾਰੀ ਪੰਜ ਸਿਰਾਂ ਦੀ ਮੰਗ ਕੀਤੀ ਤੇ ਤੰਬੂ ਅੰਦਰ ਲੈ ਗਏ। ਸੰਗਤ ਹੈਰਾਨ ਹੋ ਗਈ ਜਦੋਂ ਗੁਰੂ ਸਾਹਿਬ ਉਨ੍ਹਾਂ ਪੰਜਾਂ ਸਮੇਤ ਕਨਾਤ ਤੋਂ ਬਾਹਰ ਆਏ ਤੇ ਉਨ੍ਹਾਂ ਨੇ ਯੋਧਿਆਂ ਵਾਲਾ ਲਿਬਾਸ ਪਾਇਆ ਹੋਇਆ ਸੀ। ਪੰਜ ਪਿਆਰੇ ਜੋ ਸਿੱਖ ਪੰਥ ਦੇ ਇਤਿਹਾਸ ਵਿਚ ਜਾਣੇ ਜਾਂਦੇ ਹਨ, ਜੋ ਗੁਰੂ ਸਾਹਿਬ ਦੀ ਕਸੌਟੀ ਤੇ ਪੂਰੇ ਉਤਰੇ ਸਨ ਤੇ ਖਾਲਸੇ ਦੀ ਨੀਂਹ ਬਣੇ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਜਿਸ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਕਿਹਾ ਜਾਂਦਾ ਹੈ ਤੇ ਉਨ੍ਹਾਂ ਨੂੰ ਪੰਜ ਕਕਾਰ ਦਿਤੇ - ਕਿਰਪਾਨ, ਕੜਾ, ਕਛਹਿਰਾ, ਕੇਸ

ਤੇ ਕੰਘਾ, ਕੇਸ਼ਾਂ ਦੀ ਸੋਧ ਲਈ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਹੁਣ ਤੋਂ ਬਾਅਦ ਸਾਰੇ ਸਿੱਖ 'ਸਿੰਘ' ਕਹਾਉਣਗੇ ਭਾਵ 'ਸ਼ੇਰ'। ਉਨ੍ਹਾਂ ਨੇ ਸੰਗਤ ਨੂੰ ਦੱਸਿਆ ਕਿ ਮੈਂ ਤੁਹਾਨੂੰ ਖਾਲਸਾ ਸਾਜਿਆ ਹੈ, ਤੁਸੀਂ ਸਦਾ ਹੀ ਚੜ੍ਹਦੀਆਂ ਕਲਾ ਵਿਚ ਰਹੋਗੇ, ਸਦਾ ਹੀ ਹਰ ਵੇਲੇ ਨਾਮ ਜਪਦੇ ਰਹੋਗੇ, ਹਿਰਦੇ ਵਿਚ ਨਾਮ ਚਲਦਾ ਹੀ ਰਹੇਗਾ, ਤੁਹਾਡੇ ਸਾਰਿਆਂ ਵਿਚ ਭਾਈਚਾਰੇ ਦੀ ਭਾਵਨਾ ਸਦਾ ਹੀ ਬਣੀ ਰਹੇਗੀ, ਤੁਸੀਂ ਮੇਰੇ ਬੱਚੇ ਹੋ, ਹੱਡ ਮਾਸ ਨਾਲ ਵੀ ਤੇ ਭਾਵਨਾ ਵਿਚ ਵੀ ਤੁਸੀਂ ਮੇਰੇ ਹੋ। ਜਿਹੜਾ ਨਿਸ਼ਕਾਮ ਹੋ ਕੇ ਮਾਨਵਤਾ ਦੀ ਸੇਵਾ ਕਰਦਾ ਹੈ, ਉਹ ਮੈਨੂੰ ਚੰਗਾ ਲਗਦਾ ਹੈ, ਇਸ ਤੋਂ ਵੱਧ ਮੈਨੂੰ ਕੋਈ ਗੱਲ ਚੰਗੀ ਨਹੀਂ ਲਗਦੀ। ਮੈਨੂੰ ਗੁਰੂ ਤੁਸੀਂ ਥਾਪਿਆ ਹੈ, ਮੈਂ ਤੇ ਮੇਰਾ ਸਭ ਕੁਝ ਤੁਹਾਡਾ ਹੈ, ਤੁਸੀਂ ਹੀ ਸਭ ਕੁਝ ਹੋ। ਇਸ ਉਪਰਾਂਤ ਆਪ ਜੀ ਨੇ ਉਨ੍ਹਾਂ ਪੰਜਾਂ ਨੂੰ ਕਿਹਾ ਕਿ ਹੁਣ ਉਹ ਗੁਰੂ ਸਾਹਿਬ ਨੂੰ ਅੰਮ੍ਰਿਤ ਛਕਾਉਣ। ਇਸ ਤਰ੍ਹਾਂ ਕਰਨ ਨਾਲ ਆਪ ਜੀ ਨੇ ਲੋਕਤੰਤਰਤਾ ਦੀ ਭਾਵਨਾ ਦਾ ਪ੍ਰਗਟਾਵਾ ਦਿਤਾ ਤੇ ਆਪ ਜੀ ਨੇ ਕਿਹਾ, "ਮੈਂ ਖਾਲਸੇ ਨੂੰ ਗੁਰੂ ਬਣਾ ਦਿਤਾ ਹੈ।"

ਹਜ਼ਾਰਾਂ ਨੇ ਅੰਮ੍ਰਿਤ ਛਕਿਆ ਤੇ ਸਿੱਖ ਮਜ਼ਹਬ ਨੇ ਇਕ ਵੰਗਾਰ ਨੂੰ ਮਨਜ਼ੂਰ ਕੀਤਾ, ਅਪਣਾਇਆ। ਖਾਲਸੇ ਦੀ ਸਿਰਜਣਾ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਤਕ ਦਸ ਗੁਰੂ ਸਾਹਿਬਾਨ ਦੀ ਲਿਆਂਦੀ ਦੋ ਸੌ ਸਾਲ ਦੀ ਸਮਾਜਿਕ ਤੇ ਆਤਮਕ ਚੇਤਨਤਾ ਦਾ ਹੀ ਨਤੀਜਾ ਸੀ। ਨਿਰਾਸ ਹੋਏ, ਨਿਰਉਤਸ਼ਾਹਤ ਹੋਏ ਲੋਕਾਂ ਨੂੰ ਗੁਰੂ ਸਾਹਿਬ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਚੜ੍ਹਦੀ ਕਲਾ ਦੇ ਧਰਮ ਲਈ ਲੜਨ ਵਾਲੇ ਯੋਧੇ ਬਣਾ ਦਿਤਾ।

ਜਦੋਂ ਇਹ ਸਭ ਕੁਝ ਹੋਇਆ, ਔਰੰਗਜ਼ੇਬ ਦੱਖਣ ਵਿਚ ਲੜਾਈ ਲੜ ਰਿਹਾ ਸੀ। ਜਦੋਂ ਉਸ ਨੂੰ ਗੁਰੂ ਸਾਹਿਬ ਦੇ ਇਸ ਨਵੇਂ ਚੋਜ ਦਾ ਪਤਾ ਲੱਗਾ, ਉਨ੍ਹਾਂ ਦੀ ਸੰਗਤ, ਉਨ੍ਹਾਂ ਦੀ ਸ਼ਕਤੀ ਤੋਂ ਉਹ ਚੌਂਕ ਉਠਿਆ। ਮੁਗਲਾਂ ਨੇ ਸਿੱਖਾਂ ਤੇ ਹਮਲੇ ਕਰਨੇ ਸ਼ੁਰੂ ਕਰ ਦਿਤੇ। ਸਿੱਖਾਂ ਨੇ ਡਟ ਕੇ ਮੁਕਾਬਲਾ ਕੀਤਾ ਤੇ ਮੁਗਲਾਂ ਨੂੰ ਹਰਾਇਆ ਪਰ ਇਹ ਐਨੀਆਂ ਕੁਰਬਾਨੀਆਂ ਤੇ ਸ਼ਕਤੀ ਨਾਲ ਜਿੱਤੀ ਸ਼ਾਂਤੀ ਬਹੁਤ ਦੇਰ ਟਿਕੀ ਨਾ ਰਹਿ ਸਕੀ, ਅਗਲੇ ਪੰਜ ਸਾਲ ਅਨੰਦਪੁਰ ਸਾਹਿਬ ਜਿਹੜੇ ਗੁਰੂ ਸਾਹਿਬ ਨੇ ਕੱਟੇ, ਉਸ ਵਿਚ ਝੜੱਪਾਂ ਹੀ ਹੁੰਦੀਆਂ ਰਹੀਆਂ ਜਿਹੜੀਆਂ ਕਦੀ ਕਦੀ ਲੜਾਈ ਦਾ ਰੂਪ ਵੀ ਧਾਰਨ ਕਰਦੀਆਂ ਰਹੀਆਂ ਅਤੇ ਜਿਨ੍ਹਾਂ ਵਿਚ ਬਹੁਤ ਵਾਰੀ ਪਹਾੜੀ ਰਾਜੇ ਵੀ ਮੁਗਲ ਫੌਜਾਂ ਦਾ ਸਾਥ ਦਿੰਦੇ ਰਹੇ। ਸਿੱਖ ਇਨ੍ਹਾਂ ਦਾ ਮੁਕਾਬਲਾ ਬੜੀ ਬਹਾਦਰੀ ਤੇ ਸੋਝੀ ਨਾਲ ਕਰਦੇ ਰਹੇ ਪਰ ਅਨੰਦਪੁਰ ਸਾਹਿਬ ਤੇ ਬਾਰ-ਬਾਰ ਹਮਲੇ ਹੁੰਦੇ ਰਹੇ। ਅੰਤ ਵਿਚ 1705 ਵਿਚ ਮੁਗਲਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਤੇ ਉਨ੍ਹਾਂ ਦੀ ਸਕੀਮ ਸੀ ਕਿ ਕੋਈ ਰਸਦ ਨਾ ਪਹੁੰਚੇ, ਕਿਸੇ ਕਿਸਮ ਦੀ ਕੋਈ ਚੀਜ਼ ਅੰਦਰ ਨਾ ਜਾਏ ਤੇ ਮਜ਼ਬੂਰ ਹੋ ਕੇ ਸਿੱਖ ਗੋਡੇ ਟੇਕ ਦੇਣ।

ਇਹ ਬੜੀ ਹੀ ਔਖੀ ਘੜੀ ਸਿੱਖਾਂ ਤੇ ਆਣ ਬਣੀ। ਨਗਰ ਤੋਂ ਬਾਹਰ ਪਹਿਰਾ ਦੇਣਾ ਤੇ ਉਥੋਂ ਕਿਸੇ ਤਰ੍ਹਾਂ ਸਾਰੀ ਰਸਦ ਦਾ ਪ੍ਰਬੰਧ ਅੰਦਰ ਤਕ ਠੀਕ ਤਰੀਕੇ ਨਾਲ ਕਰਨਾ ਬਹੁਤ ਔਖਾ ਹੋ ਗਿਆ, ਇਸ ਤੋਂ ਇਹ ਹੋ ਗਿਆ ਕਿ ਕੁਝ ਸਿੰਘ ਰੋਜ਼ ਸ਼ਹੀਦ ਹੋਣ ਲਗ ਪਏ ਤੇ ਰਸਦ ਪਾਣੀ ਅੰਦਰ ਆਉਣਾ ਬੰਦ ਹੋ ਗਿਆ, ਹਰੇਕ ਚੀਜ਼ ਦੀ ਘਾਟ ਹੋ ਗਈ। ਕਿਲੇ ਦੇ ਅੰਦਰ ਬਹੁਤ ਹੀ ਔਖਾ ਹੋ ਗਿਆ, ਸਿੰਘ ਅਤਿ ਦੀ ਭੁੱਖ ਦਾ ਸਾਮ੍ਹਣਾ

ਕਰ ਰਹੇ ਸੀ। ਜਦੋਂ ਮੁਗਲਾਂ ਨੇ ਗੁਰੂ ਸਾਹਿਬ ਨਾਲ ਵਾਅਦਾ ਕੀਤਾ ਕਿ ਉਹ ਗੁਰੂ ਸਾਹਿਬ ਜੀ ਨੂੰ, ਉਨ੍ਹਾਂ ਦੇ ਪਰਿਵਾਰ ਨੂੰ ਤੇ ਫੌਜਾਂ ਨੂੰ ਸੁਰਖਿਅਤ ਜਾਣ ਦੇਣਗੇ ਤਾਂ ਗੁਰੂ ਸਾਹਿਬ ਨੇ ਕਿਲਾ ਛੱਡਣਾ ਮੰਨ ਲਿਆ ਪਰ ਫੇਰ ਵੀ ਮੁਗਲਾਂ ਦੇ ਸੁਭਾਅ ਦੀ ਚੰਗੀ ਤਰ੍ਹਾਂ ਸੋਝੀ ਰੱਖਣ ਵਾਲੇ ਗੁਰੂ ਸਾਹਿਬ ਨੇ ਪਹਿਲਾਂ ਕੁਝ ਕੁ ਗੱਠਾਂ ਕੂੜੇ ਦੀਆਂ ਬੰਨ੍ਹ ਕੇ ਭੇਜੀਆਂ ਜਿਨ੍ਹਾਂ ਨੂੰ ਮੁਗਲ ਫੌਜਾਂ ਨੇ ਗੁਰੂ ਸਾਹਿਬ ਦਾ ਖਜ਼ਾਨਾ ਸਮਝਿਆ ਤੇ ਉਨ੍ਹਾਂ ਉਤੇ ਟੁੱਟ ਕੇ ਪੈ ਗਏ ਜਿਥੋਂ ਗੁਰੂ ਸਾਹਿਬ ਨੂੰ ਉਨ੍ਹਾਂ ਦੀਆਂ ਨੀਯਤਾਂ ਪ੍ਰਤੱਖ ਹੋ ਗਈਆਂ, ਜਿਥੋਂ ਗੁਰੂ ਸਾਹਿਬ ਨੇ ਮਾਤਾ ਜੀ ਤੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਰਾਤ ਦੇ ਹਨ੍ਹੇਰੇ ਵਿਚ ਕਿਲੇ ਵਿਚੋਂ ਕੱਢ ਦਿਤਾ। ਬਾਅਦ ਵਿਚ ਗੁਰੂ ਸਾਹਿਬ ਦੋਨੋਂ ਵੱਡੇ ਸਾਹਿਬਜ਼ਾਦਿਆਂ ਨੂੰ ਲੈ ਕੇ ਪੰਜ ਪਿਆਰਿਆਂ ਨੂੰ ਤੇ ਪੰਜ ਸੌ ਦੀ ਫੌਜ ਲੈ ਕੇ ਅਨੰਦਪੁਰ ਸਾਹਿਬ ਤੋਂ ਨਿਕਲੇ। ਇਸ ਤਰ੍ਹਾਂ ਸਭ ਤੋਂ ਉਚੇ ਸੁੱਚੇ ਮਾਨਵਵਾਦੀ ਸੰਤ ਸਿਪਾਹੀ ਉਸ ਥਾਂ ਤੋਂ ਨਿਕਲੇ ਜਿਥੇ ਉਨ੍ਹਾਂ ਨੇ ਖਾਲਸਾ ਸਾਜਿਆ, ਹੋਰ ਵੱਡੇ-ਵੱਡੇ ਕਾਰਜ ਕੀਤੇ ਤੇ ਮੁੜ ਕਦੀ ਵੀ ਵਾਪਸ ਉਥੇ ਨਾ ਜਾ ਸਕੇ।

ਜਿਸ ਤਰ੍ਹਾਂ ਹੀ ਗੁਰੂ ਸਾਹਿਬ ਦੀਆਂ ਫੌਜਾਂ ਨੇ ਅਨੰਦਪੁਰ ਸਾਹਿਬ ਛੱਡਿਆ, ਮੁਗਲ ਫੌਜਾਂ ਨੇ ਇਕ ਦਮ ਪਿੱਛਾ ਕਰਕੇ ਘੇਰਾ ਪਾ ਲਿਆ। ਸਾਰੇ ਵਾਅਦੇ, ਸਾਰੀਆਂ ਕਸਮਾਂ, ਸਾਰੇ ਇਕਰਾਰ ਭੁੱਲ ਗਏ, ਮੁਗਲ ਫੌਜਾਂ ਟੁਟ ਕੇ ਪੈ ਗਈਆਂ ਤੇ ਉਸ ਰਾਤ ਬਹੁਤ ਸਾਰੇ ਯੋਧੇ ਸ਼ਹੀਦ ਹੋਏ ਤੇ ਸਾਰੇ ਖੇਰੂੰ ਖੇਰੂੰ ਹੋ ਗਏ। ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ, ਚਾਲੀ ਸਿੱਖ ਉਹ ਤਾਂ ਚਮਕੌਰ ਦੀ ਗੜ੍ਹੀ ਵਿਚ ਆ ਗਏ, ਉਥੇ ਵੀ ਮੁਗਲ ਫੌਜਾਂ ਨੇ ਘੇਰਾ ਪਾ ਲਿਆ ਤੇ ਘਮਸਾਣ ਦਾ ਯੁੱਧ ਹੋਇਆ ਜਿਸ ਵਿਚ ਦੋਨੋਂ ਵੱਡੇ ਸਾਹਿਬਜ਼ਾਦੇ ਗੁਰੂ ਸਾਹਿਬ ਦੀਆਂ ਨਜ਼ਰਾਂ ਸਾਮ੍ਹਣੇ ਸ਼ਹੀਦ ਹੋਏ ਪਰ ਕਿੰਨੇ ਬਹਾਦਰੀ ਨਾਲ ਉਹ ਲੜੇ ਤੇ ਕਿਵੇਂ ਬਹਾਦਰੀ ਨਾਲ ਉਨ੍ਹਾਂ ਨੇ ਮੌਤ ਨੂੰ ਗਲਵੱਕੜੀ ਪਾਈ। ਉਥੇ ਅੰਤ ਵਿਚ ਪੰਜਾਂ ਪਿਆਰਿਆਂ ਨੇ ਗੁਰੂ ਸਾਹਿਬ ਨੂੰ ਹੁਕਮ ਦਿਤਾ ਕਿ ਉਹ ਰਾਤ ਦੇ ਹਨ੍ਹੇਰੇ ਵਿਚ ਓਥੋਂ ਨਿਕਲ ਜਾਣ। ਇਸ ਤਰ੍ਹਾਂ ਗੁਰੂ ਸਾਹਿਬ ਆਪਣੇ ਹੀ ਘਰੋਂ ਇਕ ਬੇਗਾਨਿਆਂ ਦੀ ਤਰ੍ਹਾਂ ਮਜ਼ਬੂਰ ਹੋ ਕੇ ਨਿਕਲ ਗਏ ਤਾਂ ਜੋ ਖਾਲਸੇ ਨੂੰ ਮੁੜ ਕੇ ਪੈਰਾਂ ਤੇ ਖੜ੍ਹਾ ਕਰ ਸਕਣ।

ਛੋਟੇ ਸਾਹਿਬਜ਼ਾਦੇ ਤੇ ਮਾਤਾ ਜੀ ਨਾਲ ਵੀ ਧੋਖਾ ਕੀਤਾ ਗਿਆ। ਉਹ ਮਾਸੂਮ ਬੱਚੇ ਸਰਹੰਦ ਦੇ ਗਵਰਨਰ ਨੂੰ ਦੇ ਦਿਤੇ ਗਏ ਜਿਥੇ ਉਹ ਸਾਰੇ ਭਾਰਤ ਵਿਚ ਅਮਰ ਜੋਤਾਂ ਬਣ ਗਈਆਂ, ਦੋ ਛੋਟੀਆਂ ਜਾਨਾਂ ਨੇ ਵੱਡਾ ਸਾਕਾ ਕਰ ਦਿਖਾਇਆ। ਵਜ਼ੀਰ ਖਾਨ ਨੇ ਉਨ੍ਹਾਂ ਨੂੰ ਬੰਦ ਕਰਕੇ ਰੱਖਿਆ ਤੇ ਇਸਲਾਮ ਕਬੂਲਣ ਲਈ ਮਜ਼ਬੂਰ ਕਰਦੇ ਰਹੇ ਜਿਸ ਤੇ ਸਾਹਿਬਜ਼ਾਦਿਆਂ ਨੇ ਜਵਾਬ ਦਿਤਾ, 'ਸਾਨੂੰ ਸਾਡੇ ਪਿਤਾ ਦਾ ਧਰਮ ਛੱਡਣ ਲਈ ਕੋਈ ਵੀ ਮਜ਼ਬੂਰ ਨਹੀਂ ਕਰ ਸਕਦਾ, ਅਸੀਂ ਆਪਣੀਆਂ ਜਾਨਾਂ ਦੇ ਦਿਆਂਗੇ, ਸਿਰ ਦੇ ਦਿਆਂਗੇ, ਸਿਰੜ ਨਹੀਂ ਦਿਆਂਗੇ।' ਸੰਸਾਰ ਛਿਨ ਭੰਗਰ ਹੈ, ਮੁਗਲ ਆਪਣੀ ਕਬਰ ਆਪ ਖੋਦ ਰਹੇ ਹਨ। ਬੇਰਹਿਮ ਨਵਾਬ ਨੇ ਇਨ੍ਹਾਂ ਮਾਸੂਮ ਰੂਹਾਂ ਨੂੰ ਕੰਧ ਵਿਚ ਚਿਣਾ ਦਿਤਾ ਤਾਂ ਵੀ ਉਨ੍ਹਾਂ ਨੇ ਸੀ ਨਹੀਂ ਕੀਤੀ, ਅੰਤ ਵਿਚ ਨਵਾਬ ਨੇ ਉਨ੍ਹਾਂ ਨੂੰ ਖਤਮ ਕਰਵਾ ਦਿਤਾ।

ਬਹੁਤ ਸਾਰੀਆਂ ਲੜਾਈਆਂ ਤੋਂ ਬਾਅਦ ਗੁਰੂ ਸਾਹਿਬ ਇਕ ਸਿੱਖ ਦੇ ਘਰ ਵਿਚ ਠਹਿਰੇ। ਉਸ ਨੇ ਗੁਰੂ ਸਾਹਿਬ ਦੀਆਂ ਦਰਦਨਾਕ ਘਟਨਾਵਾਂ ਸੁਣੀਆਂ, ਛੋਟੇ ਸਾਹਿਬਜ਼ਾਦਿਆਂ ਦਾ ਕੰਧਾਂ ਵਿਚ ਚਿਣੇ ਜਾਣਾ, ਵੱਡੇ ਸਾਹਿਬਜ਼ਾਦਿਆਂ ਦਾ ਜੰਗ ਦੇ ਮੈਦਾਨ ਵਿਚ ਸ਼ਹੀਦ ਹੋ ਜਾਣਾ, ਗੁਰੂ ਸਾਹਿਬ ਦਾ ਸਭ ਕੁਝ ਬੜੇ ਸਹਿਜ ਨਾਲ ਸੁਣਾਉਣਾ ਤੇ ਉਸ ਦਾ ਸਹਿਜ ਨਾਲ ਸੁਣਨਾ ਅਤੇ ਕਹਿਣਾ ਕਿ ਜੋ ਉਸ ਵਾਹਿਗੁਰੂ ਦਾ ਸੀ ਉਸ ਨੇ ਲੈ ਲਿਆ। ਗੁਰੂ ਸਾਹਿਬ ਇਸ ਗੱਲ ਲਈ ਦ੍ਰਿੜ੍ਹ ਸਨ ਕਿ ਉਹ ਮੁਗਲਾਂ ਦਾ ਜ਼ੁਲਮ ਖਤਮ ਕਰਕੇ ਧਰਮ ਦੀ ਰੱਖਿਆ ਕਰਨਗੇ। ਉਨ੍ਹਾਂ ਨੇ ਔਰੰਗਜ਼ੇਬ ਨੂੰ ਚਿੱਠੀ ਲਿਖੀ ਜਿਸ ਨੂੰ ਜਫਰਨਾਮਾ ਕਹਿੰਦੇ ਹਨ ਉਸ ਵਿਚ ਉਨ੍ਹਾਂ ਨੇ ਉਸ ਦੇ ਰਾਹੀਂ ਕੀਤੇ ਜਾ ਰਹੇ ਜ਼ੁਲਮਾਂ ਨੂੰ ਨਖੇਦਿਆ, ਉਸ ਰਾਹੀਂ ਕੀਤੇ ਗਏ ਧ੍ਰੋਹ ਤੇ ਕੁਰਾਨ ਦੀਆਂ ਖਾਧੀਆਂ ਕਸਮਾਂ ਤੇ ਉਨ੍ਹਾਂ ਦੇ ਤੋੜੇ ਜਾਣ ਦੀ ਨਖੇਧੀ ਕੀਤੀ, ਕਿਵੇਂ ਕਸਮਾਂ ਖਾਣ ਤੋਂ ਬਾਅਦ ਵੀ ਜਦੋਂ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਉਸੇ ਵੇਲੇ ਮੁਗਲ ਫੌਜਾਂ ਨੇ ਧਾਵਾ ਬੋਲ ਦਿਤਾ।

ਗੁਰੂ ਸਾਹਿਬ ਨੇ ਛੇਤੀਂ ਹੀ ਫੌਜਾਂ ਇਕੱਠੀਆਂ ਕੀਤੀਆਂ, ਬਹੁਤ ਸਾਰੇ ਨਵੇਂ ਸੱਜਣ ਆਏ, ਮੁਕਤਸਰ ਦੇ ਨੇੜੇ ਪਾਣੀ ਦੇ ਕੰਢੇ ਉਨ੍ਹਾਂ ਨੇ ਬਚਨ ਕੀਤੇ ਕਿ ਮੇਰਾ ਇਹ ਸੁਨੇਹਾ ਦੇਸ਼ ਦੇ ਇਕ ਕੋਨੇ ਤੋਂ ਦੂਸਰੇ ਤਕ ਪਹੁੰਚਣਾ ਚਾਹੀਦਾ ਹੈ, ਮੈਂ ਕਿਸ ਤਰ੍ਹਾਂ ਆਰਾਮ ਨਾਲ ਬੈਠ ਸਕਦਾ ਹਾਂ ਜਦੋਂ ਦੇਸ਼ ਤੇ ਬਿਪਤਾ ਬਣੀ ਹੋਵੇ, ਮੁਸੀਬਤ ਪਈ ਹੋਵੇ, ਜ਼ੁਲਮ ਹੋ ਰਿਹਾ ਹੋਵੇ। ਕਈ ਨਵੇਂ ਆਏ ਸੱਜਣਾਂ ਨੇ ਕਿਹਾ ਕਿ ਬਾਦਸ਼ਾਹ ਨਾਲ ਸੁਲਾਹ ਕਰ ਲਈ ਜਾਵੇ। ਗੁਰੂ ਸਾਹਿਬ ਨੇ ਜਵਾਬ ਦਿਤਾ ਕਿ ਮੈਂ ਜ਼ੁਲਮ, ਅਤਿਆਚਾਰ ਨਾਲ ਕੋਈ ਸਮਝੌਤਾ ਨਹੀਂ ਕਰਦਾ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣੇ ਪਿਛੋਕੜ ਦੀ ਯਾਦ ਕਰਾਈ, ਕਿਵੇਂ ਯੋਧਿਆਂ ਦਾ ਉਨ੍ਹਾਂ ਦਾ ਪਿਛੋਕੜ ਹੈ, ਕਿਵੇਂ ਪੰਚਮ ਪਾਤਸ਼ਾਹ ਤੇ ਨੌਵੇਂ ਪਾਤਸ਼ਾਹ ਨੇ ਸ਼ਹਾਦਤਾਂ ਦਿਤੀਆਂ, ਧਰਮ ਲਈ ਸੀਸ ਦਿਤੇ ਪਰ ਧਰਮ ਨਹੀਂ ਛੱਡਿਆ। ਇਹ ਸੁਣ ਕੇ ਉਨ੍ਹਾਂ ਵਿਚ ਜੋਸ਼ ਆ ਗਿਆ ਤੇ ਸਾਰੇ ਹੀ ਯੁੱਧ ਲਈ ਤਿਆਰ ਹੋ ਗਏ। ਮੁਕਤਸਰ ਵਿਖੇ ਫੇਰ ਘਮਸਾਣ ਦਾ ਯੁੱਧ ਹੋਇਆ, ਥੋੜ੍ਹੀਆਂ ਜਿਹੀਆਂ ਸਿੱਖ ਫੌਜਾਂ ਨੇ ਮੁਗਲਾਂ ਨੂੰ ਧਕੇਲ ਮਾਰਿਆ, ਹਰੇਕ ਯੋਧਾ ਬੜੀ ਹੀ ਬਹਾਦਰੀ ਨਾਲ ਲੜਿਆ, ਚਾਲੀ ਮੁਕਤੇ ਜਿਹੜੇ ਅਨੰਦਪੁਰ ਸਾਹਿਬ ਗੁਰੂ ਸਾਹਿਬ ਨੂੰ ਛਡ ਕੇ ਚਲੇ ਗਏ ਸੀ ਤੇ ਇਥੇ ਮੁੜ ਕੇ ਆ ਗਏ ਸੀ, ਉਹ ਵੀ ਬਹਾਦਰੀ ਨਾਲ ਲੜਦੇ ਸ਼ਹੀਦ ਹੋ ਗਏ ਤੇ ਗੁਰੂ ਸਾਹਿਬ ਨੇ ਬੇਦਾਵਾ ਫਾੜਿਆ।

ਐਨਾ ਸਾਰਾ ਕੁਝ ਹੋਣ ਤੋਂ ਬਾਅਦ ਵੀ ਗੁਰੂ ਗੋਬਿੰਦ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਲੈ ਕੇ ਤੁਰ ਪਏ, ਉਨ੍ਹਾਂ ਦੀ ਹੀ ਸਿਖਿਆ ਨੂੰ ਅੱਗੇ ਵਧਾਉਂਦੇ ਜਿਥੇ ਜਿਥੇ ਗੁਰੂ ਸਾਹਿਬ ਗਏ, ਸੰਗਤ ਜੋਸ਼ ਵਿਚ ਆਉਂਦੀ ਗਈ। ਆਪ ਜੀ ਨੇ ਪੱਛਮੀ ਭਾਗ ਦੇ ਪੰਜਾਬੀਆਂ ਨੂੰ ਏਸ ਕੰਮ ਲਈ ਸਭ ਤੋਂ

ਵੱਧ ਠੀਕ ਸਮਝਿਆ। ਨਦੀ ਦੇ ਕਿਨਾਰੇ ਦੀ ਥਾਂ ਸੀ, ਜੰਗਲ ਸੀ ਤੇ ਮੁਗਲ ਫੌਜਾਂ ਤੋਂ ਕਾਫੀ ਦੂਰ ਸੀ। ਇਹ ਥਾਂ, ਇਥੋਂ ਦੇ ਲੋਕੀ ਆਪਣੇ ਆਪ ਨੂੰ ਧੰਨ ਸਮਝ ਰਹੇ ਸਨ ਕਿ ਗੁਰੂ ਸਾਹਿਬ ਇਥੇ ਆਏ। ਗੁਰੂ ਸਾਹਿਬ ਇਥੇ ਠਹਿਰੇ ਤੇ ਦਮਦਮਾ ਸਾਹਿਬ ਦਾ ਨਵਾਂ ਨਗਰ ਵਸਾਇਆ ਜਿਹੜਾ ਕਿ ਛੇਤੀਂ ਹੀ ਮਸ਼ਹੂਰ ਹੋ ਗਿਆ ਤੇ ਪੜ੍ਹਾਈ ਲਿਖਾਈ ਲਈ ਜਾਣਿਆ ਜਾਣ ਲਗ ਪਿਆ। ਲੱਖ ਬੰਦੇ ਨੇ ਦਮਦਮਾ ਸਾਹਿਬ ਖਾਲਸੇ ਦਾ ਬਾਣਾਂ ਅਪਣਾਇਆ। ਗੁਰੂ ਸਾਹਿਬ ਇਥੇ ਬੜੇ ਹੀ ਅਨੰਦ ਵਿਚ ਰਹੇ ਅਤੇ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਮੁਢ ਤੋਂ ਲਿਖਿਆ।

ਏਸੇ ਸਮੇਂ ਵਿਚ ਔਰੰਗਜ਼ੇਬ ਬਹੁਤ ਬਿਮਾਰ ਹੋ ਗਿਆ ਤੇ ਮਰਨ ਕੰਢੇ ਹੀ ਸੀ। ਉਹ ਭਲੀ ਪ੍ਰਕਾਰ ਇਹ ਵੀ ਜਾਣਦਾ ਸੀ ਕਿ ਉਸ ਨੇ ਗੁਰਮੁਖਾਂ ਨੂੰ, ਸੰਤਾਂ ਮਹਾਤਮਾ ਨੂੰ ਆਪਣੇ ਜੀਵਨ ਵਿਚ ਦੁਖ ਦਿਤੇ ਹਨ, ਇਸ ਦੇ ਨਤੀਜੇ ਤੋਂ ਉਹ ਜਾਣੂੰ ਸੀ, ਬੜੀ ਸੋਚ ਸਮਝ ਤੋਂ ਬਾਅਦ ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਚਿੱਠੀ ਜਫਰਨਾਮੇ ਦਾ ਜਵਾਬ ਦਿਤਾ ਤੇ ਉਸ ਵਿਚ ਇਹ ਬੇਨਤੀ ਕੀਤੀ ਕਿ ਅਸੀਂ ਮਿਲੀਏ ਤੇ ਗੱਲਬਾਤ ਕਰੀਏ, ਸੁਲਾਹ ਸਫਾਈ ਕਰੀਏ। ਚਿੱਠੀ ਦਾ ਜਵਾਬ ਮਿਲਣ ਤੋਂ ਪਹਿਲਾਂ ਹੀ ਬਾਦਸ਼ਾਹ ਦੀ ਬਿਮਾਰੀ ਦਾ ਸੁਣ ਕੇ ਗੁਰੂ ਸਾਹਿਬ ਬਾਦਸ਼ਾਹ ਨੂੰ ਮਿਲਣ ਲਈ ਲੰਮੇ ਸਫਰ ਤੇ ਚਲ ਪਏ। ਅਜੇ ਗੁਰੂ ਸਾਹਿਬ ਰਸਤੇ ਵਿਚ ਹੀ ਸਨ ਕਿ ਆਪ ਜੀ ਨੂੰ ਬਾਦਸ਼ਾਹ ਦੇ ਮਰਨ ਦੀ ਖਬਰ ਮਿਲੀ।

ਔਰੰਗਜ਼ੇਬ ਦੇ ਤਿੰਨੋਂ ਪੁਤਰਾਂ ਵਿਚ ਗੱਦੀ ਲਈ ਲੜਾਈ ਹੋਣੀ ਸ਼ੁਰੂ ਹੋ ਗਈ ਜੋ ਰਵਾਇਤ ਚਲਦੀ ਆਈ ਹੈ। ਸਭ ਤੋਂ ਵੱਡਾ ਬੇਟਾ ਮੁਅੱਜ਼ਮ ਸਭ ਤੋਂ ਚੰਗਾ ਤੇ ਲਾਇਕ ਸੀ, ਉਹ ਆਪਣੇ ਪਿਤਾ ਦੀ ਤਰ੍ਹਾਂ ਪੱਖਪਾਤੀ ਨਹੀਂ ਸੀ, ਕੱਟੜਵਾਦੀ ਨਹੀਂ ਸੀ, ਬਹੁਤ ਹੀ ਖੁਲ੍ਹੇ ਵਿਚਾਰਾਂ ਵਾਲਾ ਸੀ ਉਸ ਨੇ ਗੁਰੂ ਸਾਹਿਬ ਦੀ ਬਖਸ਼ਿਸ਼ ਲਈ ਬੇਨਤੀ ਕੀਤੀ ਤਾ ਕਿ ਉਹ ਗੱਦੀ ਦਾ ਮਾਲਕ ਬਣ ਸਕੇ। ਜਿਵੇਂ ਕਿ ਗੁਰੂ ਘਰ ਦੀ ਪ੍ਰਥਾ ਹੈ, 'ਜੋ ਸ਼ਰਣ ਆਵੈ ਤਿਸ ਕੰਠ ਲਾਵੈ।' ਅਨੁਸਾਰ ਗੁਰੂ ਸਾਹਿਬ ਨੇ ਉਸ ਨੂੰ ਫੌਜ ਰਾਹੀਂ ਮਦਦ ਭੇਜੀ, ਮੁਅੱਜ਼ਮ ਬਾਦਸ਼ਾਹ ਬਣ ਗਿਆ।

ਗੁਰੂ ਸਾਹਿਬ ਦੀ ਤੇ ਬਾਦਸ਼ਾਹ ਦੀ ਭਾਵੇਂ ਦੋਸਤੀ ਸੀ, ਦੋਸਤੀ ਵਿਚ ਸਭ ਠੀਕ ਵੀ ਹੋਇਆ ਪਰ ਕੁਝ ਲੋਕ ਮੁਗਲਾਂ ਦਾ ਜ਼ੁਲਮ ਭੁਲ ਨਹੀਂ ਸਕੇ। ਉਧਰ ਬਾਦਸ਼ਾਹ ਵੀ ਭਾਵੇਂ ਗੁਰੂ ਸਾਹਿਬ ਦਾ ਅਹਿਸਾਨਮੰਦ ਸੀ ਕਿ ਗੁਰੂ ਸਾਹਿਬ ਨੇ ਮਦਦ ਭੇਜੀ, ਆਪ ਜੀ ਦੀ ਇਜ਼ਤ ਵੀ ਕਰਦਾ ਸੀ ਪਰ ਜਦੋਂ ਗੁਰੂ ਸਾਹਿਬ ਨੇ ਉਸ ਨੂੰ ਨਵਾਬ ਵਜ਼ੀਰਖਾਨ ਦੇ ਜ਼ੁਲਮਾਂ ਨੂੰ ਖਤਮ ਕਰਨ ਲਈ ਕਿਹਾ ਜਿਸ ਨੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਾਇਆ ਸੀ, ਜਦੋਂ ਬਾਦਸ਼ਾਹ ਨੇ ਇਸ ਬਾਰੇ ਕੁਝ ਵੀ ਨਹੀਂ ਕੀਤਾ, ਇਸ ਉਪਰੰਤ ਇਨ੍ਹਾਂ ਦੇ ਸਬੰਧ ਖਤਮ ਹੋ ਗਏ ਤੇ ਗੁਰੂ ਸਾਹਿਬ ਅੱਗੇ ਚਲੇ ਗਏ।

ਇਸ ਉਪਰੰਤ 1708 ਵਿਚ ਗੁਰੂ ਸਾਹਿਬ ਨੰਦੇੜ ਚਲੇ ਗਏ, ਜਿਹੜਾ ਗੋਦਾਵਰੀ ਨਦੀ ਦੇ ਕੰਢੇ ਤੇ ਸਥਿਤ ਹੈ, ਉਥੇ ਆਪ ਜੀ ਮਾਧੋਦਾਸ ਬੈਰਾਗੀ ਕੋਲ ਗਏ। ਗੁਰੂ ਸਾਹਿਬ ਨੇ ਜਦੋਂ ਕੁਟੀਆ ਖਾਲੀ ਦੇਖੀ, ਆਪ ਜੀ ਅੰਦਰ ਚਲੇ ਗਏ ਤੇ ਬੈਰਾਗੀ ਦੇ ਪਲੰਘ ਤੇ ਬੈਠ ਗਏ। ਜਦੋਂ ਬੈਰਾਗੀ ਨੂੰ ਪਤਾ ਲੱਗਾ ਉਹ ਅੰਦਰ ਦੌੜਿਆ ਆਇਆ ਤਾਂ ਜੋ ਉਹ ਗੁਰੂ ਸਾਹਿਬ ਨੂੰ ਅੰਦਰੋਂ ਕੱਢੇ ਪਰ ਜਿਵੇਂ ਹੀ ਉਸ ਦੀਆਂ ਅੱਖਾਂ ਗੁਰੂ ਸਾਹਿਬ ਦੇ ਚਿਹਰੇ ਤੇ ਪਈਆਂ, ਉਹ ਗੁਰੂ ਸਾਹਿਬ ਦੇ ਚਰਨਾਂ ਤੇ ਡਿੱਗ ਪਿਆ।

ਕਿਹਾ ਜਾਂਦਾ ਹੈ ਕਿ ਗੁਰੂ ਸ਼ਿਸ਼ ਦਾ ਸਬੰਧ ਸਭ ਤੋਂ ਪਵਿੱਤਰ ਸਬੰਧ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਸ਼ਿਸ਼ ਤਿਆਰ ਹੋ ਜਾਂਦਾ ਹੈ ਤਾਂ ਗੁਰੂ ਪ੍ਰਗਟ ਹੋ ਜਾਂਦਾ ਹੈ। ਜਦੋਂ ਦੀਵੇ ਵਿਚ ਤੇਲ ਬੱਤੀ ਸਭ ਕੁਝ ਤਿਆਰ ਹੋ ਜਾਂਦਾ ਹੈ ਤੇ ਗੁਰੂ ਦੀਵਾ ਜਲਾਣ ਲਈ ਪ੍ਰਗਟ ਹੋ ਹੀ ਜਾਂਦਾ ਹੈ। ਇਸੇ ਗੱਲ ਨੂੰ ਮੁਖ ਰਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਇਥੇ ਵੀ ਮਾਧੋਦਾਸ ਬੈਰਾਗੀ ਦੇ ਪੂਰਬਲੇ ਕਰਮ ਪ੍ਰਗਟ ਹੋਏ ਤੇ ਪੂਰਨ ਗੁਰੂ ਦੇ ਦਰਸ਼ਨ ਹੋਏ ਕਿਉਂਕਿ ਬੈਰਾਗੀ ਪਿਛਲੇ ਜਨਮ ਵਿਚ ਖਤਰੀ ਯੋਧੇ ਸਨ ਤੇ ਬੈਰਾਗੀ ਦੇ ਯੋਧੇ ਹੋਣ ਦੀ ਤੇ ਲੜਾਈ ਦੀ ਸਿਖਿਆ ਤੇ ਕਲਾ ਗੁਰੂ ਸਾਹਿਬ ਲਈ ਬਹੁਤ ਹੀ ਲਾਹੇਵੰਦ ਸੀ।

ਬੈਰਾਗੀ ਮਾਧੋਦਾਸ ਪਹਿਲਾਂ ਲੱਛਮਣ ਦੇਵ ਸੀ, ਬਾਅਦ ਵਿਚ ਇਹ ਬੈਰਾਗੀ ਹੋਏ। ਮਾਧੋਦਾਸ ਦਾ ਜਨਮ ਰਾਜਪੂਤ ਘਰਾਣੇ ਵਿਚ 1670 ਵਿਚ ਹੋਇਆ। ਛੋਟੇ ਹੁੰਦੇ ਤੀਰ ਅੰਦਾਜੀ ਵਿਚ ਹੀ ਬਹੁਤ ਚੰਗੀ ਮਹਾਰਤ ਹਾਸਲ ਕਰ ਲਈ, ਹੋਰ ਵੀ ਬਹੁਤ ਚੰਗੀ ਸ਼ਸ਼ਤਰਾਂ ਦੀ ਸਿਖਿਆ ਲਈ। ਬੈਰਾਗੀ ਬਹੁਤ ਹੀ ਸੋਹਲ ਹਿਰਦੇ ਵਾਲੇ ਸੀ, ਉਨ੍ਹਾਂ ਦਾ ਸਾਰਾ ਜੀਵਨ ਹਿਰਨੀ ਦੇ ਸ਼ਿਕਾਰ ਤੋਂ ਹੀ ਬਦਲਿਆ। ਉਸ ਨੂੰ ਮਾਰਨ ਤੋਂ ਬਾਅਦ ਜੋ ਅਨੁਭਵ ਹੋਇਆ ਉਹ ਇਸ ਤਰ੍ਹਾਂ ਸੀ ਕਿ ਤੀਰ ਲਗਦੇ ਹੀ ਹਿਰਨੀ ਦੇ ਪੇਟ ਦੇ ਆਰ ਪਾਰ ਹੋ ਗਿਆ ਤੇ ਕੀ ਦੇਖਿਆ ਕਿ ਦੋ ਛੋਟੇ ਬੱਚੇ ਹਿਰਨੀ ਦੇ ਪੇਟ ਵਿਚ ਸਨ ਤੇ ਉਹ ਜਨਮ ਲੈਣ ਤੋਂ ਪਹਿਲਾਂ ਹੀ ਲਹੂ ਲੁਹਾਨ ਹੋ ਕੇ ਮਰ ਗਏ। ਇਹ ਦੇਖ ਕੇ ਮਾਧੋਦਾਸ ਦਾ ਮਨ ਭਰ ਆਇਆ ਤੇ ਮਾਰਨ ਤੋਂ, ਸ਼ਿਕਾਰ ਤੋਂ ਨਫਰਤ ਹੋ ਗਈ। ਮਨ ਤੇ ਐਸਾ ਡੂੰਘਾ ਪ੍ਰਭਾਵ ਪਿਆ ਤੇ ਇਹ ਅਨੁਭਵ ਹੋਇਆ ਕਿ ਜੀਵਨ ਛਿਨ ਭੰਗਰ ਹੈ, ਦੁਖਾਂ ਭਰਿਆ ਹੈ ਤੇ ਇਕ ਦਮ ਬੈਰਾਗ ਜਾਗ ਗਿਆ ਤੇ ਸੰਨਿਆਸ ਲੈ ਲਿਆ।

ਗੱਭਰੂ ਜਵਾਨ ਲਛਮਨ ਜਗ੍ਹਾ ਜਗ੍ਹਾ ਭਟਕਣ ਲੱਗਾ, ਮਨ ਦੀ ਸ਼ਾਂਤੀ ਤੇ ਜੀਵਨ ਦੇ ਅਰਥ ਢੂੰਡਣ ਲੱਗਾ ਤੇ ਇਸੇ ਤਰ੍ਹਾਂ ਬਹੁਤ ਸਾਰੇ ਸਾਧੂਆਂ ਦਾ ਮੇਲ ਹੋਇਆ। ਅੰਤ ਵਿਚ ਕਸੂਰ ਵਿਚ ਉਹ ਬੈਰਾਗੀ ਹੋਏ ਅਤੇ ਮਾਧੋਦਾਸ ਉਨ੍ਹਾਂ ਦਾ ਨਾਮ ਰੱਖਿਆ ਗਿਆ। ਫੇਰ ਉਹ ਨੰਦੇੜ ਸਾਹਿਬ ਆਏ ਅਤੇ ਯੋਗ ਸਿਖਿਆ ਦੇ ਕਾਰਣ ਬਹੁਤ ਹੀ ਪ੍ਰਸਿੱਧ ਹੋ ਕੇ ਜਾਣੇ ਜਾਣ ਲੱਗੇ ਤੇ ਨਾਥ ਸਾਧੂ ਦੇ ਸ਼ਿਸ਼ ਬਣੇ, ਉਹ ਯੋਗਾ ਸਿੱਧੀਆਂ ਲਈ ਬਹੁਤ ਹੀ ਮਸ਼ਹੂਰ ਸਨ। ਨਿਰੰਤਰ ਅਭਿਆਸ ਕਰਦਿਆਂ, ਅਨੁਸਾਸ਼ਨ ਵਿਚ ਰਹਿੰਦਿਆਂ ਉਹ ਇਕ ਪਰੀਪੂਰਨ ਯੋਗੀ ਬਣ ਗਿਆ। ਉਹ ਐਨੇ ਪਰੀਪੂਰਨ ਹੋ ਗਏ ਕਿ ਉਨ੍ਹਾਂ ਨੂੰ ਗੁਰਗੱਦੀ ਵੀ ਮਿਲ ਗਈ, ਉਹ ਗੁਰੂ ਦੇ ਆਸ਼ਰਮ ਦੇ ਮੋਢੀ ਵੀ ਬਣ ਗਏ ਅਤੇ ਜਿਹੜੇ ਵੀ ਉਨ੍ਹਾਂ ਦਾ ਅਸ਼ੀਰਵਾਦ ਲੈਣ ਆਉਂਦੇ ਉਨ੍ਹਾਂ ਨੂੰ ਇਹ ਆਸ਼ੀਰਵਾਦ ਦਿੰਦੇ। ਗੁਰੂ ਗੋਬਿੰਦ

ਸਿੰਘ ਸਾਹਿਬ ਨਾਲ ਭੇਟ ਹੋਣ ਤੋਂ ਬਾਅਦ ਉਨ੍ਹਾਂ ਨੇ ਆਸ਼ਰਮ ਛੱਡ ਦਿਤਾ ਤੇ ਧਰਮ ਲਈ ਯੁੱਧ ਕਰਨ ਦਾ ਕਰਮ ਅਪਣਾਇਆ। ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਗਿਆ, ਬੰਦਾ ਸਿੰਘ ਬਹਾਦਰ ਦਾ ਨਾਮ ਦਿਤਾ ਗਿਆ ਅਤੇ ਗੁਰੂ ਸਾਹਿਬ ਦੇ ਧਰਮ ਕਾਰਜ ਉਦੇਸ਼ ਨੂੰ ਪੂਰਾ ਕਰਨ ਦਾ ਬੀੜਾ ਇਨ੍ਹਾਂ ਨੇ ਚੁੱਕਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬੰਦਾ ਬਹਾਦਰ ਨੂੰ ਬਹੁਤ ਹੀ ਸੋਧ ਕੇ ਪੂਰੇ ਧਿਆਨ ਪੂਰਵਕ ਹੀ ਉਤਸ਼ਾਹ ਦਿਤਾ ਤੇ ਉਸ ਦੀ ਯੁੱਧ ਕਲਾ ਦਾ ਗੁਰੂ ਸਾਹਿਬ ਨੂੰ ਇਹ ਭਰੋਸਾ ਹੋ ਗਿਆ ਕਿ ਉਹ ਨਿਆਂ ਤੇ ਸੁਤੰਤਰਤਾ ਲਈ ਯੁੱਧ ਕਰ ਸਕੇਗਾ। ਸਰਹੰਦ ਦਾ ਨਵਾਬ ਬਾਦਸ਼ਾਹ ਤੋਂ ਬਹੁਤ ਦੁਖੀ ਸੀ ਕਿਉਂਕਿ ਬਾਦਸ਼ਾਹ ਗੁਰੂ ਸਾਹਿਬ ਨਾਲ ਦੋਸਤੀ ਹੀ ਨਹੀਂ ਰਖਦਾ, ਉਨ੍ਹਾਂ ਦੀ ਹਸਤੀ ਨੂੰ ਕਿਸੇ ਹੱਦ ਤਕ ਜਾਣਦਾ ਸੀ। ਬਾਦਸ਼ਾਹ ਦੀ ਗੁਰੂ ਸਾਹਿਬ ਵਲ ਵਧਦੀ ਸਹਾਨੁਭੂਤੀ ਦੇਖਦੇ ਹੋਏ ਨਵਾਬ ਨੂੰ ਇਹ ਡਰ ਲਗਣ ਲਗ ਪਿਆ ਕਿ ਬਾਦਸ਼ਾਹ ਨਵਾਬ ਤੇ ਹਮਲਾ ਨਾ ਕਰ ਦੇਵੇ ਤੇ ਸਾਹਿਬਜ਼ਾਦਿਆਂ ਦਾ ਬਦਲਾ ਨਾ ਉਹਦੇ ਕੋਲੋਂ ਲਵੇ। ਨਵਾਬ ਨੇ ਗੁਰੂ ਸਾਹਿਬ ਨੂੰ ਕਤਲ ਕਰਨ ਦੀ ਸਾਜਿਸ਼ ਬਣਾਈ ਤੇ ਆਪਣੇ ਦੋ ਬੰਦੇ ਨੰਦੇੜ ਸਾਹਿਬ ਗੁਰੂ ਸਾਹਿਬ ਦੇ ਕੈਂਪ ਵਿਚ ਭੇਜੇ। ਇਕ ਦਿਨ ਜਿਵੇਂ ਹੀ ਗੁਰੂ ਸਾਹਿਬ ਅਰਦਾਸ ਕਰਕੇ ਮੱਥਾ ਟੇਕ ਰਹੇ ਸੀ ਇਹ ਘਾਤਕ ਜਿਸ ਨੇ ਪਹਿਲੇ ਗੁਰੂ ਸਾਹਿਬ ਦੇ ਹੱਥੋਂ ਪ੍ਰਸ਼ਾਦ ਲਿਆ ਸੀ, ਉਸ ਨੇ ਗੁਰੂ ਸਾਹਿਬ ਦੇ ਬਰਛਾ ਮਾਰਿਆ, ਜਿਹੜਾ ਗੁਰੂ ਸਾਹਿਬ ਦੀ ਛਾਤੀ ਵਿਚ ਲੱਗਾ ਤੇ ਦਿਲ ਵਿਚ ਜਾ ਕੇ ਖੁਭਿਆ। ਉਸ ਨੇ ਦੂਸਰਾ ਵਾਰ ਕੀਤਾ, ਤੀਸਰਾ ਵਾਰ ਕਰਨ ਹੀ ਵਾਲਾ ਸੀ ਗੁਰੂ ਸਾਹਿਬ ਨੇ ਉਸ ਹਾਲਤ ਵਿਚ ਵੀ ਜਦੋਂ ਆਪ ਜੀ ਬੁਰੀ ਤਰ੍ਹਾਂ ਜ਼ਖਮੀ ਹੋਏ ਪਏ ਸੀ, ਆਪ ਜੀ ਨੇ ਵਾਰ ਕਰਕੇ ਉਸ ਦਾ ਸਿਰ ਲਾਹ ਦਿਤਾ। ਸਿੱਖ ਸਾਰੇ ਦੌੜੇ ਆਏ, ਸਾਰੇ ਇਕੱਠੇ ਹੋ ਗਏ ਉਨ੍ਹਾਂ ਨੇ ਉਸ ਘਾਤਕ ਦੇ ਸਾਥੀ ਨੂੰ ਉਥੋਂ ਤੋਰ ਦਿਤਾ ਤੇ ਗੁਰੂ ਸਾਹਿਬ ਦੀ ਸਿਹਤ ਤੇ ਜ਼ਖਮ ਨੂੰ ਠੀਕ ਕਰਨ ਵਿਚ ਲਗ ਗਏ।

ਇਕ ਚੰਗੇ ਜਰਾਹ ਨੇ ਗੁਰੂ ਸਾਹਿਬ ਦੇ ਜ਼ਖਮ ਨੂੰ ਛੇਤੀਂ ਹੀ ਠੀਕ ਕਰ ਦਿਤਾ, ਗੁਰੂ ਸਾਹਿਬ ਠੀਕ ਹੋਣਾ ਸ਼ੁਰੂ ਹੋ ਗਏ। ਆਰਾਮ ਦਾ ਜੀਵਨ ਗੁਰੂ ਸਾਹਿਬ ਦੇ ਸੁਭਾਅ ਦੇ ਵਿਪਰੀਤ ਸੀ, ਆਪ ਜੀ ਛੇਤੀਂ ਆਪਣੇ ਸਹਿਜ ਜੀਵਨ ਦੀ ਕਿਰਿਆ ਵਿਚ ਆ ਗਏ ਤੇ ਇਕ ਦਿਨ ਜਦੋਂ ਆਪ ਜੀ ਤੀਰ ਕਮਾਨ ਖਿੱਚ ਰਹੇ ਸੀ, ਜਰਾਹ ਦਾ ਉਹ ਸੀਤਾ ਹੋਇਆ ਜ਼ਖਮ ਖੁਲ੍ਹ ਗਿਆ ਤੇ ਖੂਨ ਦਾ ਫੁਹਾਰਾ ਛੁਟ ਪਿਆ। ਹੁਣ ਗੁਰੂ ਸਾਹਿਬ ਦਾ ਸਰੀਰ ਐਨਾ ਕਮਜ਼ੋਰ, ਐਨਾ ਦੁਰਬਲ ਹੋ ਚੁੱਕਾ ਸੀ ਕਿ ਹੁਣ ਉਨ੍ਹਾਂ ਦਾ ਸਵੱਸਥ ਹੋਣਾ, ਠੀਕ ਹੋਣਾ ਇਸ ਘਟਨਾ ਤੋਂ ਬਾਅਦ ਬਹੁਤ ਹੀ ਔਖਾ ਸੀ, ਅਸੰਭਵ ਸੀ। ਗੁਰੂ ਸਾਹਿਬ ਇਹ ਵੀ ਜਾਣਦੇ ਸੀ ਕਿ ਉਨ੍ਹਾਂ ਦੇ ਸਰੀਰ ਦਾ ਹੁਣ ਅੰਤ ਨੇੜੇ ਹੀ ਹੈ।

ਆਪ ਜੀ ਨੇ ਸਰੀਰ ਛੱਡਣ ਦੀ ਤਿਆਰੀ ਕਰ ਲਈ, ਆਪਣੇ ਸਿੰਘਾਂ ਨੂੰ ਇਹ ਹੀ ਆਦੇਸ਼ ਦਿਤਾ ਕਿ ਸਦਾ ਚੜ੍ਹਦੀ

ਕਲਾ ਵਿਚ ਰਹਿਣ, ਕਦੀ ਵੀ ਢਹਿੰਦੀ ਅਵਸਥਾ ਵਿਚ ਨਾ ਹੋਣ। ਜਿਥੋਂ ਤਕ ਗੁਰਗੱਦੀ ਦੇਣ ਦੀ ਗੱਲ ਸੀ ਆਪ ਜੀ ਨੇ ਸਿੰਘਾਂ ਨੂੰ ਆਦੇਸ਼ ਦਿਤਾ ਕਿ ਆਪ ਜੀ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਦਿੰਦੇ ਹਨ; ਜਿਹੜੇ ਇਸ ਨੂੰ ਮੰਨਣਗੇ, ਉਨ੍ਹਾਂ ਦੇ ਕਾਰਜ ਸਿੱਧ ਹੋਣਗੇ, ਗੁਰੂ ਅੰਗ ਸੰਗ ਹੋ ਕੇ ਉਸ ਦੀ ਰੱਖਿਆ ਕਰਨਗੇ, ਇਹ ਪੂਰਨ ਸਤਿ ਮੰਨਿਆ ਜਾਵੇ। ਇਸ ਤਰ੍ਹਾਂ ਦੇਹਧਾਰੀ ਗੁਰੂਗੱਦੀ ਦਾ ਅੰਤ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਤੇ ਬਿਰਾਜਮਾਨ ਕੀਤਾ ਤੇ ਆਉਣ ਵਾਲੇ ਸਮਿਆਂ ਲਈ ਸਿੱਖਾਂ ਨੂੰ ਸੇਧ ਦੇਣ ਲਈ ਸਦਾ ਲਈ ਗੁਰੂ ਸਾਹਿਬ ਇਹ ਹੁਕਮ ਦੇ ਗਏ। ਜਦੋਂ ਤਕ ਖਾਲਸਾ ਗੁਰੂ ਸਾਹਿਬ ਦੇ ਬਚਨਾਂ ਤੇ ਚਲਦਾ ਰਹੇਗਾ, ਗੁਰੂ ਸਾਹਿਬ ਸਦਾ ਹੀ ਅੰਗ ਸੰਗ ਰਹਿਣਗੇ।

ਇਸ ਉਪਰੰਤ ਗੁਰੂ ਸਾਹਿਬ ਨੇ ਜੰਗ ਦੇ ਮੈਦਾਨ ਦੇ ਵਸਤਰ ਪਾਏ - ਨੀਲੇ ਵਸਤਰ ਜਿਹੜੇ ਉਨ੍ਹਾਂ ਨੂੰ ਪਸੰਦ ਸੀ, ਆਪਣੀਆਂ ਫੌਜਾਂ ਨੂੰ ਆਪ ਜੀ ਨੇ ਅਲਵਿਦਾ ਕਿਹਾ। ਜਿਹੜੀ ਕਨਾਤ ਆਪ ਜੀ ਨੇ ਲਗਾਈ ਸੀ ਆਪ ਜੀ ਉਸ ਦੇ ਅੰਦਰ ਚਲੇ ਗਏ, ਉਥੇ ਅੰਦਰ ਆਪ ਜੀ ਸ਼ਾਂਤ ਹੋ ਕੇ ਇਕੱਲੇ ਬੈਠੇ ਰਹੇ ਤੇ ਉਥੇ ਹੀ ਆਪ ਜੀ ਦਾ ਸਰੀਰ ਅਨੰਤ ਵਿਚ ਲੀਨ ਹੋ ਗਿਆ।

ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਿਆ ਖਾਲਸਾ ਉਤਸ਼ਾਹ ਮਹਿਸੂਸ ਕਰਦਾ ਰਿਹਾ। ਗੁਰੂ ਸਾਹਿਬ ਨੇ ਵਾਸਤਵ ਵਿਚ ਕੰਮ ਦਾ ਸਮੂਹਿਕ ਅਚੇਤ ਹੀ ਵਿੰਨ੍ਹ ਦਿਤਾ ਸੀ, ਸਾਰਿਆਂ ਦੇ ਰੋਮ-ਰੋਮ ਵਿਚ ਆਪ ਜੀ ਰਮ ਗਏ ਸਨ, ਆਪ ਜੀ ਇਨ੍ਹਾਂ ਦੀ ਸੋਭਾ ਪ੍ਰਤਿਸ਼ਟਾ ਸਦਾ ਹੀ ਮਾਨਵਤਾ ਦੇ ਉਥਾਨ ਲਈ ਵਧਾਉਂਦੇ ਰਹੇ, ਬੰਦਾ ਸਿੰਘ ਬਹਾਦਰ ਨੇ ਵੀ ਅੱਠ ਸਾਲ ਖਾਲਸੇ ਦੀ ਸੇਵਾ ਕੀਤੀ, ਅੱਗੇ ਹੋ ਕੇ ਬੰਦਾ ਸਿੰਘ ਬਹਾਦਰ ਨੇ ਜ਼ੁਲਮ, ਅਨਿਆਂ ਦੇ ਵਿਰੁੱਧ ਮੁਗਲਾਂ ਨਾਲ ਲੜਾਈ ਕੀਤੀ।

ਇਕ ਮੋਢੀ, ਇਕ ਲੀਡਰ ਦੇ ਪੱਖੋਂ ਬੰਦਾ ਸਿੰਘ ਬਹਾਦਰ ਬਹੁਤ ਹੀ ਨਿਰਾਲਾ ਸੀ, ਉਸ ਦਾ ਗਿਆਨ, ਉਤਸ਼ਾਹ ਮਾਨਵਤਾ ਨਾਲ ਪਿਆਰ, ਇਸ ਸਭ ਨਾਲ ਉਸ ਦੀ ਜ਼ੁਲਮ ਵਿਰੁਧ ਲੜਾਈ ਦੀ ਕਲਾ ਲਈ ਬਹੁਤ ਹੀ ਲਾਭਕਾਰੀ ਸਿੱਧ ਹੋਈ। ਯੋਧੇ ਉਸ ਦੇ ਨਾਲ ਯੁੱਧ ਵਿਚ ਬੜੀ ਬਹਾਦਰੀ ਨਾਲ ਜਾਂਦੇ ਸਨ, ਉਸ ਦੀ ਲੜਾਈ ਕਰਨ ਦੀ ਵਿਉਂਤ ਅਤਿ ਧਨਾਤਮਕ ਇੱਛਾ ਸ਼ਕਤੀ ਨੇ ਉਨ੍ਹਾਂ ਨੂੰ ਉਹ ਵਿਜੈ ਦਿਤੀਆਂ ਜਿਹੜੀਆਂ ਕਿ ਸੰਭਵ ਹੀ ਨਹੀਂ ਸਨ। ਤਿੰਨ ਸਾਲ ਲਗਾਤਾਰ ਬੰਦਾ ਸਿੰਘ ਬਹਾਦਰ ਵਿਜੈ ਹੀ ਪ੍ਰਾਪਤ ਕਰਦਾ ਰਿਹਾ, ਉਸ ਨੇ ਮੁਗਲਾਂ ਨੂੰ ਇਸ ਤਰ੍ਹਾਂ ਹਰਾਇਆ ਕਿ ਉਹ ਮੁੜ ਕੇ ਸਿੱਖਾਂ ਤੇ ਕਦੀ ਰਾਜ ਹੀ ਨਹੀਂ ਕਰ ਸਕੇ, ਇਸ ਤਰ੍ਹਾਂ ਕਰਨ ਨਾਲ ਕੱਟੜਵਾਦੀ ਮੁਗਲ ਉਸ ਦੀ ਜਾਨ ਦੇ ਦੁਸ਼ਮਨ ਬਣ ਗਏ ਤੇ ਉਨ੍ਹਾਂ ਨੇ ਉਸ ਨੂੰ ਘੇਰਨ ਦੀ ਸਕੀਮ ਬਣਾਈ। ਉਸ ਨੂੰ ਪੂਰੀ ਤਰ੍ਹਾਂ ਇਕੱਲਾ ਕਰਕੇ ਉਸ ਨੂੰ 1715 ਵਿਚ ਬੰਦੀ ਬਣਾ ਲਿਆ।

ਮੁਗਲਾਂ ਨੇ ਬੰਦਾ ਸਿੰਘ ਬਹਾਦਰ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਹਾਥੀ ਤੇ ਰੱਖ ਕੇ ਸਾਰੀ ਦਿੱਲੀ ਵਿਚ ਜਲੂਸ ਦੀ ਸ਼ਕਲ ਵਿਚ ਫੇਰਿਆ। ਇਹ ਸਿਲਸਿਲਾ ਦੋ ਮਹੀਨੇ ਚਲਦਾ ਰਿਹਾ, ਇਸ ਤਰ੍ਹਾਂ ਕਰਨ ਨਾਲ ਮੁਗਲ ਇਹ ਚਾਹੁੰਦੇ ਸਨ ਕਿ ਖਾਲਸੇ ਦਾ ਉਤਸ਼ਾਹ ਖਤਮ ਹੋ ਜਾਏ, ਪਰ ਬੰਦਾ ਸਿੰਘ ਬਹਾਦਰ ਨੂੰ ਪਿੰਜਰੇ ਵਿਚ ਇਸ ਤਰ੍ਹਾਂ ਦੇਖ ਕੇ ਉਨ੍ਹਾਂ ਨੂੰ ਦੁਖ ਹੀ ਨਹੀਂ ਲੱਗਾ, ਉਨ੍ਹਾਂ ਦੇ ਕ੍ਰੋਧ ਦੀ ਹੱਦ ਨਹੀਂ ਰਹੀ।

ਮੁਗਲਾਂ ਦੇ ਜ਼ੁਲਮ ਦੀ ਕੋਈ ਹੱਦ ਨਾ ਰਹੀ, ਉਨ੍ਹਾਂ ਨੇ ਇਸ ਯੋਧੇ ਸੰਤ ਨੂੰ ਸ਼ਹੀਦ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ। ਇਹ ਸ਼ਹਾਦਤ ਦਿੱਲੀ ਦੇ ਲੋਕਾਂ ਦੇ ਸਾਮ੍ਹਣੇ ਕੀਤੀ ਜਾਣੀ ਤੈਅ ਹੋਈ। ਬੰਦਾ ਸਿੰਘ ਬਹਾਦਰ ਦੇ ਛੋਟੇ ਜਿਹੇ ਪੁੱਤਰ ਨੂੰ ਉਸ ਦੀ ਗੋਦੀ ਵਿਚ ਪਾ ਕੇ ਦੋਨਾਂ ਨੂੰ ਇਸਲਾਮ ਕਬੂਲ ਕਰਨ ਲਈ ਜਾਂ ਮੌਤ ਕਬੂਲਣ ਲਈ ਕਿਹਾ। ਬੰਦਾ ਸਿੰਘ ਬਹਾਦਰ ਨੇ ਆਪਣੇ ਪੁੱਤਰ ਨੂੰ ਪਿਆਰ ਕੀਤਾ ਤੇ ਕਿਹਾ, "ਮੈਂ ਬਹੁਤ ਪ੍ਰਸੰਨ ਹਾਂ ਤੂੰ ਮੇਰੇ ਤੋਂ ਪਹਿਲਾਂ ਇਹ ਸੰਸਾਰ ਛੱਡ ਕੇ ਜਾ ਰਿਹਾ ਹੈਂ ਕਿਉਂਕਿ ਫੇਰ ਮੈਨੂੰ ਇਹ ਡਰ ਹੀ ਨਹੀਂ ਰਹੇਗਾ ਕਿ ਤੂੰ ਇਸਲਾਮ ਦੇ ਥੱਲੇ ਤਾਂ ਨਹੀਂ ਆ ਗਿਆ? ਬੇਟੇ, ਤੂੰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਪਰੰਪਰਾ ਤੇ ਚਲ ਰਿਹਾ ਹੈਂ, ਉਹ ਦਰਗਾਹ ਵਿਚ ਤੇਰਾ ਇੰਤਜ਼ਾਰ ਕਰ ਰਹੇ ਹਨ। ਜ਼ਾਲਮ ਮੁਗਲਾਂ ਨੇ ਬੱਚੇ ਦੇ ਸਰੀਰ ਦੇ ਫੀਤੇ ਫੀਤੇ ਕਰ ਦਿਤੇ, ਉਸ ਦੀਆਂ ਆਂਤੜੀਆਂ ਦਾ ਹਾਰ ਬੰਦਾ ਸਿੰਘ ਬਹਾਦਰ ਦੇ ਗਲ ਵਿਚ ਪਾ ਦਿਤਾ ਤੇ ਬੱਚੇ ਦਾ ਧੜਕਦਾ ਦਿਲ ਵੀ ਉਸ ਦੇ ਮੂੰਹ ਵਿਚ ਤੂਸਿਆ। ਇਸ ਦ੍ਰਿਸ਼ ਨੂੰ ਦੇਖ ਕੇ ਜੋ ਉਥੇ ਇਕੱਠੇ ਹੋਏ ਸਨ ਉਹ ਰੋਏ ਪਰ ਬੰਦਾ ਸਿੰਘ ਬਹਾਦਰ ਬਿਲਕੁਲ ਸ਼ਾਂਤ ਬੈਠੇ ਰਹੇ। ਇਸ ਤੋਂ ਪਿਛੋਂ ਬੰਦਾ ਸਿੰਘ ਬਹਾਦਰ ਉਤੇ ਤਸੀਹੇ ਸ਼ੁਰੂ ਹੋਏ, ਲੋਹੇ ਦੀਆਂ ਸਲਾਈਆਂ ਅੱਗ ਵਿਚ ਪਾ ਕੇ ਲਾਲ ਕਰਕੇ ਉਸ ਦੀਆਂ ਅੱਖਾਂ ਵਿਚ ਦਿਤੀਆਂ ਗਈਆਂ।

ਬੰਦਾ ਸਿੰਘ ਬਹਾਦਰ ਦੀ ਇਸ ਤਰ੍ਹਾਂ ਦੀ ਸ਼ਹਾਦਤ ਦੇਖ ਕੇ ਲੋਕਾਂ ਨੇ ਗੁਰੂ ਸਾਹਿਬਾਨ ਦਾ ਚਲਾਇਆ ਧਰਮ ਹੇਤ ਯੁੱਧ ਜਾਰੀ ਰੱਖਣ ਦਾ ਫੈਸਲਾ ਕੀਤਾ। ਬਹੁਤ ਸਾਰੇ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ ਦੀ ਰੱਖੀ ਗਈ ਨੀਂਹ ਤੇ ਕੰਮ ਕਰਨ ਲੱਗੇ। ਅੰਤ ਵਿਚ ਉਹ ਮੁਗਲਾਂ ਨੂੰ ਕੱਢਣ ਵਿਚ ਸਫਲ ਹੋਏ ਤੇ ਫੇਰ ਮੁਗਲਾਂ ਨੇ ਕਦੀ ਵੀ ਏਧਰ ਮੂੰਹ ਨਹੀਂ ਕੀਤਾ।

ਗੁਰੂ ਗੋਬਿੰਦ ਸਿੰਘ ਸਾਹਿਬ ਦਾ ਚਲਾਇਆ ਆਦਰਸ਼ਕ ਸਮਾਜ ਇਕ ਰਾਸ਼ਟਰ ਚਰਿਤ੍ਰ ਬਣ ਗਿਆ ਜਿਹੜਾ ਸਦੀਆਂ ਦੀ ਗੁਲਾਮੀ ਨਾਲ ਦੱਬ ਗਿਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਰਤ ਦੀ ਦਬੀ ਹੋਈ ਅਣਖ ਨੂੰ ਮੁੜ ਜਾਗ੍ਰਤ ਕੀਤਾ, ਉਨ੍ਹਾਂ ਦਾ ਸ੍ਵੈਮਾਣ ਜਗਾਇਆ, ਦਬੀ ਸ਼ਕਤੀ ਨੂੰ ਗਤੀਸ਼ੀਲ ਕੀਤਾ, ਇਹ ਸਭ ਕੁਝ ਭਾਰਤ ਵਾਸੀਆਂ ਦੇ ਹਿਰਦੇ ਵਿਚ ਸਦਾ ਤੋਂ ਰਿਹਾ ਹੈ। ਆਪ ਜੀ ਨੇ ਜਨਤਾ ਨੂੰ ਸਹਿਨਸ਼ੀਲਤਾ, ਮਾਨਵ-ਵਾਦ ਤੇ ਉਤਮ ਚਰਿਤ੍ਰ ਦੇ ਕੇ ਖੜ੍ਹਾ ਕੀਤਾ ਜੋ ਕਿ ਭਾਰਤ ਵਾਸੀਆਂ ਦਾ ਪਰੰਪਾਰਾਗਿਕ ਸੁਭਾਅ ਹੈ। ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਚਲਾਇਆ ਧਰਮ ਯੁੱਧ ਜਾਰੀ ਰਖਦਿਆਂ ਤੇ ਉਸੇ ਸਦੀ ਦੇ

(ਬਾਕੀ ਪੰਨਾ 27 ਤੇ)

# ਸਤਿਕਾਰਯੋਗ ਬੀਜੀ ਦੇ ਨਾਲ ਪਿਆਰ ਦੀਆਂ ਦੋ ਘੜੀਆਂ

ਇਕ ਜਨਵਰੀ, ਸਾਲ 2000ਵਾਂ, ਦਿਹਾੜਾ ਸ਼ਨਿੱਚਰਵਾਰ, ਸਮਾਂ 3 ਵਜ ਕੇ 10 ਮਿੰਟ, ਸਥਾਨ 781 ਫੇਜ਼ 3 ਬੀ1, ਮੋਹਾਲੀ। ਪਿਛਲੇ 2-3 ਹਫਤਿਆਂ ਤੋਂ ਬੀਜੀ ਦੇ ਸਤਿਸੰਗ ਵਿਚ ਦਰਸ਼ਨ ਨਹੀਂ ਹੋ ਰਹੇ ਸਨ। ਇਕ ਤਾਂ ਸਤਿਸੰਗ ਵਿਚ ਕਈ ਦਿਨਾਂ ਤੋਂ ਮਹਾਂਪੁਰਸ਼ਾਂ ਦੀ ਸਰੀਰਕ ਤੌਰ ਤੇ ਗੈਰ ਹਾਜ਼ਰੀ ਦਿਲ ਨੂੰ ਟੁੰਬਦੀ ਸੀ, ਦੂਜਾ ਜਦੋਂ ਬੀਜੀ ਨੇ ਵੀ ਸੰਗਤ ਨੂੰ ਦਰਸ਼ਨ ਦੇਣੇ ਬੰਦ ਕਰ ਦਿਤੇ, ਤਾਂ ਬੀਜੀ ਦੇ ਦਰਸ਼ਨਾਂ ਦੀ ਪਿਆਸ ਦਿਨੋ ਦਿਨ ਵਧਦੀ ਜਾ ਰਹੀ ਸੀ ਅਤੇ ਨਾਲ ਹੀ ਨਵੇਂ ਸਾਲ ਦਾ ਅਸ਼ੀਰਵਾਦ ਪ੍ਰਾਪਤ ਕਰਨ ਦੀ ਵੀ ਲਾਲਸਾ ਸੀ, ਇਸ ਲਈ ਦਾਸ ਕੋਠੀ ਪੁੱਜ ਗਿਆ। ਜਦੋਂ ਅਸੀਂ ਪੁੱਜੇ ਤਾਂ ਬੀਜੀ ਸੰਗਤਾਂ ਦੇ ਵਿਚਕਾਰ, ਆਪਣੀ ਕੁਰਸੀ ਤੇ ਬਿਰਾਜਮਾਨ ਸਨ। ਫਤਹਿ ਬੁਲਾਉਣ ਤੋਂ ਬਾਅਦ ਅਸੀਂ ਵੀ ਬਹਿ ਗਏ। ਕੁਝ ਦੇਰ ਦੀ ਚੁੱਪੀ ਤੋਂ ਬਾਅਦ, ਬੀਜੀ ਨੇ ਮਿੱਠੜੇ-ਮਿੱਠੜੇ ਬੋਲਾਂ ਤੋਂ ਬਚਨ ਕੀਤਾ, 'ਸੁਣਾਓ ਕੋਈ ਪਿਆਰੇ ਦਾ ਗੀਤ।' ਦਾਸ ਤਾਂ ਅਸ਼ੀਰਵਾਦ ਲੈਣ ਗਿਆ ਸੀ, ਪਰ ਕੁਝ ਇਧਰੋਂ-ਉਧਰੋਂ ਸ਼ਬਦ ਜੋੜ, ਇਕ ਗੀਤ ਲਿਖ ਕੇ ਲੈ ਗਿਆ ਸੀ, ਜਿਸ ਦੇ ਬੋਲ ਸਨ -

**ਪ੍ਰੀਤਮ ਮੈਡਾ ਵੇ ਪਿਆਰ ਮੰਗਦਾ,....**

**ਖੂਹ ਵਿਚ ਡਿੱਗਿਆ ਮੰਝ ਪੁਕਾਰੇ।**

**ਵਾਹਿਗੁਰੂ-ਵਾਹਿਗੁਰੂ ਪਿਆ ਉਚਾਰੇ।**

**ਨੰਗੇ ਪੈਰੀਂ ਚਲ ਕੇ ਓ ਮੰਝ ਤਾਰਤਾ, ਪ੍ਰੀਤਮ..........**

ਅੰਤ ਵਿਚ ਅਸ਼ੀਰਵਾਦ ਮੰਗਦੇ ਹੋਏ ਇਕ ਬੇਨਤੀ ਕੀਤੀ ਗਈ ਸੀ -

**ਸਾਲ ਨਵਾਂ ਉਗ ਆਇਆ,**

**2000 ਦਾ ਚੰਨ ਉਗ ਆਇਆ।**

**ਰਤਵਾੜਾ ਤੈਡਾ ਵੇ ਦਰਸ਼ਨ ਮੰਗਦਾ, ਪ੍ਰੀਤਮ......**

ਇਸ ਤੋਂ ਬਾਅਦ ਦੋ-ਤਿੰਨ ਮਿੰਟਾਂ ਤਕ ਚੁੱਪੀ ਸਾਧੇ ਸੰਗਤ ਬੈਠੀ ਰਹੀ। ਸਾਰਾ ਆਲਾ-ਦੁਆਲਾ ਇਕ ਦਮ ਸ਼ਾਂਤ ਹੋ ਗਿਆ। ਬੀਜੀ ਆਪਣੇ ਨੇਤਰ ਬੰਦ ਕਰਕੇ ਬੈਠੇ ਸਨ। ਇਉਂ ਲਗਦਾ ਸੀ ਜਿਵੇਂ ਆਪਣੇ ਪਿਆਰੇ ਦੇ ਸਾਖਸ਼ਾਤ ਦਰਸ਼ਨ ਕਰ ਰਹੇ ਹੋਣ। ਇਸ ਤੋਂ ਬਾਅਦ ਨੇਤਰ ਖੋਲ੍ਹੇ, ਅੰਮ੍ਰਿਤ ਨਾਲ ਭਰ ਕੇ, ਖੁਸ਼ ਹੋ ਕੇ, ਦਾਸ ਵਲ ਸੰਕੇਤ ਕਰਦੇ ਹੋਏ ਕਹਿਣ ਲੱਗੇ, 'ਪਿਆਰ ਦੀ ਖੇਡ ਬੜੀ ਨਿਰਾਲੀ ਹੁੰਦੀ ਹੈ। ਪ੍ਰੇਮ ਵਿਚ ਖਿੱਚ ਹੁੰਦੀ ਹੈ।' ਇੰਨਾਂ ਕਹਿਣ ਤੋਂ ਬਾਅਦ ਪ੍ਰੇਮ ਦੀ ਮੂਰਤ ਮਾਂ ਨੇ, ਜੋ ਉਸ ਵੇਲੇ ਪਰਮ ਬੈਰਾਗ ਵਿਚ ਝੂਟੇ ਲੈ ਰਹੇ ਸਨ, ਦਾਸ ਨੂੰ ਸਵਾਲ ਕਰ ਦਿਤਾ, "ਪ੍ਰੇਮ ਇਕ ਵਿਚ ਹੁੰਦਾ ਹੈ ਜਾਂ ਦੋ ਵਿਚ?" ਦਾਸ ਨੂੰ ਕੁਝ ਸਮਝ ਨਾ ਆਇਆ। ਥੋੜ੍ਹੀ ਦੇਰ ਚੁੱਪ ਰਹਿਣ ਤੋਂ ਬਾਅਦ, ਅਲਪ-ਬੁੱਧੀ ਮਨ ਨੇ ਕਹਿ ਦਿਤਾ, ਬੀਜੀ, ਇਕ ਵਿਚ।" ਇੰਨਾਂ ਕਹਿਣ ਦੀ ਦੇਰ ਸੀ, ਸਤਿਕਾਰ ਯੋਗ, ਪ੍ਰੇਮ ਮੂਰਤ ਮਾਂ ਖਿੜ-ਖਿੜਾ ਕੇ ਹੱਸ ਪਏ। ਮੈਨੂੰ ਲੱਗਿਆ ਕਿ ਦਾਸ ਤੋਂ ਕੋਈ ਬਹੁਤ ਵੱਡੀ ਗਲਤੀ ਹੋ ਗਈ ਹੈ, ਪਰ ਸ਼ਹਿਦ ਨਾਲੋਂ ਵੀ ਵੱਧ ਮਿੱਠੜੇ-ਮਿੱਠੜੇ ਬੋਲਾਂ ਨਾਲ ਬੀਜੀ ਕਹਿਣ ਲੱਗੇ, "ਬੇਟਾ! ਪ੍ਰੇਮ ਵਿਚ ਖਿੱਚ ਪੈਂਦੀ ਹੈ।" ਇਸ ਤੋਂ ਬਾਅਦ ਮਹਾਂਪੁਰਸ਼ਾਂ ਦੇ ਪਵਿੱਤਰ ਮੁਖਾਰਬਿੰਦ ਤੋਂ ਨਿਕਲੀ ਧਾਰਨਾ -

***ਮੈਂ ਕੀ ਜਾਣਾ ਓ ਤੇਰੀ ਸਾਰ ਨੂੰ - 2***
***ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਲਦੈਂ - 2***
***ਮੈਂ ਕੀ ਜਾਣਾ ਓ ਤੇਰੀ ਸਾਰ ਨੂੰ - 2***

ਉਥੇ ਬੈਠੀ ਸਾਰੀ ਸੰਗਤ ਨੇ ਮਾਂ ਜੀ ਦੇ ਨਾਲ ਸੁਰ ਵਿਚ ਸੁਰ ਮਿਲਾ ਕੇ ਅਨੰਦ ਮਾਣਿਆ। ਇਸ ਤੋਂ ਬਾਅਦ ਬਾਬਾ ਜੀ ਦੀ ਯਾਦ ਸਤਾਉਣ ਲਗ ਪਈ, ਪ੍ਰੇਮ ਦੀ ਖਿੱਚ ਵਧਦੀ ਚਲੀ ਗਈ, ਬੀਜੀ ਦਾ ਅੰਦਰਲਾ ਪਿਆਰ, ਦਿਲ ਵਿਚ ਠਾਠਾਂ ਮਾਰਨ ਲਗ ਪਿਆ ਸੀ, ਆਪਣੀ ਚਰਮ ਸੀਮਾ ਤੇ ਪੁੱਜ ਗਿਆ ਸੀ। ਤਦੋਂ ਸੰਗਤ ਵਿਚੋਂ ਇਕ ਬੀਬੀ ਨੇ ਬੋਲ ਸੁਣਾਏ -

***ਤੈਨੂੰ ਲੱਖ-ਲੱਖ ਸੀਸ ਨਿਵਾਵਾਂ,***
***ਲੱਖਾਂ ਨੂੰ ਤਾਰਨ ਵਾਲਿਆ - 2***
***ਜਿੰਦੜੀ ਕਿਉਂ ਨਾ ਘੋਲ ਘੁਮਾਵਾਂ - 2, 2.***

ਜਦੋਂ ਇਹ ਬੋਲ ਬੀਜੀ ਦੇ ਪਵਿੱਤਰ ਕੰਨਾਂ ਵਿਚ ਪਏ ਤਾਂ ਬਾਬਾ ਜੀ ਦੇ ਪ੍ਰਤੀ, ਪਿਆਰ ਦੀ ਖਿੱਚ ਅੰਤਿਮ ਸੀਮਾ ਨੂੰ ਲੰਘ ਗਈ ਅਤੇ ਨੇਤਰਾਂ ਵਿਚੋਂ ਹੰਝੂਆਂ ਦੀ ਐਨੀਂ ਵਰਖਾ ਸ਼ੁਰੂ ਹੋ ਗਈ, ਜਿਵੇਂ ਵਰਖਾ ਰੁੱਤ ਵਿਚ ਝੜੀ ਲੱਗੀ ਹੁੰਦੀ ਹੈ। ਧੁਰ ਅੰਦਰ ਤੋਂ ਮਹਾਂਪੁਰਸ਼ਾਂ ਦੇ ਪਿਆਰ ਦੀ ਖਿੱਚ ਦੀ ਵਰਖਾ ਅਤੇ ਬਾਹਰ ਹੰਝੂਆਂ ਦੀ ਵਰਖਾ, ਰੁਕਦੀ ਹੀ ਨਹੀਂ ਸੀ। ਐਨਕ ਲਾਹ ਲਈ, ਰੁਮਾਲ ਹੱਥ ਵਿਚ ਲੈ ਲਿਆ, ਸਿਰ ਨੀਵਾਂ ਕਰਕੇ, ਪ੍ਰੇਮ ਹੰਝੂਆਂ ਦੀ ਝੜੀ ਵਗਦੀ ਰਹੀ, ਸਾਰੀ ਸੰਗਤ ਦਾ ਦਿਲ ਭਰ ਗਿਆ। ਕੋਈ ਵੀ ਪ੍ਰੇਮੀ ਅਜਿਹਾ ਨਹੀਂ ਸੀ ਜਿਸਨੂੰ ਇਸ ਪ੍ਰੇਮ ਰੋਗ ਨੇ ਨਾ ਸਤਾਇਆ ਹੋਵੇ। ਸਾਰਿਆਂ ਦੇ ਨੇਤਰ ਸੱਜਲ ਹੋ ਗਏ। ਬੀਜੀ ਦੀ ਉਸ ਅਵਸਥਾ ਦੀ ਵਿਆਖਿਆ ਕਰਨਾ ਬਹੁਤ ਔਖਾ ਹੈ ਕਿਉਂਕਿ ਅਜਿਹੀ ਅਵਸਥਾ ਕਿਸੇ ਵੀ ਵਿਆਖਿਆ ਦੀ ਮੁਹਤਾਜ ਨਹੀਂ ਹੁੰਦੀ। ਇਉਂ ਜਾਪਦਾ ਸੀ, ਪਤਾ ਨਹੀਂ ਕਦੋਂ ਤੋਂ ਰਾਧਾ ਵੈਰਾਗਨ ਆਪਣੇ ਪਿਆਰੇ ਦੀ ਯਾਦ ਵਿਚ, ਦਿਨ ਰਾਤ ਆਪਣੇ ਪ੍ਰੀਤਮ ਦੇ ਦਰਸ਼ਨਾਂ ਦੀ ਅਭਿਲਾਸ਼ਾ ਵਿਚ ਅੱਖਾਂ ਵਿਛਾਈ ਬੈਠੀ ਸੀ।

ਮਹਾਂਪੁਰਸ਼ਾਂ ਅਤੇ ਬੀਜੀ ਦਾ ਸੰਗ ਮਿਲਿਆਂ, ਦਾਸ ਨੂੰ ਪੰਜ ਸਾਲ ਹੋਣ ਲੱਗੇ ਹਨ, ਇਹ ਪਹਿਲਾ ਮੌਕਾ ਸੀ ਜਦੋਂ ਬੀਜੀ ਦੇ ਨੇਤਰਾਂ ਤੋਂ ਪ੍ਰੇਮ ਹੰਝੂਆਂ ਨੂੰ ਨਿਹਾਰਿਆ ਸੀ। ਏਵੇਂ ਲਗਦਾ ਸੀ ਜਿਵੇਂ ਭਾਈ ਮੰਝ ਦੀ ਆਖਰੀ ਪ੍ਰੀਖਿਆ ਜਦੋਂ ਖਤਮ ਹੋਈ ਤੇ ਭਾਈ ਮੰਝ ਖੂਹ ਵਿਚੋਂ ਬਾਹਰ ਨਿਕਲੇ ਤਾਂ ਗੁਰੂ ਮਹਾਰਾਜ ਜੀ ਨੂੰ ਨੰਗੇ ਪੈਰੀਂ ਵੇਖ ਕੇ ਸੁਬਕ-ਸੁਬਕ ਕੇ ਕਹਿ ਰਹੇ ਸੀ, "ਮਹਾਰਾਜ! ਕਿੰਨੀ ਖੇਚਲ ਕੀਤੀ ਆਪ ਜੀ ਨੇ, ਨੰਗੇ ਪੈਰੀਂ ਹੀ ਤੁਰ ਕੇ ਚਲੇ ਆਏ?" ਬੀਜੀ ਦੀ ਉਸ ਅਵਸਥਾ ਨੂੰ ਜਾਂ ਤਾਂ ਬੀਜੀ ਹੀ ਜਾਣ ਸਕਦੇ ਹਨ ਜਾਂ ਮਹਾਂਪੁਰਸ਼।

ਐਨਕ ਲਾਹ ਕੇ, ਪ੍ਰੇਮ ਹੰਝੂਆਂ ਨੂੰ ਪੂੰਝਦੇ ਹੋਏ, ਬੀਜੀ ਕੋਠੀ ਦੇ ਅੰਦਰ ਚਲੇ ਗਏ। ਸਾਰੀ ਸੰਗਤ ਬਿਰਹੁੰ ਕੁੱਠੀ ਬੈਠੀ ਰਹੀ। 10-15 ਮਿੰਟਾਂ ਤੋਂ ਬਾਅਦ, ਚਾਹ ਦਾ ਕੱਪ ਹੱਥ ਵਿਚ ਫੜ ਕੇ ਫਿਰ ਕੁਰਸੀ ਤੇ ਆ ਕੇ ਬਿਰਾਜਮਾਨ ਹੋ ਗਏ। ਸਾਰਿਆਂ ਨੂੰ ਪ੍ਰਸ਼ਾਦ ਦਿਤਾ, ਨਵੇਂ ਸਾਲ ਦੀ ਮੁਬਾਰਕਬਾਦ ਦਿਤੀ, ਭਰੇ ਹੋਏ ਦਿਲਾਂ ਨਾਲ, ਸੰਗਤ ਦੋ ਘੰਟਿਆਂ ਬਾਅਦ, ਇਕ-ਇਕ ਕਰਕੇ ਵਿਦਾ ਹੋ ਗਈ।

ਜ਼ਿੰਦਗੀ ਵਿਚ ਅਜਿਹੀਆਂ ਘੜੀਆਂ ਬਹੁਤ ਘੱਟ ਵੇਖਣ ਵਿਚ ਪ੍ਰਾਪਤ ਹੁੰਦੀਆਂ ਹਨ, ਜਦੋਂ ਕੋਈ ਵਾਹਿਗੁਰੂ ਦਾ ਪਿਆਰਾ, ਪ੍ਰੇਮ ਦੀ ਉਚੇਰੀ ਚੋਟੀ ਨੂੰ ਪਾਰ ਕਰਕੇ, ਪਰਮ ਵੈਰਾਗ ਵਿਚ ਲੀਨ ਹੋਇਆ, ਆਪਣੇ ਪ੍ਰੀਤਮ ਦੇ ਵਿਛੋੜੇ ਵਿਚ, ਰੋਮ-ਰੋਮ ਪ੍ਰੇਮ ਦੇ ਹੰਝੂ ਵਹਾਉਂਦਾ ਹੋਇਆ, ਪਰਮ ਅਨੰਦ ਵਿਚ ਲੀਨ ਹੋ ਜਾਂਦਾ ਹੈ। ਕਿੰਨੇ ਖੁਸ਼ ਕਿਸਮਤ ਸੀ ਅਸੀਂ ਜਦੋਂ ਉਨ੍ਹਾਂ ਸੁਭਾਗ ਭਰੀਆਂ ਘੜੀਆਂ ਦਾ ਅਨੰਦ ਮਾਣਿਆ ਸੀ। ਹੁਣ ਵੀ ਜਦੋਂ ਉਹ ਘੜੀਆਂ ਯਾਦ ਆਉਂਦੀਆਂ ਹਨ ਤਾਂ ਪ੍ਰੇਮ ਦੀਵਾਨੀ ਮੀਰਾ ਦੇ ਬੋਲ, "ਹੇ ਰੀ ਮੈਂ ਤੋਂ ਪ੍ਰੇਮ ਦੀਵਾਨੀ ਰੇ, ਮੇਰਾ ਦਰਦ ਨਾ ਜਾਨੇ ਕੋਈ।" ਬੀਜੀ ਦੀ ਅਵਸਥਾ ਉਤੇ ਪੂਰੇ-ਪੂਰੇ ਲਾਗੂ ਹੁੰਦੇ ਹਨ। ਜਦੋਂ ਵੀ ਕਦੇ ਨਿਵੇਕਲੀ ਥਾਂ ਤੇ ਬੈਠਦਾ ਹਾਂ, ਬੀਜੀ ਦੇ ਪ੍ਰੇਮ ਹੰਝੂਆਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ ਤੇ ਆਪ ਮੁਹਾਰੇ ਹੀ ਮੁੱਖ ਤੋਂ ਨਿਕਲ ਪੈਂਦਾ ਹੈ -

***ਮੈਂ ਕੀ ਜਾਣਾ ਓ ਤੇਰੀ ਸਾਰ ਨੂੰ।***

ਧੰਨ ਹੈ ਮਾਂ ਜੀ, ਜਿਨ੍ਹਾਂ ਦੇ ਵੱਖ-ਵੱਖ ਰੂਪ ਵੇਖਣ ਨੂੰ ਪ੍ਰਾਪਤ ਹੁੰਦੇ ਹਨ। ਕਦੇ ਤਾਂ ਰਾਧਾ ਦੀ ਤਰ੍ਹਾਂ ਬਿਰਹਾ-ਕੁੱਠੀ ਬਣ ਕੇ, ਪ੍ਰੀਤਮ ਪਿਆਰੇ ਦੇ ਵਿਛੋੜੇ ਵਿਚ ਹੰਝੂ ਵਹਾਉਂਦੀ ਹੈ, ਤਾਂ ਕਦੇ ਸੀਤਾ ਵਰਗੀ ਪਵਿੱਤਰਤਾ ਅਪਣੇ ਦਿਲ ਵਿਚ ਧਾਰ ਕੇ, ਪ੍ਰੀਤਮ ਦੀ ਯਾਦ ਵਿਚ ਨਾਂ ਦਾ ਪਹਿਰਾ ਦਿੰਦੀ ਹੋਈ, ਦਰਸ਼ਨਾਂ ਦੀ ਆਸ ਵਿਚ ਘੰਟਿਆਂ ਬੈਠੀ ਰਹਿੰਦੀ ਹੈ। ਕਦੇ ਸੰਗਤ ਦੀ ਸੇਵਾ ਵਿਚ ਪਾਰਵਤੀ ਮਾਂ ਬਣ ਕੇ ਸੇਵਾ ਦਾ ਰੂਪ ਹੀ ਬਣ ਜਾਂਦੀ ਹੈ। ਕਿੰਨੀਆਂ ਉਪਮਾਵਾਂ ਲੱਭਾਂ, ਸਾਰੀਆਂ ਘੱਟ ਹਨ। ਜਦੋਂ ਮਹਾਂਪੁਰਖ ਲੰਮੀ ਉਦਾਸੀ ਤੇ ਜਾਣ ਲੱਗੇ ਸਨ ਤਾਂ ਆਪਣੇ ਮੁਖਾਰਬਿੰਦ ਤੋਂ ਕਿਹਾ ਸੀ, 'ਮੇਰੀ ਗੈਰ ਹਾਜ਼ਰੀ ਵਿਚ ਬੀਜੀ ਦੇ ਦਰਸ਼ਨਾਂ ਦਾ ਤੁਹਾਨੂੰ ਪੂਰਾ-ਪੂਰਾ ਲਾਹਾ ਪ੍ਰਾਪਤ ਹੋਵੇਗਾ।' ਅੱਜ ਇਹ ਸ਼ਬਦ ਸੰਗਤ ਦੇ ਦਿਲਾਂ ਵਿਚ ਖੁਭ ਗਏ ਹਨ ਪਰ ਦਾਸ ਹੱਥ ਜੋੜ, ਮਹਾਂਪੁਰਖਾਂ ਦੇ ਚਰਨਾਂ ਕਮਲਾਂ ਵਿਚ ਇਕ ਅਰਜੋਈ ਕਰਦਾ ਹੈ ਕਿ ਇੰਨਾਂ ਲੰਮਾ ਵਿਛੋੜਾ ਨਾ ਦੇ ਕੇ ਜਾਇਆ ਕਰੋ, ਜਿਹੜਾ ਸਹਿਨ ਨਾ ਹੋ ਸਕੇ। ਇਕ ਵਾਰੀ ਫਿਰ, ਪ੍ਰੇਮ ਮੂਰਤ ਮਾਂ ਦੇ ਉਸ ਰੂਪ ਦਾ ਧੰਨਵਾਦ ਕਰਦਾ ਹਾਂ ਜਿਹੜਾ ਉਨ੍ਹਾਂ ਨੇ ਬੀਤਰਾਗ ਅਵਸਥਾ ਵਿਚ, ਪ੍ਰੇਮ ਦੇ ਹੰਝੂ ਵਿਖਾਏ ਸਨ, ਉਸੇ ਦੀ ਇਕ ਨੂਰੀ ਝਲਕ ਦਾ ਪਿਆਸਾ -ਦਾਸ

***ਦੇਸ ਕੁਮਾਰ ਪਾਂਡੇ***

**ਇਹ ਅਰਜੋਈ ਸੁਣ ਕੇ ਮਹਾਂਪੁਰਸ਼ਾਂ ਦੇ ਨੇਤਰਾਂ ਤੋਂ ਹੰਝੂ ਰੂਪੀ ਮੋਤੀ ਥੱਲੇ ਡਿੱਗ ਪਏ ਅਤੇ ਕਹਿਣ ਲੱਗੇ, "ਲਿਖ ਦਿਓ, ਮੈਂ ਸਰੀਰਕ ਰੋਗ ਕਰਕੇ ਮਜ਼ਬੂਰ ਸੀ, ਦੱਸੋਂ ਮੈਂ ਕੀ ਕਰਾਂ?"**

**LLLLLL**

(ਪੰਨਾ 25 ਦੀ ਬਾਕੀ)

ਅੰਦਰ ਹੋਰ ਸਿੱਖ ਆਗੂਆਂ ਨੇ ਇਕ ਸੁਤੰਤਰ ਤੇ ਸੁਰਖਿਅਕ ਸਮਾਜ ਬਣਾ ਲਿਆ ਜਿਸ ਵਿਚ ਜਨਤਾ ਨੇ ਅਧਿਆਤਮਕ ਪੱਖੋਂ ਤੇ ਮਾਇਆ ਪੱਖੋਂ ਤਰੱਕੀ ਕੀਤੀ।

ਇਕ ਵਿਸ਼ਵਾਸ਼ ਭਰਪੂਰ, ਦੂਰ ਦ੍ਰਿਸ਼ਟੀ ਵਾਲਾ ਕਰਮ ਕੇਵਲ ਸਿੱਖ ਮਜ਼ਹਬ ਨੂੰ ਹੀ ਨਹੀਂ ਸਾਰੇ ਭਾਰਤ ਵਰਸ਼ ਦੀਆਂ ਜੜ੍ਹਾਂ ਵਿਚ ਡੂੰਘਾ ਚਲਾ ਗਿਆ, ਇਹ ਸਭ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹੀ ਕਰਨੀ ਸੀ। ਇਕ ਆਦਰਸ਼ਕ ਸਿੱਖ ਸਮਾਜ, ਮਿਲਵਰਤਣ, ਸਾਂਝੀਵਾਲਤਾ, ਮਹੱਤਵ ਭਰਪੂਰ ਸਮਤਾਵਾਦ ਦੀਆਂ ਕੀਮਤਾਂ ਦੀ ਨੀਂਹ ਤੇ ਸਾਰਿਆਂ ਲਈ ਤਰੱਕੀ ਦਾ ਮਾਰਗ ਦਰਸ਼ਕ ਬਣ ਗਿਆ। ਸਿੱਖ ਮਜ਼ਹਬ ਸੁੱਤੀਆਂ ਕਲਾ ਜਗਾ ਸਕਦਾ ਹੈ, ਹਾਰਿਆਂ ਨੂੰ ਜਿੱਤ ਦੇ ਰਾਹ ਦਿਖਾ ਸਕਦਾ ਹੈ, ਰਾਸ਼ਟਰ ਦੀਆਂ ਤਕਦੀਰਾਂ ਬਦਲ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਗਤੀਸ਼ੀਲ ਫਿਲੌਸਫੀ ਬਹੁਤ ਹੀ ਮਨ ਭਾਉਣੀ ਹੈ, ਲੋਕਤੰਤਰਿਕ ਹੈ, ਇਹ ਫਿਲੌਸਫੀ ਹਰੇਕ ਨੂੰ ਚੜ੍ਹਦੀ ਕਲਾ ਵਿਚ ਲੈ ਜਾਂਦੀ ਹੈ, ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਬੰਦਾ ਸਿੰਘ ਬਹਾਦਰ ਨੂੰ ਗੁਰੂ ਮਹਾਰਾਜ ਜੀ ਚੜ੍ਹਦੀਆਂ ਕਲਾ ਵਿਚ ਆਪਣੀ ਅਦੁੱਤੀ ਵਾਰਤਾਲਾਪ ਰਾਹੀਂ ਲੈ ਆਏ। ਇਹ ਪ੍ਰਾਲਬਧ ਮੋੜਨ ਵਾਲਾ ਵਾਰਤਾਲਾਪ ਗੁਰੂ ਸਾਹਿਬ ਦੇ ਸਰੀਰ ਛੱਡਣ ਤੋਂ ਇਕ ਮਹੀਨਾ ਪਹਿਲਾਂ ਹੋਇਆ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਤੇ ਬੰਦਾ ਸਿੰਘ ਬਹਾਦਰ ਦਾ ਵਾਰਤਲਾਪ ਬਿਲਕੁਲ ਉਨ੍ਹਾਂ ਹੀ ਹਾਲਾਤਾਂ ਵਿਚ ਹੋਇਆ ਜਿਹੋ ਜਿਹੇ ਹਾਲਾਤਾਂ ਵਿਚ ਕ੍ਰਿਸ਼ਨ ਜੀ ਅਤੇ ਅਰਜਨ ਦਾ ਹੋਇਆ ਸੀ ਜਿਹੜਾ ਗੀਤਾ ਵਿਚ ਦਿਤਾ ਗਿਆ ਹੈ। ਇਨ੍ਹਾਂ ਦੋਨੋਂ ਵਾਰਤਲਾਪ ਦਾ ਮੰਤਵ ਇਕ ਹੀ ਹੈ, ਉਹ ਹੈ ਸ਼ਿਸ਼ ਨੂੰ ਉਤਸ਼ਾਹ ਦੇਣਾ, ਉਸ ਨੂੰ ਉਤਸ਼ਾਹਿਤ ਕਰਕੇ ਧਰਮ ਦੀ ਰੱਖਿਆ ਲਈ ਯੁੱਧ ਕਰਾਉਣਾ, ਆਤਮਕ ਪੂਰਤੀ ਕਰਨੀ। ਗੁਰੂ ਗੋਬਿੰਦ ਸਿੰਘ ਦਾ ਸੰਦੇਸ਼ ਪੂਰੇ ਵਿਸ਼ਵ ਲਈ ਸਾਂਝਾ ਹੈ, ਸਰਬੱਤ ਦੇ ਭਲੇ ਲਈ ਹੈ, ਗੁਰੂ ਪ੍ਰੇਮ ਨਾਲ ਭਰਪੂਰ ਹੈ, ਪ੍ਰੇਮ ਦਾ ਪ੍ਰਤੱਖ ਪ੍ਰਗਟਾਵਾ ਹੈ। ਇਸ ਵਾਰਤਾਲਾਪ ਦਾ ਤੱਤ ਅੱਜ ਵੀ ਓਨਾਂ ਹੀ ਮਹੱਤਵਪੂਰਨ ਹੈ, ਓਨਾਂ ਹੀ ਉਚਿਤ ਹੈ ਜਿੰਨਾਂ ਉਸ ਸਮੇਂ ਸੀ; ਕਾਰਣ ਇਹ ਕਿ ਧਰਮ ਦੀ ਰੱਖਿਆ ਦੀ ਸਦਾ ਹੀ ਲੋੜ ਹੈ, ਅਵਸ਼ਕਤਾ ਹੈ ਭਾਵੇਂ ਕੋਈ ਵੀ ਸਮਾਂ ਕਿਉਂ ਨਾ ਹੋਵੇ।

***ਮੈ ਹੋ ਪਰਮ ਪੁਰਖ ਕੋ ਦਾਸਾ।***
***ਦੇਖਨਿ ਆਯੋ ਜਗਤ ਤਮਾਸਾ।***
***ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋ।***
***ਮ੍ਰਿਤ ਲੋਗ ਤੇ ਮੋਨਿ ਨ ਰਹਿ ਹੋ।***

***ਕਹਯੋ ਪ੍ਰਭੂ ਸੁ ਭਾਖਿ ਹੋਂ। ਕਿਸੂ ਨ ਕਾਨ ਰਾਖਿ ਹੋਂ।***
***ਕਿਸੂ ਨ ਭੇਖ ਭੀਜ ਹੋਂ। ਅਲੇਖ ਬੀਜ ਬੀਜ ਹੋਂ।***
***ਪਖਾਨ ਪੂਜਿ ਹੋ ਨਹੀਂ। ਨ ਭੇਖ ਭੀਜ ਹੋ ਕਹੀਂ।***
***ਅਤਿ ਨਾਮੁ ਗਾਇ ਹੋਂ। ਪਰੱਮ ਪੁਰਖ ਪਾਇ ਹੋਂ।***

***ਬਚਿਤ੍ਰ ਨਾਟਕ ਪੰਨਾ 73***

**LLLLLL**

# Science of Breath
# ਪ੍ਰਾਣ ਵਿਗਿਆਨ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 59)*

## ਇਕ ਸਾਰ ਡਾਇਫਰਮੈਟਿਕ ਸੁਆਸ ਲੈਣੇ

ਸ੍ਵਾਸ ਲੈਣ ਦਾ ਸਭ ਤੋਂ ਜ਼ਰੂਰੀ ਤੇ ਮਹੱਤਵਪੂਰਨ ਪੱਖ ਹੈ - ਡਾਇਫਰਮੈਟਿਕ ਸ੍ਵਾਸ ਅਰਥਾਤ ਪੇਟ ਵਿਚੋਂ ਸ੍ਵਾਸ ਲੈਣੇ। ਆਮ ਮਨੁੱਖ ਛਾਤੀ ਤੋਂ ਸ੍ਵਾਸ ਲੈਂਦੇ ਹਨ। ਪੇਟ ਦੀ ਥਾਂ ਛਾਤੀ ਵਿਚੋਂ ਸ੍ਵਾਸ ਲੈਣੇ ਓਪਰੇ ਹੁੰਦੇ ਹਨ ਅਤੇ ਛੇਤੀਂ ਛੇਤੀਂ ਲਏ ਜਾਂਦੇ ਹਨ ਅਤੇ ਬੇਤਰਤੀਬੇ ਹੁੰਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਛਾਤੀ ਦੇ ਹੇਠਲੇ ਹਿੱਸੇ ਨੂੰ ਲਹੂ ਵਧੇਰੇ ਮਿਲਦਾ ਹੈ ਪਰ ਪੂਰੀ ਹਵਾ ਨਹੀਂ ਮਿਲਦੀ। ਜਿਹੜੀ ਗੈਸ ਫੇਫੜਿਆਂ, ਲਹੂ ਤੇ ਹਵਾ ਦੇ ਵਿਚ ਹੁੰਦੀ ਹੈ ਉਹ ਬਹੁਤ ਹੀ ਥੋੜ੍ਹੀ ਹੁੰਦੀ ਹੈ, ਡਾਕਟਰ ਇਸ ਨੂੰ ਹਵਾ ਦੇ ਪ੍ਰਵਾਹ ਦੀ ਅਸਮਤਾ ਦਸਦੇ ਹਨ। ਜੇ ਪੇਟ ਤੋਂ ਸ੍ਵਾਸ ਲਏ ਜਾਣ ਤਾਂ ਇਹੋ ਜਿਹੀ ਅਸਮਤਾ ਘਟ ਜਾਂਦੀ ਹੈ। ਇਹ ਗੱਲ ਡਾਕਟਰੀ ਤਜਰਬੇ ਨਾਲ ਸਿੱਧ ਕੀਤੀ ਜਾ ਚੁੱਕੀ ਹੈ ਕਿ ਪੇਟ ਵਿਚੋਂ ਸ੍ਵਾਸ ਲੈਣ ਨਾਲ ਇਕ ਦਬਾਅ ਬਣ ਜਾਂਦਾ ਹੈ ਜੋ thoracic ਦੇ ਡੂੰਘ ਨੂੰ ਚੰਗਾ ਬਣਾਉਂਦੀ ਹੈ ਤੇ ਗੰਦੇ ਲਹੂ ਦੇ ਪ੍ਰਵਾਹ ਨੂੰ ਵੀ ਠੀਕ ਕਰਦੀ ਹੈ ਤੇ ਇਸ ਤਰ੍ਹਾਂ ਕਰਨ ਨਾਲ ਹਿਰਦੇ ਤੇ ਦਬਾਅ ਘੱਟ ਪੈਂਦਾ ਹੈ ਤੇ ਖ਼ੂਨ ਦਾ ਦੌਰਾ ਠੀਕ ਰਹਿੰਦਾ ਹੈ। ਛਾਤੀ ਤੋਂ ਭਾਵੇਂ ਸ੍ਵਾਸ ਲੈਣਾ ਸੁਭਾਵਿਕ ਹੀ ਹੋ ਗਿਆ ਹੈ, ਪਰ ਆਮ ਤੌਰ ਤੇ ਇਹ ਉਦੋਂ ਹੀ ਹੁੰਦਾ ਹੈ ਜਦੋਂ ਕੋਈ ਬਾਹਰੀ ਖਤਰਾ ਹੋਵੇ ਕਿਉਂਕਿ ਮਨ ਤੇ ਸਰੀਰ ਦਾ ਪਰਸਪਰ ਸਬੰਧ ਹੈ। ਛਾਤੀ ਰਾਹੀਂ ਸ੍ਵਾਸ ਲੈਣ ਨਾਲ ਅਸ਼ਾਂਤੀ ਤੇ ਤਣਾਅ ਵਧਦਾ ਹੈ ਕਿਉਂਕਿ ਜਦੋਂ ਵੀ ਕੋਈ ਡਰ, ਕੋਈ ਗੁੱਸਾ ਜਾਂ ਕੋਈ ਇਹੋ ਜਿਹੀ ਗੱਲ ਹੁੰਦੀ ਹੈ, ਸਾਰਾ ਸਰੀਰ ਉਸ ਦੇ ਮੁਕਾਬਲੇ ਤੇ ਖੜ੍ਹਾ ਹੋ ਜਾਂਦਾ ਹੈ, ਇਕ ਐਮਰਜੈਂਸੀ ਦੀ ਸਥਿਤੀ ਸਰੀਰ ਵਿਚ ਹੋ ਜਾਂਦੀ ਹੈ। ਛਾਤੀ ਵਿਚੋਂ ਸ੍ਵਾਸ ਲੈਣ ਨਾਲ ਸ੍ਵਾਸ ਛੋਟੇ ਹੋ ਜਾਂਦੇ ਹਨ, ਓਪਰੇ ਹੋ ਜਾਂਦੇ ਹਨ, ਝਟਕੇ ਆਉਂਦੇ ਹਨ ਤੇ ਇਸੇ ਤਰ੍ਹਾਂ ਫੇਰ ਮਨ ਵੀ ਅਸ਼ਾਂਤ ਹੋ ਜਾਂਦਾ ਹੈ। ਸਰੀਰ ਨੂੰ ਨਿਸਲ ਕਰਨ ਦੀਆਂ, ਢਿੱਲਾ ਛੱਡਣ ਦੀਆਂ ਸਾਰੀਆਂ ਵਿਧੀਆਂ ਨਖਿਧ ਹੋ ਜਾਣਗੀਆਂ ਜਦੋਂ ਤਕ ਸ੍ਵਾਸ ਠੀਕ ਨਹੀਂ ਹੋਣਗੇ ਭਾਵ ਛਾਤੀ ਵਿਚੋਂ ਸ੍ਵਾਸ ਲੈਣ ਦੀ ਥਾਂ ਜਦੋਂ ਤਕ ਪੇਟ ਵਿਚੋਂ ਸ੍ਵਾਸ ਨਹੀਂ ਲਏ ਜਾਣਗੇ ਅਤੇ ਸ੍ਵਾਸ ਇਕ ਸਾਰ ਨਹੀਂ ਹੋਣਗੇ, ਇਕ ਸੁਰ ਨਹੀਂ ਹੋਣਗੇ।

ਭਾਵੇਂ ਪੇਟ ਤੋਂ, ਡਾਇਫਰਾਮੈਟਿਕ, ਸ੍ਵਾਸ ਬਹੁਤ ਹੀ ਸਾਦੇ ਹਨ, ਬਹੁਤ ਹੀ ਆਸਾਨ ਹਨ, ਲਾਭਦਾਇਕ ਹਨ ਪਰ ਇਸ ਤਰ੍ਹਾਂ ਸ੍ਵਾਸ ਲੈਣ ਦੀ ਆਦਤ ਬਣਾਉਣੀ ਪੈਂਦੀ ਹੈ, ਬਹੁਤ ਮਿਹਨਤ ਕਰਨੀ ਪੈਂਦੀ ਹੈ ਤਾਂ ਕਿਤੇ ਜਾ ਕੇ ਇਹ ਸੁਭਾਵਿਕ ਹੁੰਦੇ ਹਨ। ਇਸ ਨੂੰ ਆਦਤ ਬਣਾਉਣ ਦਾ ਸੌਖਾ ਤਰੀਕਾ ਇਹ ਹੈ ਕਿ ਸਿੱਧੇ ਲੇਟ ਜਾਓ ਤੇ ਇਕ ਹੱਥ ਛਾਤੀ ਦੇ ਬਿਲਕੁਲ ਵਿਚਕਾਰ ਰੱਖ ਦਿਓ ਤੇ ਇਕ ਹੱਥ ਥੋੜ੍ਹਾ ਥੱਲੇ ਕਰਕੇ ਰੱਖੋ ਜਿਥੋਂ ਪੇਟ ਸ਼ੁਰੂ ਹੁੰਦਾ ਹੈ। ਜਿਵੇਂ ਤੁਸੀਂ ਸ੍ਵਾਸ ਅੰਦਰ ਲਵੋਗੇ ਹੇਠਾਂ ਵਾਲਾ ਹਿੱਸਾ ਉਪਰ ਉਠਣਾ ਚਾਹੀਦਾ ਹੈ ਭਾਵ ਪੇਟ ਉਪਰ ਉਠਣਾ ਚਾਹੀਦਾ ਹੈ, ਜਦੋਂ ਸ੍ਵਾਸ ਬਾਹਰ ਕੱਢੋ ਪੇਟ ਥੱਲੇ ਆਉਣਾ ਚਾਹੀਦਾ ਹੈ, ਛਾਤੀ ਦੀ ਕੋਈ ਗਤੀ ਹੋਣੀ ਹੀ ਨਹੀਂ ਚਾਹੀਦੀ ਜੇ ਹੋਵੇ ਵੀ ਤਾਂ ਬਹੁਤ ਹੀ ਮਾਮੂਲੀ। ਥੋੜ੍ਹੀ ਦੇਰ ਇਸ ਦਾ ਅਭਿਆਸ ਰੋਜ਼ ਕਰਨ ਨਾਲ ਇਹ ਇਕ ਸੁਭਾਅ ਬਣ ਜਾਂਦਾ ਹੈ ਤੇ ਤੁਹਾਨੂੰ ਪਤਾ ਵੀ ਨਹੀਂ ਲਗਦਾ ਕਿ ਤੁਸੀਂ ਪੇਟ ਤੋਂ ਸ੍ਵਾਸ ਲੈ ਰਹੇ ਹੋ।

ਪੇਟ ਤੋਂ ਸ੍ਵਾਸ ਲੈਣ ਤੋਂ ਬਾਅਦ ਸਾਨੂੰ ਇਕ ਸਾਰ ਸ੍ਵਾਸ ਲੈਣ ਦੀ ਆਦਤ ਬਣਾਉਣੀ ਚਾਹੀਦੀ ਹੈ। (ਇਹ ਦੇਖਣਾ ਕਿ ਇਕ ਮਿੰਟ ਵਿਚ ਕਿੰਨੀ ਵਾਰੀ ਸ੍ਵਾਸ ਅੰਦਰ ਜਾਂਦੇ ਹਨ ਤੇ ਕਿੰਨੀ ਵਾਰੀ ਬਾਹਰ ਆਉਂਦੇ ਹਨ, ਇਹ ਬਹੁਤ ਹੀ ਲਾਭਦਾਇਕ ਹੈ ਤੇ ਕੋਈ ਔਖਾ ਵੀ ਨਹੀਂ। ਸੋਲ੍ਹਾਂ ਤੋਂ ਵੀਹ ਤਕ ਇਕ ਮਿੰਟ ਵਿਚ ਸ੍ਵਾਸ ਲੈਣੇ ਠੀਕ ਤੇ ਸੁਭਾਵਿਕ ਹੀ ਸਮਝੇ ਜਾਂਦੇ ਹਨ ਪਰ ਜਦੋਂ ਸ੍ਵਾਸ ਅੰਦਰ ਲੈ ਜਾਣੇ ਤੇ ਬਾਹਰ ਕੱਢਣੇ ਸੌਖੇ ਹੋ ਜਾਂਦੇ ਹਨ ਤਦੋਂ ਜਗਿਆਸੂ ਨੂੰ ਸਭ ਤੋਂ ਪਹਿਲਾਂ ਹਵਾ ਅੰਦਰ ਲੈ ਜਾਣ ਦੀ ਕਿਰਿਆ ਹੌਲੀ ਕਰਨੀ ਚਾਹੀਦੀ ਹੈ ਕਿਉਂਕਿ ਅੰਦਰ ਸ੍ਵਾਸ ਜਾਣ ਨਾਲ ਨਾੜੀ ਕੇਂਦਰ ਤੇ ਪ੍ਰਭਾਵ ਪੈਂਦਾ ਹੈ, ਡਾਇਫਰਾਮ ਤੇ ਪ੍ਰਭਾਵ ਪੈਂਦਾ ਹੈ ਅਤੇ ਪੇਟ ਦੇ ਪੱਠਿਆਂ ਤੇ ਪ੍ਰਭਾਵ ਪੈਂਦਾ ਹੈ। ਅੱਜ ਦੇ ਵਿਗਿਆਨੀਆਂ ਨੇ ਖੋਜ ਕੇ ਦੱਸਿਆ ਹੈ ਕਿ ਅੰਦਰ ਸ੍ਵਾਸ ਲੈਂਦੇ ਸਮੇਂ ਲਹੂ ਦਾ ਰਸ ਨਾੜੀਆਂ ਵਿਚੋਂ ਨਿਕਲ ਕੇ ਬਾਹਰ ਆਉਂਦਾ ਹੈ। ਸ੍ਵਾਸ ਬਾਹਰ ਕੱਢਦੇ ਸਮੇਂ ਉਹ ਮੁੜ ਕੇ ਖ਼ੂਨ ਦੇ ਦੌਰੇ ਵਿਚ ਮਿਲ ਜਾਂਦਾ ਹੈ। ਸ੍ਵਾਸ ਅੰਦਰ ਲੈਂਦੇ ਸਮੇਂ ਖ਼ੂਨ ਨੂੰ ਪੌਸ਼ਟਿਕ ਪਦਾਰਥ ਹਵਾ ਵਿਚੋਂ ਮਿਲਦੇ ਹਨ ਜਿਵੇਂ ਪ੍ਰੋਟੀਨ (fat) ਕਾਰਬੋਹਾਈਡਰੇਟਸ। ਸ੍ਵਾਸਾਂ ਨਾਲ ਪਾਚਣ ਸ਼ਕਤੀ ਨੂੰ ਕ੍ਰਿਆ ਕਰਨ ਵਿਚ ਵਧੇਰੇ ਸਮਾਂ ਮਿਲਦਾ ਹੈ।

ਪੂਰੀ ਤਰ੍ਹਾਂ ਨਾਲ ਪੇਟ ਵਿਚੋਂ ਸ੍ਵਾਸ ਲੈਣ ਨਾਲ ਵਧੇਰੇ ਆਕਸੀਜਨ ਫੇਫੜਿਆਂ ਵਿਚ ਜਾਂਦੀ ਹੈ ਤੇ ਖ਼ੂਨ ਵਿਚ ਜਾਂਦੀ ਹੈ ਅਤੇ ਗੰਦਾ ਖ਼ੂਨ ਚੰਗੀ ਤਰ੍ਹਾਂ ਸਾਫ ਹੋ ਕੇ ਮੁੜ ਫੇਫੜਿਆਂ ਵਿਚ ਜਾਂਦਾ ਹੈ ਤੇ ਛੋਟੀਆਂ ਨਾੜੀਆਂ ਵਿਚ ਵਧੇਰੇ ਖ਼ੂਨ ਸਾਫ ਹੋ ਕੇ ਜਾਂਦਾ ਹੈ। ਪੇਟ ਤੋਂ ਸ੍ਵਾਸ ਲੈਣ ਦਾ ਅਭਿਆਸ ਹਰ ਤਰੀਕੇ ਨਾਲ ਕੀਤਾ ਜਾ ਸਕਦਾ ਹੈ - ਖੜ੍ਹੇ ਹੋ ਕੇ, ਸਿੱਧੇ ਬੈਠ ਕੇ, ਲੇਟ ਕੇ ਹੱਥ ਪਾਸੇ ਤੇ ਰੱਖ ਕੇ, ਲੱਤਾਂ ਨੂੰ ਫੈਲਾਅ

ਕੇ। ਇਸ ਨੂੰ ਸ਼ਵਆਸਨ ਕਹਿੰਦੇ ਹਨ, ਇਹ ਥੱਲੇ ਦਿਖਾਇਆ ਵੀ ਗਿਆ ਹੈ। ਸੁਆਸ ਨਾਸਿਕਾ ਰਾਹੀਂ ਬਾਹਰ ਕੱਢਣੇ ਚਾਹੀਦੇ ਹਨ, ਕੋਈ ਆਵਾਜ਼ ਨਹੀਂ ਆਉਣੀ ਚਾਹੀਦੀ, ਪੂਰੀ ਤਰ੍ਹਾਂ ਅੰਦਰੋਂ ਸੁਆਸ ਕੱਢ ਕੇ ਸੁਆਸ ਅੰਦਰ ਲੈਣੇ ਸ਼ੁਰੂ ਕਰਨੇ ਚਾਹੀਦੇ ਹਨ, ਦਰਮਿਆਨ ਦਾ ਗੈਪ ਘੱਟ ਕਰਦੇ ਰਹਿਣਾ ਚਾਹੀਦਾ ਹੈ।

**(ਸ਼ਵ-ਆਸਨ) Shavasan**

## ਮੱਕਰ ਆਸਨ

ਜਿਹੜੇ ਪੇਟ ਵਿਚ ਸੁਆਸ ਲੈਣ ਦੀ ਵਿਧੀ ਨਹੀਂ ਸਮਝ ਸਕਦੇ, ਅਤੇ ਡਾਇਫਰਮੈਟਿਕ ਸੁਆਸ ਲੈਣ ਦੀ ਵਿਧੀ ਦਾ ਅਭਿਆਸ ਨਹੀਂ ਕਰ ਸਕਦੇ, ਉਨ੍ਹਾਂ ਨੂੰ ਕਛੂਏ ਦੀ ਤਰ੍ਹਾਂ ਮੂਧੇ ਲੇਟਣਾ ਚਾਹੀਦਾ ਹੈ। ਮੂਧੇ ਲੇਟ ਕੇ ਲੱਤਾਂ ਆਰਾਮ ਨਾਲ ਅਲੱਗ-ਅਲੱਗ ਕਰਕੇ ਰੱਖੋ, ਪੈਰਾਂ ਦੇ ਪੰਜੇ ਬਾਹਰ ਨਿਕਲੇ ਹੋਣ, ਬਾਹਵਾਂ ਇਕੱਠੀਆਂ ਕਰਕੇ ਮੱਥਾ ਉਨ੍ਹਾਂ ਦੇ ਉਤੇ ਰੱਖੋ। ਬਾਹਾਂ ਇਸ ਤਰ੍ਹਾਂ ਰੱਖਣੀਆਂ ਹਨ ਕਿ ਛਾਤੀ ਜ਼ਮੀਨ ਤੇ ਨਾ ਲੱਗੇ, ਏਸ ਨਾਲ ਆਪੇ ਹੀ ਪੇਟ ਵਿਚੋਂ ਸੁਆਸ ਆਉਣ ਲਗ ਪੈਂਦਾ ਹੈ, ਐਨਾ ਹੀ ਨਹੀਂ ਏਸ ਨਾਲ ਤੁਸੀਂ ਮਹਿਸੂਸ ਕਰ ਸਕਦੇ ਹੋ ਕਿ ਪੇਟ ਵਿਚੋਂ ਕਿਸ ਤਰ੍ਹਾਂ ਸੁਆਸ ਲੈਂਦੇ ਹੋ। ਜਦੋਂ ਤੁਸੀਂ ਸੁਆਸ ਬਾਹਰ ਕੱਢਦੇ ਹੋ, ਪੇਟ ਦੇ ਪੱਠੇ ਨਿਸਲ ਹੁੰਦੇ ਹਨ। ਇਸ ਤਰ੍ਹਾਂ ਕਰਨ ਨਾਲ ਪੇਟ ਦੀ ਗਤੀ ਦਾ ਆਸਾਨੀ ਨਾਲ ਪਤਾ ਲਗਦਾ ਹੈ।

## ਰੇਤ ਦਾ ਥੈਲਾ ਰੱਖ ਕੇ ਸੁਆਸ ਲੈਣੇ

ਇਕ ਥੈਲੇ ਵਿਚ ਪੰਜ ਸੱਤ ਕਿਲੋ ਰੇਤਾ ਪਾ ਕੇ ਛਾਤੀ ਤੇ ਪੇਟ ਦੇ ਵਿਚਕਾਰ ਰੱਖਿਆ ਜਾਂਦਾ ਹੈ, ਦੰਦਾਂ ਨੂੰ ਪੀਚ ਕੇ ਬੁੱਲ੍ਹਾਂ ਨੂੰ ਬੰਦ ਕਰਕੇ ਸ਼ਵਆਸਨ (ਜੋ ਅਸੀਂ ਉਪਰ ਦਸ ਆਏ ਹਾਂ) ਵਿਚ ਲੇਟ ਕੇ ਰੇਤ ਦਾ ਥੈਲਾ ਰੱਖ ਕੇ ਅਭਿਆਸ ਕੀਤਾ ਜਾਂਦਾ ਹੈ ਇਸ ਤਰ੍ਹਾਂ ਕਰਨ ਲਈ ਕੋਈ ਜ਼ੋਰ ਨਹੀਂ ਲਗਾਉਣਾ ਪੈਂਦਾ। ਇਹ ਅਭਿਆਸ ਕਰਨ ਨਾਲ ਡਾਇਫਰਾਮ ਨੂੰ ਸ਼ਕਤੀ ਮਿਲਦੀ ਹੈ।

ਪੇਟ ਨਾਲ ਸੁਆਸ ਲੈਣ ਨਾਲ ਸੁਆਸਾਂ ਦੀ ਗਤੀ ਬਹੁਤ ਘਟ ਜਾਂਦੀ ਹੈ। ਇਹ ਇਕ ਮੂਲ ਅਭਿਆਸ ਹੈ ਜਿਹੜਾ ਇਕ ਜਗਿਆਸੂ ਕਰਦਾ ਹੈ ਤੇ ਇਸ ਰਾਹੀਂ ਹੀ ਉਹ ਤਰੱਕੀ ਕਰਦਾ ਹੈ ਤੇ ਸੁਆਸ ਵਿਗਿਆਨ ਦਾ ਅਭਿਆਸ ਕਰਦਿਆਂ ਪ੍ਰਾਣਾਯਾਮ ਤੇ ਪਹੁੰਚਦਾ ਹੈ।

ਛਾਤੀ ਅੰਦਰ ਡੂੰਘਾ ਸੁਆਸ ਲੈਣਾ ਬਹੁਤ ਹੀ ਲਾਭਦਾਇਕ ਹੈ ਕਿਉਂਕਿ ਪੈਰੀਕਾਰਡੀਅਮ ਡਾਇਫਰਾਮ ਨਾਲ ਜੁੜਿਆ ਹੋਇਆ ਹੈ। ਜਦੋਂ ਲੰਬੇ ਸੁਆਸ ਲੈਂਦੇ ਹਾਂ ਤਾਂ ਡਾਇਫਰਾਮ ਹੇਠਾਂ ਨੂੰ ਹੋ ਜਾਂਦਾ ਹੈ ਤੇ ਦਿਲ ਵੀ ਹੇਠਾਂ ਨੂੰ ਡਾਇਫਰਾਮ ਵਲ ਹੋ ਜਾਂਦਾ ਹੈ। ਜਦੋਂ ਫੇਫੜੇ ਹਵਾ ਨਾਲ ਥੱਲਿਓਂ ਭਰ ਜਾਂਦੇ ਹਨ ਉਹ ਇਕੱਠੇ ਹੋ ਜਾਂਦੇ ਹਨ ਤੇ ਇਸ ਤਰ੍ਹਾਂ ਦਿਲ ਨੂੰ ਬੜੀ ਹੀ ਪੋਲੀ ਜਿਹੀ ਮਾਲਿਸ਼ ਹੋ ਜਾਂਦੀ ਹੈ ਜਦੋਂ ਹੀ ਡਾਇਫਰਾਮ ਫੈਲਦਾ ਹੈ ਤਾਂ ਵੀ ਇਸ ਤਰ੍ਹਾਂ ਹੀ ਹੁੰਦਾ ਹੈ, ਦਿਲ ਨੂੰ ਪੋਲੀ ਜਿਹੀ ਮਾਲਸ਼ ਮਿਲਦੀ ਹੈ। ਜਿਗਰ ਨੂੰ ਵੀ, ਪੈਨਕਰੀਆ ਨੂੰ ਵੀ ਤੇ ਇਸ ਤਰ੍ਹਾਂ ਹੋਣ ਨਾਲ ਤਿਲੀ ਦੀ ਗਤੀ, ਪੇਟ ਦੀ ਗਤੀ, ਪੇਟ ਦੀ ਛੋਟੀ ਨਾੜੀ (small intesline) ਅਤੇ ਪੇਟ ਨੂੰ ਸੌਖ ਮਿਲਦਾ ਹੈ।

ਜੇ ਡਾਇਫਰਾਮ ਰਾਹੀਂ ਸੁਆਸ ਲੈਣ ਦਾ ਅਭਿਆਸ ਦਸ ਮਿੰਟ ਲਈ ਰੋਜ਼ ਕੀਤਾ ਜਾਵੇ, ਸੁਆਸ ਅੰਦਰ ਲੈ ਜਾਣ ਤੇ ਬਾਹਰ ਕੱਢਣ ਦਾ ਸਮਾਂ ਰੋਜ਼ ਥੋੜ੍ਹਾ-ਥੋੜ੍ਹਾ ਵਧਾਇਆ ਜਾਵੇ, ਦੋ ਮਹੀਨੇ ਬਾਅਦ ਤੁਸੀਂ ਇਕ ਅਨੋਖੀ ਤਰ੍ਹਾਂ ਦਾ ਆਰਾਮ ਨਿਸ਼ਲਤਾ ਅਨੁਭਵ ਕਰੋਗੇ; ਐਨਾ ਵਧੇਰੇ ਆਰਾਮ ਮਹਿਸੂਸ ਕਰੋਗੇ ਜਿੰਨਾਂ ਕਦੀ ਗੂੜ੍ਹੀ ਨੀਂਦਰ ਵਿਚ ਵੀ ਮਹਿਸੂਸ ਨਾ ਕੀਤਾ ਹੋਵੇ। ਇਸ ਤਰ੍ਹਾਂ ਕਰਨ ਨਾਲ ਸਰੀਰ ਦੀਆਂ ਕਈ ਬਿਮਾਰੀਆਂ ਤੇ ਮਨੋਸਰੀਰਕ ਬਿਮਾਰੀਆਂ ਤੋਂ, ਅਸ਼ਾਂਤੀ, ਤਣਾਅ

ਤੋਂ ਬਚੇ ਰਹਿ ਸਕਦੇ ਹੋ। ਨਾੜੀਆਂ ਸ਼ਾਂਤ ਰਹਿਣਗੀਆਂ, ਆਵਾਜ਼ ਅਤੇ ਚਿਹਰਾ ਸ਼ਾਂਤ ਰਹੇਗਾ, ਆਵਾਜ਼ ਮਿੱਠੀ ਹੁੰਦੀ ਜਾਵੇਗੀ, ਚਿਹਰੇ ਦੀਆਂ ਪੱਕੀਆਂ ਲਕੀਰਾਂ ਹਟ ਕੇ ਬਹੁਤ ਹੀ ਨਰਮ ਹੋ ਜਾਣਗੀਆਂ।

## ਨਾੜੀ ਸ਼ੋਧਮ

ਇਕ ਹੋਰ ਸੁਆਸ ਅਭਿਆਸ ਹੈ ਜਿਸ ਨੂੰ ਨਾੜੀ ਸ਼ੋਧਮ ਕਹਿੰਦੇ ਹਨ ਜਾਂ ਨਾੜੀਆਂ ਦੀ ਸਫਾਈ ਕਹਿੰਦੇ ਹਨ। ਇਸ ਲਈ ਹੇਠ ਲਿਖਿਆ ਤਰੀਕਾ ਹੈ –

1. ਬਾਹਰ ਖੁਲ੍ਹੀ ਸ਼ਾਂਤ ਥਾਂ ਤੇ ਜਿਥੇ ਹਵਾ ਹੋਵੇ ਉਥੇ ਸਿੱਧੇ ਹੋ ਕੇ ਟਿਕ ਕੇ ਬੈਠੋ। ਤੁਹਾਡਾ ਸਿਰ, ਗਰਦਨ ਤੇ ਪਿੱਠ ਬਿਲਕੁਲ ਸਿੱਧੀ ਹੋਣੀ ਚਾਹੀਦੀ ਹੈ, ਤੇ ਸਰੀਰ ਬਿਲਕੁਲ ਸਥਿਰ ਹੋਣਾ ਚਾਹੀਦਾ ਹੈ।

2. ਸੱਜੇ ਹੱਥ ਨੂੰ ਨੱਕ ਤਕ ਲੈ ਕੇ ਆਓ, ਪਹਿਲੀ ਉਂਗਲੀ ਤੇ ਵਿਚ ਵਾਲੀ ਉਂਗਲੀ ਇਕੱਠੀ ਕਰ ਲਓ, ਹੱਥ ਦੇ ਅੰਗੂਠੇ ਨਾਲ ਸੱਜੀ ਨਾਸਿਕਾ ਬੰਦ ਕਰੋ ਤੇ ਤੀਸਰੀ ਉਂਗਲੀ ਨਾਲ ਖੱਬੀ ਨਾਸਿਕਾ ਬੰਦ ਕਰੋ। (ਵਿਸ਼ਨੂੰ ਮੁਦਰਾ)

3. ਸੱਜੀ ਨਾਸਿਕਾ ਬੰਦ ਕਰਕੇ ਸੱਜੇ ਹੱਥ ਦੇ ਅੰਗੂਠੇ ਨਾਲ ਖੱਬੀ ਨਾਸਿਕਾ ਵਿਚੋਂ ਪੂਰੀ ਤਰ੍ਹਾਂ ਹਵਾ ਬਾਹਰ ਕੱਢੋ, ਬਾਹਰ ਹਵਾ ਕੱਢਣ ਦੀ ਕ੍ਰਿਆ ਬਹੁਤ ਹੀ ਧੀਮੀ ਹੋਣੀ ਚਾਹੀਦੀ ਹੈ, ਕਾਬੂ ਵਿਚ ਹੋਣੀ ਚਾਹੀਦੀ ਹੈ, ਕਿਸੇ ਕਿਸਮ ਦਾ ਜ਼ੋਰ ਨਹੀਂ ਪੈਣਾ ਚਾਹੀਦਾ, ਝਟਕਾ ਨਹੀਂ ਲਗਣਾ ਚਾਹੀਦਾ।

4. ਹਵਾ ਬਾਹਰ ਕੱਢਣ ਉਪਰੰਤ ਖੱਬੀ ਨਾਸਿਕਾ ਨੂੰ ਤੀਸਰੀ ਉਂਗਲੀ ਨਾਲ ਬੰਦ ਕਰ ਲਓ, ਸੱਜੀ ਨਾਸਿਕਾ ਖੋਲ੍ਹੋ ਤੇ ਹੌਲੀ ਹੌਲੀ ਸੁਆਸ ਅੰਦਰ ਲੈਣੇ ਸ਼ੁਰੂ ਕਰੋ, ਬੜੇ ਹੀ ਇਕਸਾਰਤਾ ਨਾਲ, ਆਰਾਮ ਨਾਲ ਕੰਟਰੋਲ ਹੋ ਕੇ ਕਰੋ ਅਤੇ ਓਨੀ ਹੀ ਦੇਰ ਵਿਚ ਕਰੋ ਜਿੰਨੀ ਦੇਰ ਵਿਚ ਸੁਆਸ ਬਾਹਰ ਕੱਢਿਆ ਸੀ।

5. ਖੱਬੀ ਨਾਸਿਕਾ ਨਾਲ ਸੁਆਸ ਬਾਹਰ ਕੱਢੋ ਤੇ ਸੱਜੀ ਨਾਲ ਅੰਦਰ ਕਰੋ, ਇਸ ਤਰ੍ਹਾਂ ਦੋ ਵਾਰੀ ਹੋਰ ਕਰੋ।

6. ਤੀਸਰੀ ਵਾਰੀ ਸੱਜੀ ਨਾਸਿਕਾ ਤੋਂ ਸੁਆਸ ਅੰਦਰ ਕਰਨ ਤੋਂ ਬਾਅਦ ਪੂਰੀ ਤਰ੍ਹਾਂ ਸੁਆਸਾਂ ਨੂੰ ਬਾਹਰ ਕੱਢ ਦਿਓ, ਸੱਜੀ ਨਾਸਿਕਾ ਵਿਚੋਂ ਹੀ ਕੱਢ ਦਿਓ, ਖੱਬੀ ਨਾਸਿਕਾ ਨੂੰ ਬੰਦ ਹੀ ਰੱਖੋ, ਖੱਬੀ ਨਾਸਿਕਾ ਬੰਦ ਕਰਨ ਲਈ ਤੀਸਰੀ ਉਂਗਲੀ ਦੀ ਹੀ ਵਰਤੋਂ ਕਰੋ।

7. ਇਸ ਤਰ੍ਹਾਂ ਸੁਆਸ ਬਾਹਰ ਕੱਢਣ ਤੋਂ ਬਾਅਦ ਸੱਜੀ ਨਾਸਿਕਾ ਬੰਦ ਕਰ ਲਵੋ, ਖੱਬੀ ਨਾਸਿਕਾ ਵਿਚੋਂ ਸੁਆਸ ਲਓ, ਦੋ ਵਾਰੀ ਹੋਰ ਇਸ ਤਰ੍ਹਾਂ ਕਰੋ, ਇਸ ਤਰ੍ਹਾਂ ਕਰਨ ਨਾਲ ਇਹ ਅਭਿਆਸ ਸੰਪੂਰਨ ਹੋ ਜਾਂਦਾ ਹੈ।

ਸੰਖੇਪ ਵਿਚ ਇਹ ਅਭਿਆਸ ਇਸ ਤਰ੍ਹਾਂ ਹੈ –

(ੳ) ਤਿੰਨ ਵਾਰੀ ਖੱਬੀ ਨਾਸਿਕਾ ਵਿਚੋਂ ਸੁਆਸ ਬਾਹਰ ਕੱਢਣਾ ਅਤੇ ਸੱਜੀ ਨਾਸਿਕਾ ਵਿਚੋਂ ਲੈਣਾ।

(ਅ) ਇਸ ਤੋਂ ਬਾਅਦ ਤਿੰਨ ਵਾਰੀ ਸੱਜੀ ਨਾਸਿਕਾ ਵਿਚੋਂ ਸੁਆਸ ਬਾਹਰ ਕੱਢਣਾ ਅਤੇ ਖੱਬੀ ਨਾਸਿਕਾ ਵਿਚੋਂ ਅੰਦਰ ਲੈਣਾ।

ਇਸ ਉਪਰਾਂਤ ਸ਼ਾਮ ਨੂੰ ਤਿੰਨ ਵਾਰੀ ਸੁਆਸ ਸੱਜੀ ਨਾਸਿਕਾ ਰਾਹੀਂ ਬਾਹਰ ਕੱਢੋ ਅਤੇ ਖੱਬੀ ਰਾਹੀਂ ਅੰਦਰ ਕਰੋ, ਇਸ ਉਪਰੰਤ ਤਿੰਨ ਵਾਰੀ ਖੱਬੀ ਨਾਸਿਕਾ ਨਾਲ ਸੁਆਸ ਬਾਹਰ ਕੱਢੋ ਤੇ ਸੱਜੀ ਨਾਲ ਅੰਦਰ ਲਵੋ। ਇਸ ਸਾਰੇ ਅਭਿਆਸ ਵਿਚ ਸੁਆਸ ਅੰਦਰ ਲੈਣ ਦਾ ਅਤੇ ਬਾਹਰ ਕੱਢਣ ਦਾ ਸਮਾਂ ਇਕੋ ਜਿੰਨਾ ਹੀ ਰਹਿਣਾ ਚਾਹੀਦਾ ਹੈ, ਵਿਚ ਕੋਈ ਆਰਾਮ ਨਹੀਂ ਲੈਣਾ ਚਾਹੀਦਾ, ਸੁਆਸ ਪੇਟ ਵਿਚੋਂ ਲੈਣੇ ਚਾਹੀਦੇ ਹਨ, ਸੁਆਸ ਬਹੁਤ ਹੌਲੀ ਲੈਣੇ ਚਾਹੀਦੇ ਹਨ, ਕਿਸੇ ਵੀ ਤਰ੍ਹਾਂ ਦੀ ਕੋਈ ਖੇਚਲ ਨਹੀਂ ਕਰਨੀ ਚਾਹੀਦੀ, ਹੌਲੀ ਹੌਲੀ ਅਭਿਆਸ ਕਰਕੇ ਸੁਆਸ ਅੰਦਰ ਲੈਣ ਦਾ ਅਤੇ ਬਾਹਰ ਕੱਢਣ ਦਾ ਸਮਾਂ ਵਧਾਉਣਾ ਚਾਹੀਦਾ ਹੈ।

ਇਸ ਅਭਿਆਸ ਸਬੰਧੀ ਵਿਚਾਰਾਂ ਦਾ ਮਤ ਭੇਦ ਵੀ ਹੈ, ਵੱਖ-ਵੱਖ ਯੋਗ ਦੇ ਗ੍ਰੰਥ ਵੱਖ-ਵੱਖ ਤਰੀਕੇ ਦਸਦੇ ਹਨ। ਸਾਨੂੰ ਇਹੋ ਜਿਹੇ ਭਰਮ ਹਟਾਉਣੇ ਚਾਹੀਦੇ ਹਨ, ਘੜੀ ਘੜੀ ਤਰੀਕੇ ਨਹੀਂ ਬਦਲਣੇ ਚਾਹੀਦੇ, ਇਕੋ ਵਿਧੀ ਨਾਲ ਅਭਿਆਸ ਕਰਨ ਨਾਲ ਹੀ ਨਾੜੀ ਸ਼ੋਧ ਦੇ ਗੁਣ ਪ੍ਰਾਪਤ ਕਰ ਸਕਦੇ ਹੋ। ਕਈ ਗ੍ਰੰਥਾਂ ਵਿਚ ਦੱਸਿਆ ਗਿਆ ਹੈ ਕਿ ਸੁਆਸ ਅੰਦਰ ਕਰਨ ਅਤੇ ਬਾਹਰ ਕੱਢਣ ਵਿਚ ਆਰਾਮ ਕਰਨਾ ਚਾਹੀਦਾ ਹੈ, ਪਰ ਇਹ ਅਭਿਆਸ ਉਨ੍ਹਾਂ ਵਾਸਤੇ ਹੈ ਜਿਹੜੇ ਯੋਗ ਜਾਣ ਚੁੱਕੇ ਹਨ, ਕਾਫੀ ਅੱਗੇ ਹਨ, ਇਹ ਅਭਿਆਸ ਕਿਸੇ ਪੂਰਨ ਯੋਗੀ ਦੀ ਦੇਖ ਰੇਖ ਹੇਠ ਹੀ ਕਰਨਾ ਚਾਹੀਦਾ ਹੈ, ਨਹੀਂ ਤਾਂ ਜਗਿਆਸੂ ਆਪਣੇ ਅੰਦਰ ਕੋਈ ਵਿਗਾੜ ਖੜ੍ਹਾ ਕਰ ਸਕਦਾ ਹੈ, ਪੂਰਨ ਯੋਗੀ ਦੀ ਦੇਖ ਰੇਖ ਹੇਠ ਹੀ ਸੁਆਸ ਅੰਦਰ ਰੋਕਣ ਦਾ ਅਭਿਆਸ ਕੀਤਾ ਜਾ ਸਕਦਾ ਹੈ। ਇਸ ਨੂੰ ਹੌਲੀ-ਹੌਲੀ ਵਧਾਇਆ ਜਾ ਸਕਦਾ ਹੈ ਜਿਸ ਨਾਲ ਇਸ ਦੀ ਤਾਲ ਮੇਲ ਤੇ ਇਕਸਾਰਤਾ ਵਿਚ ਫਰਕ ਨਾ ਪਵੇ। ਸੁਆਸ ਅੰਦਰ ਲੈਣ ਵਿਚ ਅਤੇ ਸੁਆਸ ਬਾਹਰ ਕੱਢਣ ਵਿਚ ਇਹ ਦੋਨੋਂ ਕ੍ਰਿਆਵਾਂ ਇਕ ਸਾਰ ਹੀ ਰਹਿਣ। ਸੁਆਸ ਅੰਦਰ ਲੈਣ ਦੀ, ਅੰਦਰ ਰੱਖਣ ਦੀ, ਬਾਹਰ ਕੱਢਣ ਦੀ ਰੇਸ਼ੋ ਹੁੰਦੀ ਹੈ – 1:4:2, ਸੁਆਸ ਅੰਦਰ ਲੈ ਕੇ ਅੰਦਰ ਰੱਖਣ ਦੀ ਵਿਧੀ ਤੋਂ ਬਾਅਦ ਹੀ ਸੁਆਸ ਬਾਹਰ ਕੱਢ ਕੇ ਅੰਦਰ ਰੱਖਣ ਦਾ ਅਭਿਆਸ ਕਰੀਦਾ ਹੈ, ਸੁਆਸ ਰੋਕਣ ਦਾ ਸਮਾਂ ਹੌਲੀ ਹੌਲੀ ਵਧਾਉਂਣਾ ਹੈ।

ਪ੍ਰਾਣਾਯਾਮ ਬਹੁਤ ਹੀ ਡੂੰਘਾ ਤੇ ਪੇਚੀਦਾ ਵਿਗਿਆਨ ਹੈ, ਇਸ ਦੇ ਵਿਕਸਿਤ, ਤਰੀਕਿਆਂ ਦਾ ਅਭਿਆਸ ਤਾਂ ਬਹੁਤ

ਹੀ ਪਹੁੰਚੇ ਹੋਏ ਯੋਗੀਆਂ ਜਾਂ ਅਧਿਆਪਕਾਂ ਦੀ ਨਿਗਰਾਨੀ ਥੱਲੇ ਕਰਨੇ ਚਾਹੀਦੇ ਹਨ। ਇਹ ਸਾਰੇ ਅਭਿਆਸ ਕਦੀ ਵੀ ਪੁਸਤਕਾਂ ਵਿਚੋਂ ਪੜ੍ਹ ਕੇ ਨਹੀਂ ਕਰਨੇ ਚਾਹੀਦੇ। ਜੇ ਤੁਸੀਂ ਚੰਗੀ ਤਰ੍ਹਾਂ ਤਿਆਰ ਨਹੀਂ ਹੋ, ਜੇ ਤੁਸੀਂ ਪਹੁੰਚੇ ਹੋਏ ਯੋਗੀ ਤੋਂ ਇਹ ਨਹੀਂ ਸਿਖਿਆ ਇਹ ਅਭਿਆਸ ਤੁਹਾਨੂੰ ਵਧੇਰੇ ਨੁਕਸਾਨ ਪਹੁੰਚਾ ਸਕਦੇ ਹਨ। ਬਹੁਤ ਵਾਰੀ ਜੇ ਪੜ੍ਹ ਕੇ ਕੋਈ ਵੀ ਜਗਿਆਸੂ ਇਹ ਅਭਿਆਸ ਕਰਦਾ ਹੈ ਤਾਂ ਉਹ ਪ੍ਰਾਣਾਂ ਦੀ ਸ਼ਕਤੀ ਐਨੀ ਜਾਗਰਨ ਕਰ ਲੈਂਦਾ ਹੈ ਕਿ ਬਹੁਤ ਵਾਰੀ ਉਹ ਕਾਬੂ ਵੀ ਨਹੀਂ ਕਰ ਸਕਦਾ।

ਮੂਲ ਰੂਪ ਵਿਚ ਨਾੜੀ ਸ਼ੋਧਨ ਅਭਿਆਸ ਸ੍ਵਾਸ ਅੰਦਰ ਰੋਕਣ ਤੋਂ ਬਿਨਾਂ ਤੇ ਕਈ ਤਰ੍ਹਾਂ ਦੇ ਪ੍ਰਾਣਾਯਾਮ ਕਿਸੇ ਔਖੇ ਤਰੀਕੇ ਤੋਂ ਬਿਨੋਂ ਕੀਤੇ ਜਾ ਸਕਦੇ ਹਨ ਪਰ ਇਹ ਗੱਲ ਫੇਰ ਚੇਤਾਵਨੀ ਨਾਲ ਦੱਸੀ ਜਾਂਦੀ ਹੈ ਕਿ ਸ੍ਵਾਸ ਰੋਕਣ ਲਈ ਤੁਹਾਨੂੰ ਚੰਗੇ ਗੁਰੂ ਤੋਂ ਸਿਖਿਆ ਦੀ ਲੋੜ ਹੈ ਜਿਸ ਨੂੰ ਪ੍ਰਾਣਾਯਾਮ ਦਾ ਪੂਰਾ ਪਤਾ ਹੋਵੇ।

## ਕਪਾਲਭਾਤੀ ਪ੍ਰਾਣਾਯਾਮ

ਇਸ ਤੋਂ ਭਾਵ ਹੈ ਉਹ ਪ੍ਰਾਣਾਯਾਮ ਜਿਹੜਾ ਤੁਹਾਡਾ ਮਸਤਕ ਚਮਕਾ ਦੇਵੇ ਤੇ ਤੁਹਾਡੇ ਚਿਹਰੇ ਤੇ ਨੂਰ ਲੈ ਆਵੇ। ਇਸ ਨਾਲ ਤੁਹਾਡੇ ਸਾਇਨੈਸ ਦੀ ਸਫਾਈ ਹੁੰਦੀ ਹੈ, ਸ੍ਵਾਸ ਲੈਣ ਦੇ ਸਾਰੇ ਜੰਤਰ ਦੀ ਸ਼ੁਧੀ ਹੁੰਦੀ ਹੈ, ਪੇਟ ਦੇ ਪੱਠਿਆਂ ਨੂੰ ਉਤੇਜਨਾ ਮਿਲਦੀ ਹੈ। ਪਾਚਣ ਸ਼ਕਤੀ ਨੂੰ ਵਧੇਰੇ ਸ਼ਕਤੀ ਮਿਲਦੀ ਹੈ, ਤੁਸੀਂ ਆਪਣੇ ਅੰਦਰ ਅਨੰਦ ਮਹਿਸੂਸ ਕਰਦੇ ਹੋ।

ਇਸ ਅਭਿਆਸ ਨਾਲ ਤੁਸੀਂ ਪੂਰੇ ਜ਼ੋਰ ਨਾਲ ਸ੍ਵਾਸ ਬਾਹਰ ਕੱਢਦੇ ਹੋ - ਪੇਟ ਵਿਚ ਡਾਇਫਰਾਮ ਵਿਚੋਂ, ਉਸ ਉਪਰੰਤ ਤੁਸੀਂ ਪੂਰੀ ਤਰ੍ਹਾਂ ਆਰਾਮ ਕਰਦੇ ਹੋ, ਪੇਟ ਦੇ ਪੱਠਿਆਂ ਨੂੰ ਨਿਸਲ ਕਰਦੇ ਹੋ ਤੇ ਹੌਲੀ ਹੌਲੀ ਸ੍ਵਾਸ ਲੈਂਦੇ ਹੋ। ਇਸ ਤਰ੍ਹਾਂ ਦਾ ਅਭਿਆਸ, ਭਾਵ ਪਹਿਲਾਂ ਜ਼ੋਰ ਜ਼ੋਰ ਦੀ ਸ੍ਵਾਸ ਲੈਣੇ, ਫੇਰ ਹੌਲੀ ਹੌਲੀ ਸ੍ਵਾਸ ਅੰਦਰ ਲੈਣੇ ਇਸ ਤਰ੍ਹਾਂ ਬਹੁਤ ਵਾਰੀ ਕੀਤਾ ਜਾਂਦਾ ਹੈ। ਪਹਿਲਾਂ-ਪਹਿਲਾਂ ਸੱਤ ਵਾਰ ਤੋਂ ਲੈ ਕੇ ਇੱਕੀ ਵਾਰੀ ਕੀਤਾ ਜਾਂਦਾ ਹੈ, ਪਰ ਇਹ ਆਪਣੀ ਯੋਗਤਾ ਤੇ ਹੀ ਨਿਰਭਰ ਹੈ।

## ਭਾਸਤਰਿਕ ਪ੍ਰਾਣਾਯਾਮ

ਭਾਸਤਰਿਕ ਸ਼ਬਦ ਦੇ ਅਰਥ ਹਨ 'ਧੂਆਂਖਣੀ'। ਇਸ ਪ੍ਰਾਣਾਯਾਮ ਵਿਚ ਪੇਟ ਦੇ ਪੱਠੇ ਧੂਆਂਖਣੀ ਦੀ ਤਰ੍ਹਾਂ ਕੰਮ ਕਰਦੇ ਹਨ। ਇਸ ਦੇ ਉਹ ਹੀ ਲਾਭ ਹਨ ਜੋ ਕਪਾਲਭਾਤੀ ਦੇ ਹੁੰਦੇ ਹਨ।

ਇਸ ਅਭਿਆਸ ਵਿਚ ਪੇਟ ਅਤੇ ਡਾਇਫਰਾਮ ਦੇ ਪੱਠੇ ਵਰਤੇ ਜਾਂਦੇ ਹਨ, ਜਿਵੇਂ ਕਿ ਕਪਾਲਭਾਤੀ ਵਿਚ ਕੀਤਾ ਜਾਂਦਾ ਹੈ। ਇਥੇ ਸ੍ਵਾਸ ਅੰਦਰ ਤੇ ਬਾਹਰ ਪੂਰੇ ਜ਼ੋਰ ਨਾਲ ਕੀਤੇ ਜਾਂਦੇ ਹਨ, ਇਸ ਨੂੰ ਸੱਤ ਤੋਂ ਇਕੀ ਵਾਰੀ ਕੀਤਾ ਜਾਂਦਾ ਹੈ- ਆਪਣੀ ਸਮਰਥਾ ਅਨੁਸਾਰ ਪਰ ਇਕ ਤੋਂ ਬਾਅਦ ਦੂਸਰਾ ਛੇਤੀਂ-ਛੇਤੀਂ ਹੀ ਹੋਣਾ ਚਾਹੀਦਾ ਹੈ।

## ਊਜਾਈ ਪ੍ਰਾਣਾਯਾਮ

ਊਜਾਈ ਤੋਂ ਭਾਵ ਹੈ - ਕੰਟੋਰਲ ਜਾਂ ਵਿਜੈ, ਉਹ ਵਿਜੈ ਜਿਹੜੀ ਪ੍ਰਾਣਾਂ ਦਾ ਪ੍ਰਸਾਰ ਕਰਕੇ ਪ੍ਰਾਪਤ ਹੁੰਦੀ ਹੈ। ਇਸ ਪ੍ਰਾਣਾਯਾਮ ਨਾਲ ਫੇਫੜਿਆਂ ਦੀ ਹਵਾ ਦਾ ਆਵਾਜਾਈ ਦਾ ਵਾਧਾ ਹੁੰਦਾ ਹੈ, ਬਲਗਮ ਨਿਕਲਦੀ ਹੈ, ਨਾੜੀਆਂ ਸ਼ਾਂਤ ਹੁੰਦੀਆਂ ਹਨ ਅਤੇ ਸਾਰੇ ਸਰੀਰ ਨੂੰ ਸ਼ਕਤੀ ਮਿਲਦੀ ਹੈ।

ਊਜਾਈ ਰਾਹੀਂ ਸ੍ਵਾਸ ਅੰਦਰ ਲੈਣੇ ਤੇ ਬਾਹਰ ਕੱਢਣੇ ਬਹੁਤ ਹੀ ਹੌਲੀ ਹੁੰਦੇ ਹਨ ਤੇ ਬਹੁਤ ਹੀ ਡੂੰਘੇ ਹੁੰਦੇ ਹਨ ਤੇ ਕੰਠ ਨੂੰ ਅੱਧਾ ਬੰਦ ਕਰਕੇ ਕੀਤੇ ਜਾਂਦੇ ਹਨ। ਇਸ ਦੀ ਅਵਾਜ਼ ਇਸ ਤਰ੍ਹਾਂ ਦੀ ਹੋ ਜਾਂਦੀ ਹੈ ਜਿਵੇਂ ਹਟਕੋਰੇ ਲੈ ਰਿਹਾ ਹੋਵੇ ਪਰ ਇਹ ਇਕ ਸਾਰ ਹੁੰਦੀ ਹੈ ਤੇ ਲਗਾਤਾਰ ਹੁੰਦੀ ਹੈ। ਸ੍ਵਾਸ ਅੰਦਰ ਕਰਦੇ ਸਮੇਂ ਇਹ ਤਾਲੂ ਤੇ ਲਗਦੀ ਹੈ ਅਤੇ 'ਸਾ' ਦੀ ਆਵਾਜ਼ ਆਉਂਦੀ ਹੈ। ਸ੍ਵਾਸ ਬਾਹਰ ਕੱਢਦੇ ਸਮੇਂ ਵੀ ਤਾਲੂ ਤੇ ਹਵਾ ਲਗਦੀ ਹੈ ਤੇ 'ਹਾ' ਦੀ ਅਵਾਜ਼ ਨਿਕਲਦੀ ਹੈ। ਸ੍ਵਾਸ ਅੰਦਰ ਲੈਂਦੇ ਸਮੇਂ ਪੇਟ ਦੇ ਪੱਠੇ ਇਕੱਠੇ ਕੀਤੇ ਜਾਂਦੇ ਹਨ ਤੇ ਸ੍ਵਾਸ ਬਾਹਰ ਕੱਢਦੇ ਸਮੇਂ ਪੇਟ ਤੇ ਭਾਰ ਪਾਇਆ ਜਾਂਦਾ ਹੈ, ਉਦੋਂ ਤਕ ਜਦੋਂ ਤਕ ਸ੍ਵਾਸ ਪੂਰੀ ਤਰ੍ਹਾਂ ਨਾ ਬਾਹਰ ਨਿਕਲ ਜਾਣ।

## ਭਰਮਾਰੀ ਪ੍ਰਾਣਾਯਾਮ

ਭਰਮਾਰੀ ਇਕ ਵੱਡੀ ਮੱਖੀ ਨੂੰ ਕਹਿੰਦੇ ਹਨ ਅਤੇ ਸ੍ਵਾਸ ਬਾਹਰ ਕੱਢਦੇ ਸਮੇਂ ਉਸ ਮੱਖੀ ਦੀ ਅਵਾਜ਼ ਕੀਤੀ ਜਾਂਦੀ ਹੈ। ਪੂਰੀ ਤਰ੍ਹਾਂ ਦੋਨੋਂ ਨਾਸਿਕਾ ਰਾਹੀਂ ਸ੍ਵਾਸ ਅੰਦਰ ਕਰੋ, ਬਾਹਰ ਕੱਢੋ ਜਿਵੇਂ ਉਪਰ ਊਜਾਈ ਵਿਚ ਦੱਸਿਆ ਗਿਆ ਹੈ, ਪਰ ਮੱਖੀ ਵਰਗੀ ਆਵਾਜ਼ ਕੱਢੋ, ਦੋ ਤਿੰਨ ਵਾਰੀ ਇਸ ਤਰ੍ਹਾਂ ਕਰੋ, ਭਰਮਾਰੀ ਨਾੜੀਆਂ ਨੂੰ ਸੁੱਖ ਦਿੰਦੀ ਹੈ ਤੇ ਮਨ ਸ਼ਾਂਤ ਕਰਦੀ ਹੈ।

## ਸੀਤਲੀ ਪ੍ਰਾਣਾਯਾਮ

ਸੀਤਲੀ ਤੇ ਸਿਤਕਾਰੀ ਦੋਨੋਂ ਹੀ ਸਰੀਰ ਨੂੰ ਠੰਢਾ ਕਰਨ ਅਤੇ ਸਰੀਰ ਨੂੰ ਆਰਾਮ ਪਹੁੰਚਾਉਣ ਲਈ ਹਨ, ਜੀਭ ਨੂੰ ਲੰਮੇ ਪਾਸੇ ਨੂੰ ਇਕੱਠਾ ਕਰੋ ਜਦੋਂ ਤਕ ਉਹ ਇਕ ਟਿਊਬ ਦੀ ਸ਼ਕਲ ਨਾ ਬਣ ਜਾਵੇ। ਜਿਹੜੇ ਸਾਧਕ ਇਹ ਨਾ ਕਰ ਸਕਣ ਉਹ ਪਹਿਲਾਂ ਸਿਤਕਾਰੀ ਦਾ ਅਭਿਆਸ ਕਰਨ। ਜੀਭ ਦਾ ਅਗਲਾ ਹਿੱਸਾ ਬੁੱਲਾਂ ਤੋਂ ਬਾਹਰ ਕੱਢੋ, ਸ੍ਵਾਸ ਅੰਦਰ ਲੈਂਦੇ ਹੋਏ ਫੁੰਕਾਰਾ ਮਾਰੋ, ਸ੍ਵਾਸ ਬਾਹਰ ਕੱਢਦੇ ਸਮੇਂ ਦੋਨੋਂ ਨਾਸਿਕਾ ਵਿਚੋਂ ਬਾਹਰ ਕੱਢੋ।

## ਸਿਤਕਾਰੀ ਪ੍ਰਾਣਾਯਾਮ

ਜੀਭ ਨੂੰ ਜਿਥੋਂ ਤਕ ਲੈ ਜਾ ਸਕੋ, ਪਿਛੇ ਲੈ ਜਾਓ। ਬੁੱਲ੍ਹ ਖੋਲ੍ਹ ਲਓ, ਦੰਦ ਪੀਚ ਲਓ, ਦੰਦਾਂ ਰਾਹੀਂ ਸ੍ਵਾਸ ਅੰਦਰ

ਲਓ, ਸ੍ਵਾਸਾਂ ਨਾਲ ਫੂੰਕਾਰਾ ਮਾਰੋ, ਦੋਨੋਂ ਨਾਸਿਕਾ ਰਾਹੀਂ ਸ੍ਵਾਸ ਬਾਹਰ ਕੱਢੋ; ਤਿੰਨ ਵਾਰੀ ਕਰੋ।

ਹੇਠ ਲਿਖੇ ਅਭਿਆਸ (ਸੁਰੀਆ ਭੇਦਨਾ, ਮੂਰਛਾ ਅਤੇ ਪਲਾਵਿਨੀ) ਇਹ ਕੇਵਲ ਇਕ ਚੰਗੇ ਯੋਗੀ ਦੀ ਨਿਗਰਾਨੀ ਹੇਠਾਂ ਹੀ ਕਰਨੇ ਚਾਹੀਦੇ ਹਨ ਇਨ੍ਹਾਂ ਨੂੰ ਕਿਤਾਬ ਤੋਂ ਪੜ੍ਹ ਕੇ ਕਦੇ ਵੀ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

## ਸੂਰੀਆ ਭੇਦਨਾ ਪ੍ਰਾਣਾਯਾਮ

ਇਸ ਅਭਿਆਸ ਵਿਚ ਸ੍ਵਾਸ ਸੱਜੀ ਨਾਸਿਕਾ ਨਾਲ ਅੰਦਰ ਕੀਤੇ ਜਾਂਦੇ ਹਨ, ਅੰਦਰ ਰੋਕ ਕੇ ਖੱਬੀ ਨਾਸਿਕਾ ਰਾਹੀਂ ਬਾਹਰ ਕੱਢੇ ਜਾਂਦੇ ਹਨ।

## ਮੂਰਛਾ ਪ੍ਰਾਣਾਯਾਮ

ਦੋਨੋਂ ਨਾਸਿਕਾ ਰਾਹੀਂ ਪੂਰੀ ਤਰ੍ਹਾਂ ਸ੍ਵਾਸ ਅੰਦਰ ਕਰੋ, ਠੋਡੀ ਨੂੰ ਹੇਠਾਂ ਕਰਦੇ ਹੋਏ ਹੌਲੀ ਹੌਲੀ ਬਾਹਰ ਕੱਢੋ।

## ਪਲਾਵਿਨੀ ਪ੍ਰਾਣਾਯਾਮ

ਪਲਾਵਿਨੀ ਪ੍ਰਾਣਾਯਾਮ ਸਭ ਤੋਂ ਵੱਧ ਉਨਤ ਅਭਿਆਸ ਹੈ। ਇਸ ਵਿਚ ਪਹਿਲਾਂ ਪੇਟ ਪੂਰੀ ਤਰ੍ਹਾਂ ਹਵਾ ਨਾਲ ਭਰ ਲਿਆ ਜਾਂਦਾ ਹੈ ਫੇਰ ਫੇਫੜੇ ਪੂਰੀ ਤਰ੍ਹਾਂ ਭਰ ਲਏ ਜਾਂਦੇ ਹਨ, ਸ੍ਵਾਸ ਅੰਦਰ ਹੀ ਰੱਖੇ ਜਾਂਦੇ ਹਨ ਤੇ ਫੇਰ ਬਾਹਰ ਕੱਢੇ ਜਾਂਦੇ ਹਨ। ਸ੍ਵਾਸ ਅੰਦਰ ਲੈਣਾ, ਅੰਦਰ ਰੱਖਣਾ ਅਤੇ ਬਾਹਰ ਕੱਢਣਾ ਜਿੰਨੀ ਵਾਰੀ ਚਾਹੋ ਕਰ ਸਕਦੇ ਹੋ, ਅੰਤ ਵਿਚ ਹਵਾ ਮੂੰਹ ਵਿਚ ਰੱਖ ਕੇ ਚੂਲੀ ਕਰਨ ਦੀ ਤਰ੍ਹਾਂ ਕੀਤਾ ਜਾਂਦਾ ਹੈ।

ਪ੍ਰਾਣਾਯਾਮ ਦੇ ਕਈ ਹੋਰ ਵੀ ਬਹੁਤ ਹੀ ਸੂਖਮ ਭੇਦ ਹਨ ਪਰ ਉਹ ਕੇਵਲ ਚੰਗੇ ਵਿਸਤ੍ਰਿਤ ਯੋਗੀਆਂ ਵਾਸਤੇ ਹੀ ਹਨ, ਇਹੋ ਜਿਹੇ ਅਭਿਆਸ ਪਹੁੰਚੇ ਹੋਏ ਯੋਗੀ ਹੀ ਆਪਣੇ ਸਾਧਕਾਂ ਨੂੰ ਦਸਦੇ ਹਨ।

ਪੰਤਾਂਜਲੀ ਯੋਗ ਸੂਤਰ ਨੂੰ ਸੂਤਰਬੱਧ ਕਰਨ ਵਾਲਾ ਜਦੋਂ ਵੱਖ-ਵੱਖ ਤਰੀਕਿਆਂ ਦੀ ਵਿਆਖਿਆ ਕਰਦਾ ਹੈ ਤੇ ਦਸਦਾ ਹੈ ਕਿ ਮਨ ਨੂੰ ਕਿਵੇਂ ਕਾਬੂ ਕੀਤਾ ਜਾਵੇ, ਉਸ ਵਿਚ ਉਹ ਪ੍ਰਾਣਾਯਾਮ ਦਾ ਨਾਮ ਵੀ ਲੈਂਦਾ ਹੈ। ਸ੍ਵਾਸ ਵਿਗਿਆਨ ਦੀ ਸਾਰੀ ਵਿਆਖਿਆ 1:34 ਸੂਤਰ ਵਿਚ ਦਿਤੀ ਗਈ ਹੈ। ਇਥੇ ਪੰਤਾਜਲ ਨੇ ਸ੍ਵਾਸ ਅੰਦਰ ਲੈਣ ਲਈ, ਬਾਹਰ ਕੱਢਣ ਲਈ ਅਤੇ ਅੰਦਰ ਰੱਖਣ ਲਈ ਵੱਖ-ਵੱਖ ਸ਼ਬਦ ਵਰਤੇ ਹਨ। ਪੰਤਾਜਲ ਅਨੁਸਾਰ ਸ੍ਵਾਸ ਰੋਕਣ ਤੇ ਕਾਬੂ ਪਾਉਣ ਨੂੰ ਹੀ ਪ੍ਰਾਣਾਯਾਮ ਕਹਿੰਦੇ ਹਨ। ਭਾਵ ਹੈ ਸ੍ਵਾਸ ਕੰਟਰੋਲ ਕਰਨਾ, ਸ੍ਵਾਸ ਕੱਢਣਾ ਤੇ ਸ੍ਵਾਸ ਰੋਕ ਕੇ ਵਧਾਉਣਾ ਹੀ ਪ੍ਰਾਣਾਯਾਮ ਹੈ। ਸੰਸਕ੍ਰਿਤ ਵਿਚ ਰੋਕਣ ਨੂੰ ਕੁੰਭਕ ਕਹਿੰਦੇ ਹਨ। ਇਸ ਪ੍ਰਕਾਰ ਇਹ ਇਕ ਸੂਤਰ ਰੂਪ ਵਿਚ ਸੁਚੱਜੇ ਗੁਰੂ ਲਈ ਹੈ ਜਿਹੜਾ ਆਪਣੇ ਸਾਧਕਾਂ ਨੂੰ ਦਸ ਸਕੇ। ਵਾਸਤਵ ਵਿਚ ਪ੍ਰਾਣਾਯਾਮ ਸ੍ਵਾਸ ਰੋਕਣਾ ਹੈ, ਭਾਵ ਵੱਖ-ਵੱਖ ਲੇਖਕਾਂ ਨੇ ਇਸ ਨੂੰ ਵੱਖ-ਵੱਖ ਤਰ੍ਹਾਂ ਦੱਸਣ ਦੀ ਕੋਸ਼ਿਸ਼ ਕੀਤੀ ਹੈ। ਸ੍ਵਾਸ ਅਭਿਆਸ ਸਾਰੇ ਹੀ ਕੰਟਰੋਲ ਕਰਨ ਲਈ, ਸ੍ਵਾਸ ਕੱਢਣ ਲਈ ਤੇ ਵਧੇਰੇ ਸਮੇਂ ਲਈ ਅੰਦਰ ਰੱਖਣ ਲਈ ਹਨ। ਇਸ ਤਰ੍ਹਾਂ ਪ੍ਰਾਣਾਯਾਮ ਕੇਵਲ ਸ੍ਵਾਸ ਰੋਕਣਾ ਹੈ।

# ਕੁੰਭਕ

ਹੱਠ ਯੋਗ ਪੁਸਤਕਾਂ ਵਿਚ ਕੁੰਭਕ ਦੇ ਅੱਠ ਭੇਦ ਦੱਸੇ ਗਏ ਹਨ। ਇਹ ਪ੍ਰੈਕਟੀਕਲ ਵਿਸ਼ਾ ਹੈ, ਚੰਗੇ ਪਹੁੰਚੇ ਹੋਏ ਯੋਗੀ ਹੀ ਸ੍ਵਾਸ ਰੋਕਣ ਦਾ ਰਹੱਸ ਤੇ ਵਿਧੀ ਜਾਣਦੇ ਹਨ, ਕੁੰਭਕ ਇਕ ਪਹੁੰਚੇ ਹੋਏ ਯੋਗੀ ਦੇ ਸਾਥ ਵਿਚ ਹੀ ਕਰਨੇ ਚਾਹੀਦੇ ਹਨ, ਇਹ ਕਦੀ ਵੀ ਕਿਤਾਬਾਂ ਪੜ੍ਹ ਕੇ ਨਹੀਂ ਕਹਿਣੇ ਚਾਹੀਦੇ, ਨਾ ਹੀ ਬੰਨ੍ਹ ਲਾਉਣ ਤੋਂ ਬਿਨਾਂ ਇਨ੍ਹਾਂ ਦਾ ਅਭਿਆਸ ਕਰਨਾ ਚਾਹੀਦਾ ਹੈ।

## ਬੰਨ੍ਹ ਲਗਾਉਣੇ

ਸਾਰੇ ਸਾਧਕਾਂ ਨੂੰ ਇਹ ਚੇਤਾਵਨੀ ਦਿਤੀ ਜਾਂਦੀ ਹੈ ਕਿ ਬੰਨ੍ਹ ਲਗਾਏ ਬਿਨਾਂ ਕੁੰਭਕ ਦਾ ਅਭਿਆਸ ਨਹੀਂ ਕਰਨਾ ਚਾਹੀਦਾ ਭਾਵ ਸ੍ਵਾਸ ਨਹੀਂ ਰੋਕਣੇ ਚਾਹੀਦੇ, ਬੰਨ੍ਹ ਤਾਲੇ ਦੀ ਤਰ੍ਹਾਂ ਹੁੰਦੇ ਹਨ। ਤਿੰਨ ਪ੍ਰਕਾਰ ਦੇ ਬੰਨ੍ਹ ਹੁੰਦੇ ਹਨ - ਜਲੰਧਰ ਬੰਨ੍ਹ ਭਾਵ ਠੋਡੀ ਦਾ ਤਾਲਾ, ਉਦਿਆਨ ਬੰਨ, ਪੇਟ ਦਾ ਬੰਨ ਭਾਵ ਮੂਲਧਾਰ ਬੰਨ੍ਹ।

## ਜਾਲੰਧਰ ਬੰਨ੍ਹ

ਅੰਦਰ ਤੇ ਬਾਹਰ ਦੀਆਂ carotid ਨਾੜੀਆਂ ਜਿਹੜੀਆਂ ਦਿਮਾਗ ਨੂੰ ਖੂਨ ਪਹੁੰਚਾਉਂਦੀਆਂ ਹਨ ਤੇ ਗਰਦਨ ਦੇ ਦੋਨੋਂ ਪਾਸੇ ਹਨ। ਜਦੋਂ ਸੁਚੇਤ ਹੋ ਕੇ ਇਨ੍ਹਾਂ

ਤੇ ਭਾਰ ਪਾਇਆ ਜਾਂਦਾ ਹੈ, ਠੋਡੀ ਰਾਹੀਂ ਬੰਨ੍ਹ ਲਗਾਇਆ ਜਾਂਦਾ ਹੈ ਤਾਂ ਦਿਮਾਗ ਵਿਚ ਜਾਣ ਵਾਲੀ ਨਾੜੀ ਦਬ ਜਾਂਦੀ ਹੈ, ਸਰੀਰ ਨਿਸਲ ਹੋ ਜਾਂਦਾ ਹੈ, ਸਮਾਧੀ ਵਰਗੀ ਸਥਿਤੀ ਹੋ ਜਾਂਦੀ ਹੈ। ਇਸ ਉਕਸਾਹਟ ਨਾਲ ਹਿਰਦੇ ਦੀ ਗਤੀ ਵੀ ਹੌਲੀ ਹੋ ਜਾਂਦੀ ਹੈ ਤੇ ਵਿਗਿਆਨ ਨਾੜੀ ਜਿਸ ਨੂੰ ਚੇਤਨ ਨਾੜੀ ਵੀ ਕਿਹਾ ਜਾ ਸਕਦਾ ਹੈ, ਉਸ ਨੂੰ ਸੁਚੇਤ ਹੋ ਕੇ ਕਾਬੂ ਕੀਤਾ ਜਾ ਸਕਦਾ ਹੈ।

ਸ਼ਿਵਸੰਹਿਤਾ (Shivasamhita) ਵਿਚ ਦੱਸਿਆ ਗਿਆ ਹੈ ਕਿ carotid ਸਾਈਨਸ ਤੇ ਦਬਾ ਪਾ ਕੇ ਬਹੁਤ ਹੀ ਅਨੰਦ ਦਾ ਅਨੁਭਵ ਹੁੰਦਾ ਹੈ ਭਾਵ ਜਦੋਂ ਠੋਡੀ ਬੰਨ੍ਹ ਲਾਇਆ ਜਾਂਦਾ ਹੈ ਸੁਆਸ ਅੰਦਰ ਕਰਦੇ ਸਮੇਂ, ਬਾਹਰ ਕਰਦੇ ਸਮੇਂ, ਵਿਗਿਆਨ ਨਾੜੀ ਤੇ ਕਾਬੂ ਪਾਉਣਾ ਸੌਖਾ ਹੋ ਜਾਂਦਾ ਹੈ। ਇਸ ਤਰ੍ਹਾਂ ਕਰਨ ਵਿਚ ਬਹੁਤ ਸਮਾਂ ਲਗਦਾ ਹੈ, ਕਈ ਵਾਰੀ ਤਾਂ ਸਾਲ ਹੀ ਲਗ ਜਾਂਦੇ ਹਨ, ਯੋਗੀਆਂ ਨੂੰ ਵਿਗਿਆਨ ਨਾੜੀ ਤੇ ਬੰਨ੍ਹ ਲਗਾਉਣ ਨੂੰ ਕਈ ਸਾਲ ਲਗ ਜਾਂਦੇ ਹਨ।

ਜਦੋਂ ਠੋਡੀ ਤੇ ਬੰਨ੍ਹ ਲਗਾਇਆ ਜਾਂਦਾ ਤੇ ਸੁਆਸ ਰੋਕ ਲਿਆ ਜਾਂਦਾ ਹੈ, ਅੰਦਰ ਬੰਦ ਕੀਤੀ ਹਵਾ ਬਾਹਰ ਨਿਕਲਣ ਲਈ ਦੌੜਦੀ ਹੈ, ਭਾਵੇਂ ਗਲਾ ਬੰਦ ਵੀ ਕੀਤਾ ਹੋਵੇ। ਇਸ ਤਰ੍ਹਾਂ ਨਾਲ ਹਵਾ ਆਪਣਾ ਰਸਤਾ ਕੰਨਾਂ ਰਾਹੀਂ ਭਾਲਦੀ ਹੈ। ਕਈ ਵਾਰੀ ਕੰਨਾਂ ਦੀਆਂ ਨਾੜੀਆਂ ਵਿਚ ਨੁਕਸ ਵੀ ਪੈ ਜਾਂਦੇ ਹਨ। ਇਸ ਕਰਕੇ ਜਾਲੰਧਰ ਬੰਨ੍ਹ ਲਗਾਇਆ ਜਾਂਦਾ ਹੈ ਤਾਂ ਜੋ ਕੋਈ ਨੁਕਸ ਨਾ ਪੈਣ। ਪਹਿਲਾਂ ਗਲਾ ਘੰਡੀ ਬੰਦ ਕੀਤੀ ਜਾਂਦੀ ਹੈ, ਫੇਰ ਠੋਡੀ ਬੰਨ੍ਹ ਲਗਾ ਕੇ ਕੁੰਭਕ ਦਾ ਅਭਿਆਸ ਕੀਤਾ ਜਾਂਦਾ ਹੈ।

## ਉਦਿਆਨ ਬੰਨ੍ਹ (ਪੇਟ ਨੂੰ ਉਪਰ ਚੁਕਣਾ)

ਉਦਿਆਨ ਬੰਨ੍ਹ ਵਿਚ ਡਾਇਫਰਾਮ, ਪਸਲੀਆਂ ਅਤੇ ਪੇਟ ਦੇ ਪੱਠਿਆਂ ਦੀ ਵਰਤੋਂ ਹੁੰਦੀ ਹੈ, ਇਸ ਦਾ ਅਭਿਆਸ ਖੜ੍ਹੇ ਹੋ ਕੇ ਵੀ ਕੀਤਾ ਜਾ ਸਕਦਾ ਹੈ ਬੈਠ ਕੇ ਵੀ ਕੀਤਾ ਜਾ ਸਕਦਾ ਹੈ। ਖੜ੍ਹੇ ਹੋ ਕੇ ਪੈਰ ਇਕ ਦੂਸਰੇ ਤੋਂ ਦੋ ਫੁੱਟ ਦੀ ਦੂਰੀ ਤੇ ਹੋਣ, ਗੀੜ੍ਹ ਦੀ ਹੱਡੀ ਸਿੱਧੀ ਰੱਖੋ, ਗੋਡੇ ਥੋੜ੍ਹੇ ਜਿਹੇ ਝੁਕਾਓ ਅੱਗੇ ਨੂੰ ਹੋਵੋ ਤਾਂ ਜੋ ਤੁਸੀਂ ਹਥੇਲੀਆਂ ਗੋਡਿਆਂ ਤੇ ਰੱਖ ਸਕੋ। ਪੂਰੀ ਤਰ੍ਹਾਂ ਸੁਆਸ ਬਾਹਰ ਕੱਢੋ, ਠੋਡੀ ਗਰਦਨ ਦੇ ਡੂੰਘ ਵਿਚ ਰੱਖੋ। ਬਿਨਾਂ ਸੁਆਸ ਅੰਦਰ ਲਏ ਪੇਟ ਨੂੰ ਉਪਰ ਨੀਚੇ ਕਰੋ, ਧੁੰਨੀ ਨੂੰ ਗੀੜ੍ਹ ਦੀ ਹੱਡੀ ਵਲ ਧੱਕੋ। ਇਸ ਤਰ੍ਹਾਂ ਕਰਨ ਨਾਲ ਡਾਇਫਰਾਮ ਉਪਰ ਉਠਦਾ ਹੈ ਤੇ ਇਕ ਡੂੰਘ ਜਿਹਾ ਬਣ ਜਾਂਦਾ ਹੈ। ਇਹ ਪਸਲੀਆਂ ਦੇ ਥੱਲੇ ਬਣਦੀ ਹੈ। ਪਿੱਠ ਥੋੜ੍ਹੀ ਜਿਹੀ ਟੇਡੀ ਹੋਵੇਗੀ। ਜਦੋਂ ਤਕ ਆਰਾਮ ਨਾਲ ਇਸ ਤਰ੍ਹਾਂ ਕਰ ਸਕੋ, ਕਰੋ ਫੇਰ ਹੌਲੀ ਹੌਲੀ ਸੁਆਸ ਅੰਦਰ ਲਓ ਤੇ ਆਰਾਮ ਕਰੋ।

## ਮੂਲ ਬੰਨ੍ਹ

ਮੂਲ ਬੰਨ੍ਹ ਦਾ ਗੁਦਾ ਬੰਨ੍ਹ ਇਸ ਅਭਿਆਸ ਵਿਚ sphinster ਪੱਠੇ ਇਕੱਠੇ ਕੀਤੇ ਜਾਂਦੇ ਹਨ - ਦੋਨੋਂ ਹੀ ਅੰਦਰ ਵਾਲੇ ਵੀ ਤੇ ਬਾਹਰ ਵਾਲੇ ਵੀ। ਇਹ ਬੰਨ੍ਹ ਪ੍ਰਾਣਾਯਾਮ ਅਤੇ ਧਿਆਨ ਲਗਾਉਣ ਸਮੇਂ ਕੀਤਾ ਜਾਂਦਾ ਹੈ।

L L L L L L L

(ਪੰਨਾ 18 ਦੀ ਬਾਕੀ)

ਹੀ ਸਿਮਰਨ ਕਰਦਾ ਹੈ, ਨਿਰੰਤਰ ਮੇਰੇ ਨਾਲ ਹੀ ਜੁੜਿਆ ਰਹਿੰਦਾ ਹੈ, ਉਹ ਯੋਗੀ ਮੈਨੂੰ ਸੌਖਾ ਹੀ ਆ ਮਿਲਦਾ ਹੈ।

15. ਉਹ ਮਹਾਤਮਾ ਜਿਹੜੇ ਮੈਨੂੰ ਪ੍ਰਾਪਤ ਹੁੰਦੇ ਹਨ, ਉਹ ਸਭ ਦੁਖਾਂ ਤੋਂ ਮੁਕਤ ਹੋ ਜਾਂਦੇ ਹਨ, ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਪਾ ਲੈਂਦੇ ਹਨ, ਪਰਮ ਸਿੱਧੀ, ਪਰਮ ਗਤੀ ਨੂੰ ਪ੍ਰਾਪਤ ਹੋ ਜਾਂਦੇ ਹਨ।

16. ਹੇ ਅਰਜਨ! ਬ੍ਰਹਮ ਲੋਕ ਤਕ ਜਿੰਨੇ ਲੋਕ ਹਨ ਉਨ੍ਹਾਂ ਸਭ ਨੂੰ ਜਨਮ ਮਰਨ ਵਿਚ ਆਉਣਾ ਪੈਂਦਾ ਹੈ। ਹੇ ਕੌਂਤਯ! ਮੈਨੂੰ ਪ੍ਰਾਪਤ ਹੋਣ ਤੋਂ ਬਾਅਦ ਜਨਮ ਮਰਨ ਦੇ ਚੱਕਰ ਵਿਚੋਂ ਨਿਕਲ ਜਾਂਦੇ ਹਨ।

ਜਦੋਂ ਜਗਿਆਸੂ ਆਪਣੀ ਹੋਂਦ ਦਾ ਨਰੀਖਣ ਕਰਦਾ ਹੈ ਉਹ ਮਹਿਸੂਸ ਕਰਦਾ ਹੈ ਕਿ ਇਹ ਸੰਸਾਰ ਚਲਾਏਮਾਨ ਹੈ ਫੇਰ ਉਹ ਆਪਣਾ ਮਨ ਕੇਵਲ ਪ੍ਰਮਾਤਮਾ ਤੇ ਹੀ ਇਕਾਗਰ ਕਰਦਾ ਹੈ ਤੇ ਸਦਾ ਉਸੇ ਨੂੰ ਹੀ ਚੇਤੇ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਨਿਰੰਤਰ ਪ੍ਰਭੂ ਸਿਮਰਨ ਨਾਲ ਮਨ ਇਕਾਗਰ ਰਹਿੰਦਾ ਹੈ, ਚਿੱਤ ਬਿਰਤੀਆਂ ਖਿੰਡਦੀਆਂ ਨਹੀਂ। ਇਸ ਤਰ੍ਹਾਂ ਕਰਦਿਆਂ ਉਹ ਆਪਣੀ ਉਸ ਸਦੈਵੀ ਸਤਿ ਚੇਤਨਤਾ ਨਾਲ ਬਣਾ ਲੈਂਦਾ ਹੈ। ਇਹੋ ਜਿਹਾ ਯੋਗੀ ਬਾਰ-ਬਾਰ ਨਹੀਂ ਜੰਮਦਾ ਮਰਦਾ, ਉਹ ਚੌਰਾਸੀ ਦੇ ਗੇੜ ਵਿਚ ਨਹੀਂ ਪੈਂਦਾ। ਉਸ ਨੂੰ ਜਨਮ ਮਰਨ ਦੇ ਗੇੜੇ ਕੱਟਣ ਦੀ ਲੋੜ ਹੀ ਨਹੀਂ, ਉਹ ਤਾਂ ਮੁਕਤ ਹੋ ਚੁੱਕਾ ਹੈ, ਚੌਰਾਸੀ ਦਾ ਗੇੜ ਉਸ ਉਤੇ ਲਾਗੂ ਹੀ ਨਹੀਂ ਹੁੰਦਾ।

L L L L L L L

# ਸਾਈ ਨਾਮੁ ਅਮੋਲੁ
## (ਨਾਮ ਤੇ ਪ੍ਰਤੀਤ, ਨਾਮ ਦੀ ਮਹਿਮਾ ਤੇ ਪ੍ਰਤੀਤ)

***ਸੰਤ ਵਰਿਆਮ ਸਿੰਘ ਜੀ***
***ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 30)*

ਗੁਰੂ ਨਾਨਕ ਪਾਤਸ਼ਾਹ ਜੀ ਨੇ ਵੀ ਮੁਲਤਾਨੀ ਰਾਮ ਨੂੰ ਮਾਇਆ ਦਿਖਾਈ ਸੀ। 22 ਸਾਲ ਗੁਜਰਨ ਪਿਛੋਂ ਵੀ ਉਸ ਨੂੰ ਪਤਾ ਨਹੀਂ ਸੀ ਲੱਗਿਆ। ਕਚਿਹਰੀ ਵਿਚ ਉਸ ਦਾ ਕੇਸ ਲੱਗਿਆ ਤੇ ਦੋ ਮੁਲਤਾਨੀ ਰਾਮ ਬਣ ਗਏ - ਇਕ ਮੁਲਤਾਨ ਦਾ ਤੇ ਇਕ ਲਹੌਰ ਦਾ। ਸੂਬੇ ਨੂੰ ਵੀ ਸਮਝ ਨਾ ਆਵੇ ਕਿ ਫੈਸਲਾ ਕਿਸ ਤਰ੍ਹਾਂ ਕਰੇ, ਕਿਉਂਕਿ ਦੋਹਾਂ ਦੀ ਜਨਮ ਤਿਥੀ ਇਕੋ ਹੈ। ਦੋਹਾਂ ਥਾਵਾਂ ਤੇ ਸ਼ਾਦੀ ਹੋਈ ਹੋਈ ਹੈ ਤੇ ਦੋਵੇਂ ਥਾਂਈ ਬੱਚੇ ਹਨ। ਮੁਲਤਾਨ ਵਾਲੇ ਕਹਿੰਦੇ ਸਾਡਾ ਹੈ ਅਤੇ ਲਹੌਰ ਵਾਲੇ ਕਹਿਣ ਸਾਡਾ ਹੈ ਪਰ ਬੰਦਾ ਇਕੋ ਹੈ। ਇਹ ਕਿਵੇਂ ਹੋ ਸਕਦੈ। ਸਮਝ ਨਹੀਂ ਆਉਂਦੀ। ਕਿਸੇ ਗੁਰੂ ਪੀਰਾਂ ਦੀ ਗੱਲ ਹੈ। ਅਖੀਰ ਪਤਾ ਲਗਿਆ ਕਿ ਗੁਰੂ ਨਾਨਕ ਸਾਹਿਬ ਰਾਵੀ ਦੇ ਕੰਢੇ ਠਹਿਰੇ ਹੋਏ ਹਨ ਤੇ ਕਿਹਾ, ਉਥੇ ਫੈਸਲਾ ਕਰਵਾਓ। ਉਥੋਂ ਜਦੋਂ ਫੈਸਲਾ ਕਰਵਾਉਣ ਗਏ ਤਾਂ ਮਹਾਰਾਜ ਕਹਿਣ ਲੱਗੇ, ਭਾਈ! ਦੋਹਾਂ ਵਿਚੋਂ ਜਿਸ ਦਾ ਹੈ ਲੈ ਜਾਓ। ਸਾਨੂੰ ਇਹਦੇ ਵਿਚ ਕੀ ਪਤੈ? ਅਖੀਰ ਮਹਾਰਾਜ ਨੇ ਦਇਆ ਕੀਤੀ ਤੇ ਮੁਲਤਾਨੀ ਰਾਮ ਵੱਲ ਨਿਗਾਹ ਕੀਤੀ। ਹੈਰਾਨ ਹੋ ਗਿਆ ਕਿ ਨਾ ਕਿਤੇ ਦਰਿਆ ਵਿਚ ਨਹਾਉਣ ਗਿਆ ਹੈ, ਨਾ ਮੁਲਤਾਨ ਗਿਆ ਹੈ ਤੇ ਨਾ ਕੋਈ ਮੁਕਦਮਾ ਚਲਦੈ। ਕਹਿਣ ਲੱਗਿਆ, "ਮਹਾਰਾਜ! ਇਹ ਕੀ ਕੌਤਕ ਹੈ?" ਮਹਾਰਾਜ ਕਹਿਣ ਲੱਗੇ, "ਮੁਲਤਾਨੀ ਰਾਮ! ਹਾਲੇ ਤਾਂ ਇਕ ਮਿੰਟ ਹੀ ਹੋਇਆ ਹੈ।" ਮੁਲਤਾਨੀ ਕਹਿਣ ਲੱਗਿਆ ਕਿ ਮਹਾਰਾਜ ਮੈਨੂੰ ਤਾਂ ਮੁਲਤਾਨ ਵਾਲੇ ਬੱਚੇ ਚੇਤੇ ਆ ਰਹੇ ਹਨ ਤੇ ਘਰਵਾਲੀ ਦੀ ਯਾਦ ਆ ਰਹੀ ਹੈ, ਕਿਰਪਾ ਕਰਕੇ ਮੈਨੂੰ ਦਰਸ਼ਨ ਤਾਂ ਕਰਵਾ ਦਿਓ। ਮਹਾਰਾਜ ਨੇ ਕਿਹਾ, ਮੁਲਤਾਨੀ ਰਾਮ ਇਹ ਤਾਂ ਸਾਰੀ ਮਾਇਆ ਦੀ ਖੇਡ ਸੀ, ਤੂੰ ਮਾਇਆ ਦੀ ਖੇਡ ਵਿਚ ਫਸ ਗਿਆ, ਉਹ ਤਾਂ ਅਸੀਂ ਤੈਨੂੰ ਮਾਇਆ ਦਿਖਾਈ ਸੀ, ਦੇਖ ਲੈ ਮਾਇਆ ਕਿੰਨੀ ਪ੍ਰਬਲ ਹੁੰਦੀ ਹੈ। ਕਹਿਣ ਲੱਗਿਆ ਕਿ ਮਹਾਰਾਜ! ਮੇਰਾ ਮੁਕੱਦਮਾ ਕਿਤੇ ਨਹੀਂ ਚਲਿਆ? ਕਹਿਣ ਲੱਗੇ ਦੇਖ ਲੈ, ਆਹ ਸਾਰੀ ਸੰਗਤ ਬੈਠੀ ਹੈ ਤੇ ਵਿਚੇ ਤੂੰ ਬੈਠਾ ਹੈਂ, ਹਾਲੇ ਇਕ ਮਿੰਟ ਹੋਇਐ। ਦੋ ਮਿੰਟਾਂ ਵਿਚ ਇਕ ਸਾਲ ਲੰਘਾ ਦਿਤਾ। ਹੈਰਾਨ ਹੋਈ ਜਾਂਦੈ। ਇਸੇ ਤਰ੍ਹਾਂ ਅਰਜਨ ਹੈਰਾਨ ਹੋ ਰਿਹਾ ਹੈ। ਕ੍ਰਿਸ਼ਨ ਮਹਾਰਾਜ ਜੀ ਨੂੰ ਕਹਿ ਰਿਹਾ ਹੈ ਕਿ ਮੈਨੂੰ ਇਕ ਵਾਰੀ ਮੇਰੇ ਬੱਚਿਆਂ ਨੂੰ ਮਿਲਾ ਦਿਓ। ਉਹ ਕਹਿਣ ਲੱਗੇ, ਅਰਜਨ! ਇਹ ਤਾਂ ਅਣਹੋਈ ਖੇਡ ਸੀ। ਸੋ ਇਸ ਤਰ੍ਹਾਂ ਇਸ ਅਣਹੋਈ ਚੀਜ਼ ਨੂੰ ਮਾਇਆ ਕਹਿੰਦੇ ਹਨ।

ਰਾਜੇ ਜਨਕ ਦਾ ਜ਼ਿਕਰ ਕਰ ਰਹੇ ਹਾਂ ਜੋ ਕਿ ਬੜਾ ਧਰਮਾਤਮਾ ਸੀ ਪਰੰਤੂ ਪਹਿਲਾਂ ਇਸ ਤਰ੍ਹਾਂ ਦਾ ਨਹੀਂ ਸੀ। ਪਹਿਲਾਂ ਆਮ ਸਧਾਰਣ ਮਨੁੱਖਾਂ ਵਰਗਾ ਹੁੰਦਾ ਸੀ। ਇਕ ਵਾਰੀ ਇਹ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਗਿਆ। ਉਥੇ ਇਹੀ ਬਚਨ ਚਲ ਰਹੇ ਸੀ। ਕਹਿਣ ਲੱਗਿਆ, ਮਹਾਰਾਜ ਮਾਇਆ ਕਿਵੇਂ ਪੈ ਜਾਂਦੀ ਹੈ? ਮੈਂ ਤਾਂ ਮੰਨਦਾ ਨਹੀਂ। ਕਹਿਣ ਲੱਗੇ ਦੇਖੀਂ, ਬਚ ਕੇ ਰਹੀਂ, ਤੇਰੇ ਤੇ ਵੀ ਮਾਇਆ ਪੈ ਜਾਵੇਗੀ। ਬੇਨਤੀ ਕੀਤੀ ਕਿ ਮਹਾਰਾਜ ਕਿਰਪਾ ਕਰਿਓ, ਮੇਰੇ ਉਤੇ ਕਿਤੇ ਸਖਤ ਮਾਇਆ ਨਾ ਪਾਇਓ, ਹਲਕੀ ਜਿਹੀ ਪਾਇਓ। ਕਹਿਣ ਲੱਗੇ, ਤੂੰ ਹਲਕੀ ਮਾਇਆ ਪੈਣ ਤੇ ਵੀ ਭੁੱਲ ਜਾਵੇਂਗਾ।

ਇਕ ਵੇਰਾਂ ਦਾ ਜ਼ਿਕਰ ਹੈ ਕਿ ਗਰਮੀ ਦਾ ਮਹੀਨਾ ਹੈ ਅਤੇ ਮਹਿਲਾਂ ਦੇ ਅੰਦਰ ਠੰਢਾ ਰੱਖਣ ਵਾਸਤੇ ਖਸ-ਖਸ ਦੇ ਪੜਦੇ ਲੱਗੇ ਹੋਏ ਹਨ ਅਤੇ ਬਾਹਰਲੇ ਪਾਸੇ ਪਹਿਰੇਦਾਰ ਪਹਿਰਾ ਦੇ ਰਹੇ ਹਨ। ਇਸ ਨੂੰ ਥੋੜੀ ਜਿਹੀ ਨੀਂਦ ਆ ਗਈ ਤੇ ਉਸ ਵਿਚ ਸੁਪਨਾ ਚਲ ਪਿਆ। ਸੁਪਨੇ ਵਿਚ ਕੀ ਦੇਖਦਾ ਹੈ ਕਿ ਰਾਜ ਕਰ ਰਿਹੈ। ਪਰ ਕਿਸੇ ਕਾਰਨ ਇਸ ਦੀ ਪਰਜਾ ਇਸ ਦੇ ਖਿਲਾਫ ਹੋ ਗਈ। ਪਰਜਾ ਦੂਜੇ ਦੇਸ਼ ਦੇ ਰਾਜੇ ਨਾਲ ਜਾ ਕੇ ਮਿਲ ਗਈ ਤੇ ਕਿਹਾ ਕਿ ਸਾਡਾ ਰਾਜਾ ਬੜਾ ਅਨਿਆਂਕਾਰੀ ਹੋ ਗਿਆ ਹੈ, ਤੂੰ ਉਸ ਤੇ ਹਮਲਾ ਕਰ, ਅਸੀਂ ਤੇਰਾ ਸਾਥ ਦਿਆਂਗੇ ਅਤੇ ਫੌਜ ਵੀ ਤੇਰਾ ਸਾਥ ਦੇਵੇਗੀ ਕਿਉਂਕਿ ਜਿਹੜਾ ਰਾਜਾ ਇਨਸਾਫ ਨਾ ਕਰ ਸਕੇ ਅਤੇ ਪਰਜਾ ਦਾ ਦਿਲ ਨਾ ਜਿਤ ਸਕੇ, ਉਸ ਰਾਜੇ ਦਾ ਤਖਤ ਤੇ ਬੈਠਣ ਦਾ ਕੋਈ ਹੱਕ ਨਹੀਂ ਹੁੰਦਾ ਕਿਉਂਕਿ 'ਰਾਜੇ ਚੁਲੀ ਨਿਆਉਂ ਕੀ' ਰਾਜੇ ਦਾ ਧਰਮ ਕੇਵਲ ਨਿਆਂ ਕਰਨਾ ਹੁੰਦਾ ਹੈ। ਮੰਦਰਾਂ, ਮਸਜਿਦਾਂ ਵਿਚ ਜਾਵੇ ਨਾ ਜਾਵੇ, ਪਾਠ ਪੂਜਾ ਕਰੇ ਨਾ ਕਰੇ, ਉਸ ਦਾ ਕੰਮ ਕੇਵਲ ਨਿਆਂ ਕਰਨਾ ਹੁੰਦਾ ਹੈ। ਜੇਕਰ ਉਹ ਨਿਆਂ ਕਰਦਾ ਹੈ ਤਾਂ ਉਹ ਫਰਜ਼ ਦਾ ਪੂਰਾ ਹੈ, ਜੇਕਰ ਨਿਆਂ ਨਹੀਂ ਕਰਦਾ ਤੇ ਇਨਸਾਫ ਨਹੀਂ ਦਿੰਦਾ ਤਾਂ ਰਾਜ ਕਰਨ ਦਾ ਉਸ ਦਾ ਕੋਈ ਹੱਕ ਨਹੀਂ ਹੋਇਆ ਕਰਦਾ। ਸੋ ਦੂਸਰੇ ਰਾਜੇ ਦਾ ਇਸ ਤੇ ਹਮਲਾ ਹੋ ਗਿਆ ਤੇ ਇਹ ਹਾਰ ਗਿਆ ਤੇ ਇਸ ਦੇ ਸਾਰੇ ਵਸਤਰ ਉਤਾਰ ਦਿਤੇ, ਬਹੁਤ ਬੇਇਜ਼ਤੀ ਕੀਤੀ, ਕੁਟ ਮਾਰ ਵੀ ਕੀਤੀ ਤੇ ਦੂਜੇ ਰਾਜੇ ਨੇ ਹੁਕਮ ਦੇ ਦਿਤਾ ਕਿ ਇਸ ਨੂੰ ਦੇਸ਼ ਵਿਚੋਂ ਕੱਢ ਦਿਓ। ਆਪਣੀਆਂ ਰਾਣੀਆਂ ਵੱਲ ਦੇਖਦਾ ਹੈ, ਰਾਣੀਆਂ ਇਸ ਵੱਲ ਦੇਖਦੀਆਂ ਹੀ ਨਹੀਂ ਸਗੋਂ ਬੁਰਾ ਭਲਾ ਕਹਿੰਦੀਆਂ ਹਨ। ਸਿਪਾਹੀਆਂ ਨੂੰ ਹੁਕਮ ਦੇ ਦਿਤਾ ਕਿ ਇਸ ਨੂੰ ਕੋਈ ਰੋਟੀ ਪਾਣੀ ਨਾ ਦੇਵੇ ਤੇ ਜਿਹੜਾ ਇਸ ਦਾ ਸਤਿਕਾਰ ਕਰੇ, ਉਸ ਨੂੰ ਸਜ਼ਾ ਦੇਵੋ।

ਰਾਜਾ ਜਨਕ ਕੜਕਦੀ ਧੁੱਪ ਵਿਚ ਨੰਗੇ ਪੈਰੀਂ ਇਕ ਕੰਗਾਲ ਦੀ ਹਾਲਤ ਵਿਚ ਜਾ ਰਿਹਾ ਹੈ, ਧੁੱਪ ਨਾਲ ਪੈਰ ਸੜ ਗਏ ਤੇ ਛਾਲੇ ਪੈ ਗਏ। ਭੁਖਾ ਤਿਹਾਇਆ ਤੁਰਿਆ ਜਾ ਰਿਹਾ ਹੈ, ਲੋਕੀਂ ਇੱਟਾਂ ਵੱਟੇ ਮਾਰਦੇ ਨੇ ਤੇ ਕਈ ਬੁਰਾ ਭਲਾ ਕਹਿ ਰਹੇ ਹਨ। ਇਕ ਦਿਨ ਬੀਤਿਆ, ਰਾਤ ਕੱਟੀ, ਦੂਜੇ ਦਿਨ ਫੇਰ

ਉਹੀ ਸਿਲਸਿਲਾ ਸ਼ੁਰੂ ਹੋ ਗਿਆ, ਬੱਚੇ ਤੰਗ ਕਰਦੇ ਹਨ, ਇੱਟਾਂ ਵੱਟੇ ਮਾਰਦੇ ਨੇ, ਅਖੀਰ ਰਾਜ ਦੀ ਹੱਦ ਤੋਂ ਬਾਹਰ ਟੱਪ ਗਿਆ। ਸਰੀਰ ਦੀ ਹਾਲਤ ਦੇਖਦਾ ਹੈ ਕਿ ਥਾਂ ਥਾਂ ਤੇ ਖ਼ੂਨ ਚਲ ਰਿਹਾ ਹੈ, ਭੁੱਖ ਨਾਲ ਜਾਨ ਨਿਕਲਣ ਵਾਲੀ ਹੋ ਗਈ, ਬੇਰੀ ਦੇ ਮੁਢ ਤੇ ਬੈਠ ਕੇ ਸੋਚਣ ਲਗਿਆ ਹੋਇਆ ਹੈ ਕਿ ਮੈਂ ਹੁਣ ਕੀ ਕਰਾਂ? ਥੋੜ੍ਹੀ ਦੂਰ ਤੇ ਇਕ ਅੰਨ ਛੇਤਰ (ਲੰਗਰ) ਚੱਲ ਰਿਹਾ ਸੀ ਤੇ ਕਾਫੀ ਇਕੱਠ ਸੀ। ਉਠ ਕੇ ਉਥੇ ਚਲਾ ਗਿਆ। ਉਥੇ ਖਿਚੜੀ ਦਾ ਲੰਗਰ ਵਰਤ ਰਿਹਾ ਸੀ, ਇਹ ਵੀ ਲਾਇਨ ਵਿਚ ਖੜ੍ਹਾ ਹੋ ਗਿਆ। ਜਦ ਵਰਤਾਉਣ ਵਾਲਾ ਨੇੜੇ ਆਇਆ ਤਾਂ ਉਹ ਕਹਿਣ ਲੱਗੇ, ਪ੍ਰੇਮੀਆਂ! ਹੱਥਾਂ ਤੇ ਖਿਚੜੀ ਕਿਵੇਂ ਦੇਈਏ, ਕੋਈ ਬਰਤਨ ਲਿਆ। ਬਰਤਨ ਲੈਣ ਵਾਸਤੇ ਪੈਸਾ ਨਹੀਂ ਸੀ। ਮੰਗਦਾ ਫਿਰਦੈ ਤੇ ਉਨੀਂ ਕੌਡੀਆਂ ਭਿਖਿਆ ਵਿਚ ਮਿਲੀਆਂ ਤੇ ਉਨ੍ਹਾਂ ਦਾ ਇਕ ਕਸੋਰਾ ਲੈ ਆਇਆ ਤੇ ਜਦੋਂ ਲਾਂਗਰੀ ਕੋਲ ਆਇਆ ਤਾਂ ਖਿਚੜੀ ਖਤਮ ਹੋ ਗਈ। ਰੋਣ ਲੱਗ ਪਿਆ ਤੇ ਕਹਿਣ ਲੱਗਿਆ ਕਿ ਮੈਂ ਤਿੰਨ ਦਿਨ ਦਾ ਭੁੱਖਾ ਹਾਂ, ਮੈਂ ਰਾਜਾ ਜਨਕ ਹਾਂ। ਮੈਨੂੰ ਮਾਰ ਕੇ ਕੱਢ ਦਿਤਾ, ਮੇਰਾ ਰਾਜ ਜਾਂਦਾ ਰਿਹਾ, ਤੁਸੀਂ ਤਾਂ ਮੇਰੇ ਤੇ ਦਇਆ ਕਰੋ, ਮੈਨੂੰ ਖਾਣ ਜੋਗੀ ਖਿਚੜੀ ਤਾਂ ਦੇ ਦੇਵੋ। ਕਹਿਣ ਲੱਗੇ, "ਹੁਣ ਤਾਂ ਖੁਰਚਣ ਹੈ।" ਇਸ ਨੇ ਕਿਹਾ, "ਇਹੀ ਦੇ ਦਿਓ।" ਬਰਤਨ ਵਿਚ ਪਾ ਕੇ ਉਨ੍ਹਾਂ ਨੇ ਕਿਹਾ ਕਿ ਉਥੋਂ ਘਿਓ ਪੁਆ ਲੈ। ਘੀ ਪੁਆ ਕੇ ਇਕ ਪਾਸੇ ਜਾ ਕੇ ਜਦੋਂ ਖਾਣ ਲਗਿਆ, ਉਥੇ ਦੋ ਸਾਂਢ ਭਿੜ ਰਹੇ ਸਨ, ਤੇ ਉਨ੍ਹਾਂ ਦੀ ਫੇਟ ਦੇ ਵਿਚ ਆ ਗਿਆ ਤੇ ਇਸ ਨੂੰ ਝਟਕਾ ਲੱਗਿਆ ਤੇ ਜਾਗ ਖੁਲ੍ਹ ਗਈ, ਤਾਂ ਕੀ ਦੇਖਦੈ ਕਿ ਮੈਂ ਤਾਂ ਮਹਿਲਾਂ ਵਿਚ ਪਿਆ ਹਾਂ, ਰਾਣੀਆਂ ਮੇਰੇ ਕੋਲ ਹਨ, ਫੌਜ ਬਾਹਰ ਸਾਰੀ ਪਹਿਰੇ ਤੇ ਖੜ੍ਹੀ ਹੈ ਤੇ ਇਹ ਹੋਇਆ ਕੀ? ਹੈਰਾਨ ਹੋ ਗਿਆ ਤੇ ਇਸ ਸੁਪਨੇ ਦੀ ਸਿਮ੍ਰਤੀ ਨਹੀਂ ਜਾਂਦੀ ਅਤੇ ਸੁਪਨਾ ਭੁਲਦਾ ਨਹੀਂ ਹੈ। ਸਾਧ ਸੰਗਤ ਜੀ! ਸੁਪਨੇ ਵਿਚ ਬੜੀ ਤਾਕਤ ਹੈ। ਮਹਾਰਾਜ ਫੁਰਮਾਨ ਕਰਦੇ ਹਨ ਕਿ ਇਹ ਸੰਸਾਰ ਕੁਝ ਵੀ ਨਹੀਂ ਹੈ, ਕੇਵਲ ਇਕ ਸੁਪਨਾ ਹੈ। ਇਸ ਸੁਪਨੇ ਵਿਚ ਅਸੀਂ ਐਨੇ ਭੁਲ ਗਏ ਹਾਂ, ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਲਾ ਲਿਆ ਮੂਰਖਾ,***
***ਚਿਤ ਨਾਲ ਸੁਪਨੇ ਦੇ –2, 2.***
***ਨਾਲ ਸੁਪਨੇ ਦੇ ਚਿਤ ਨਾਲ ਸੁਪਨੇ ਦੇ –2, 2.***
***ਲਾ ਲਿਆ ਮੂਰਖਾ ਚਿਤ,.................. –2.***

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥***
***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥***
***ਆਰਜਾ ਗਈ ਵਿਹਾਇ ਧੰਧੈ ਧਾਇਆ॥***
***ਪੂਰਨ ਭਏ ਨ ਕਾਮ ਮੋਹਿਆ ਮਾਇਆ॥***
***ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ॥***
***ਪੰਨਾ – 707***

ਸੁਪਨੇ ਦੇ ਨਾਲ ਚਿਤ ਲਾ ਲਿਆ –

***ਜਗਿ ਜੀਵਨੁ ਐਸਾ ਸੁਪਨੇ ਜੈਸਾ॥ ਪੰਨਾ – 482***

***ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ॥***
***ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ॥***
***ਪੰਨਾ – 63***

ਜਿਵੇਂ ਸੁਪਨੇ ਵਿਚ ਭੁਲ ਜਾਈਦੈ, ਇਸੇ ਤਰ੍ਹਾਂ ਅਸੀਂ ਦੁਰਮਤ ਦੇ ਵਿਚ, ਮਾਇਆ ਦੇ ਵਿਚ ਭੁਲੇ ਫਿਰਦੇ ਹਾਂ। ਰਾਜਾ ਜਨਕ ਭੁਲ ਗਿਆ। ਇਹ ਵੀ ਭੁਲ ਗਿਆ ਕਿ ਮੈਂ ਰਾਜਾ ਹਾਂ। ਇਹੀ ਸੋਚੀ ਜਾਂਦਾ ਹੈ ਕਿ ਮੇਰਾ ਰਾਜ ਨਹੀਂ ਹੁਣ ਰਿਹਾ, ਮੈਂ ਬਹੁਤ ਦੁਖੀ ਹਾਂ, ਮੈਨੂੰ ਪਰਜਾ ਨੇ ਕੱਢ ਦਿਤਾ। ਰਾਣੀਆਂ ਨੂੰ ਵੀ ਪਰਤੱਖ ਦੇਖ ਰਿਹਾ ਹੈ ਤੇ ਸੁਪਨੇ ਦੀ ਸਿਮ੍ਰਤੀ, ਦੋਵੇਂ ਪਰਤੱਖ ਰੂਪ ਸਾਮ੍ਹਣੇ ਖੜ੍ਹੇ ਹਨ। ਅਖੀਰ ਘੋੜੇ ਤੇ ਸਵਾਰ ਹੋ ਕੇ ਬਾਹਰ ਵੱਲ ਨੂੰ ਤੁਰ ਪਿਆ ਤੇ ਇਟਾਂ ਵੱਟੇ ਦੇਖਦੈ ਕਿ ਇਥੇ ਮਾਰੇ ਸੀ ਅਤੇ ਅੰਨ ਛੇਤਰ ਵਿਚ ਚਲਾ ਗਿਆ, ਉਥੇ ਵੀ ਇਸੇ ਤਰ੍ਹਾਂ ਹੈ ਤੇ ਬੇਰੀ ਦਾ ਮੁਢ ਵੀ ਦੇਖਿਆ ਤੇ ਸੁਪਨੇ ਦਾ ਅਧਿਆਸ ਹੋ ਗਿਆ। ਕਮਲਿਆਂ ਵਰਗੀ ਹਾਲਤ ਹੋ ਗਈ, ਕਿਸੇ ਦੀ ਗੱਲ ਨਹੀਂ ਸੁਣਦਾ, ਕਿਸੇ ਦਾ ਇਤਬਾਰ ਨਹੀਂ ਕਰਦਾ ਕਿ ਮੈਨੂੰ ਤਾਂ ਇਨ੍ਹਾਂ ਨੇ ਕੱਢ ਦਿਤਾ ਸੀ, ਆਹ ਕੀ ਹੋਇਆ, ਕੀ ਇਹ ਮੈਨੂੰ ਸੁਪਨਾ ਆ ਰਿਹਾ ਹੈ? ਇਹ ਸੁਪਨਾ ਹੈ ਜਾਂ ਉਹ ਸੁਪਨਾ ਹੈ? ਉਸ ਨੇ ਰਾਜ ਦੇ ਸਾਰੇ ਵਿਦਵਾਨ, ਰਿਸ਼ੀ, ਮੁਨੀ, ਪੰਡਤ ਤੇ ਵੇਦ ਗਿਆਤਾ ਸਾਰੇ ਬੁਲਾ ਲਏ। ਇਕ ਸਵਾਲ ਕੀਤਾ ਕਿ ਤੁਸੀਂ ਭਾਰਤ ਵਰਸ਼ ਦੇ ਬਹੁਤ ਵੱਡੇ ਮਹਾਂਪੁਰਸ਼ ਹੋ, ਮੇਰੇ ਇਕ ਸਵਾਲ ਦਾ ਜਵਾਬ ਦੇਵੋ ਕਿ ਇਹ ਸੱਚਾ ਹੈ ਕਿ ਉਹ ਸੱਚਾ ਹੈ? ਜਦ ਤੱਕ ਤੁਸੀ ਜਵਾਬ ਨਹੀਂ ਦਿੰਦੇ, ਉਦੋਂ ਤੱਕ ਇਥੇ ਹੀ ਰਹੋ। ਅੱਠ ਸਾਲ ਲੰਘ ਗਏ, ਸਾਰੇ ਰਿਸ਼ੀ ਮੁਨੀ ਪ੍ਰੇਸ਼ਾਨ ਹਨ ਕਿ ਖੋਲ੍ਹ ਕੇ ਗੱਲ ਨਹੀਂ ਦੱਸੀ ਤੇ ਇਸ ਤੋਂ ਕੀ ਪਤਾ ਲੱਗ ਸਕਦੈ ਕਿ ਇਹ ਸੱਚਾ ਹੈ ਕਿ ਉਹ ਸੱਚਾ ਹੈ?

ਉਸੇ ਸ਼ਹਿਰ ਵਿਚ ਇਕ ਅੱਠ ਸਾਲ ਦਾ ਲੜਕਾ ਸੀ ਜਿਸ ਦਾ ਨਾਂ ਅਸ਼ਟਾਵਕਰ ਸੀ ਤੇ ਉਸ ਦੇ ਸਰੀਰ ਵਿਚ ਅੱਠ ਵਲ ਪੈਂਦੇ ਸੀ ਤੇ ਬੱਚਿਆਂ ਨਾਲ ਖੇਡ ਰਿਹਾ ਸੀ। ਦੂਸਰੇ ਲੜਕੇ ਉਸ ਨਾਲ ਛੇੜਖਾਨੀ ਕਰਦੇ ਹਨ ਤੇ ਉਸ ਦੀ ਖ਼ੁੰਡੀ ਖੋਹ ਲਈ ਤੇ ਇਕ ਬੱਚੇ ਨੇ ਕਿਹਾ ਕਿ ਇਸ ਦੀ ਖ਼ੁੰਡੀ ਦੇ ਦਿਓ, ਇਸ ਦਾ ਨਾਨਾ ਬੜਾ ਕਰੋਧੀ ਹੈ; ਜੇ ਆ ਗਿਆ ਤਾਂ ਆਪਾਂ ਨੂੰ ਮਾਰੇਗਾ ਕਿਉਂਕਿ ਇਸ ਵਿਚਾਰੇ ਦਾ ਪਿਤਾ ਨਹੀਂ ਹੈ। ਇਸ ਨੇ ਪਹਿਲੇ ਦਿਨ ਸੁਣਿਆ ਕਿ ਮੇਰਾ ਬਾਪ ਹੈ ਹੀ ਨਹੀਂ। ਪਰ ਮੈਂ ਤਾਂ ਆਪਣੇ ਨਾਨੇ ਨੂੰ ਹੀ ਬਾਪ ਸਮਝਦਾ ਸੀ, ਉਹ ਤਾਂ ਮੇਰੀ ਮਾਤਾ ਦਾ ਬਾਪ ਹੈ। ਮੈਂ ਉਸ ਨੂੰ ਹੀ ਪਿਤਾ ਸਮਝੀ ਜਾ ਰਿਹਾ ਹਾਂ। ਇਹ ਤਾਂ ਬੜਾ ਮਾੜਾ ਕੰਮ ਹੋਇਆ। ਘਰ ਆ ਗਿਆ, ਮਾਂ ਰੋਟੀ ਖਾਣ ਨੂੰ ਦਿੰਦੀ ਹੈ ਪਰ ਰੋਟੀ ਨਹੀਂ ਖਾ ਰਿਹਾ ਤੇ ਮਾਂ ਨੂੰ ਕਹਿਣ ਲੱਗਾ ਕਿ ਮਾਂ! ਪਹਿਲਾਂ ਮੈਨੂੰ ਇਹ ਦੱਸ ਕਿ ਜਿਹਨੂੰ ਮੈਂ ਬਾਪ ਕਹਿੰਦਾ ਹਾਂ, ਉਹ ਮੇਰਾ ਬਾਪ ਹੈ? ਕਹਿਣ ਲੱਗੀ, "ਨਹੀਂ ਬੇਟਾ! ਉਹ ਤੇਰਾ ਪਿਤਾ ਨਹੀਂ, ਉਹ ਮੇਰਾ ਪਿਤਾ ਹੈ।" "ਮਾਂ! ਤੂੰ ਮੈਨੂੰ ਕਿਉਂ ਨਹੀਂ ਦੱਸਿਆ, ਮੈਂ ਬੜਾ ਪਾਪ ਕੀਤਾ, ਤੇਰੇ ਪਿਤਾ ਨੂੰ ਪਿਤਾ ਕਹਿੰਦਾ ਰਿਹਾ ਹਾਂ ਤੇ ਉਸ ਨੂੰ ਆਪਣਾ ਪਿਤਾ ਸਮਝਦਾ ਰਿਹਾ ਹਾਂ।" "ਇਹ ਮੈਥੋਂ ਬਹੁਤ ਭੁੱਲ ਹੋ ਗਈ ਹੈ।" "ਮਾਂ! ਮੇਰਾ ਪਿਤਾ ਕਿਥੇ ਹੈ? ਮੈਂ ਉਹਦੇ ਕੋਲ ਜਾਣਾ ਚਾਹੁੰਦਾ ਹਾਂ। ਤੁਸੀਂ ਐਥੇ ਕਿਉਂ ਰਹਿੰਦੇ

ਹੋ?" ਕਹਿਣ ਲੱਗੀ, "ਪੁੱਤਰ! ਤੂੰ ਅਜੇ ਮੇਰੇ ਪੇਟ ਵਿਚ ਹੀ ਸੀ ਕਿ ਤੇਰਾ ਪਿਤਾ ਰਾਜੇ ਜਨਕ ਦੇ ਸਵਾਲ ਦਾ ਜਵਾਬ ਦੇਣ ਚਲਾ ਗਿਆ ਸੀ ਅਤੇ ਤੇਰੇ ਪਿਤਾ ਬਹੁਤ ਵਿਦਵਾਨ ਪੁਰਸ਼ ਹਨ। ਮਿਥਲਾ ਪੁਰੀ 'ਚ ਉਸ ਨੇ ਸਾਰੇ ਭਾਰਤ ਵਰਸ਼ ਦੇ ਰਿਸ਼ੀ ਮੁਨੀ ਰੋਕ ਰਖੇ ਹਨ। ਕਿਸੇ ਤੋਂ ਉਸ ਦੀ ਗੱਲ ਦਾ ਜਵਾਬ ਨਹੀਂ ਦਿਤਾ ਜਾ ਸਕਿਆ ਤੇ ਵੈਸੇ ਉਨ੍ਹਾਂ ਨੂੰ ਉਥੇ ਕੋਈ ਤਕਲੀਫ ਨਹੀਂ ਹੈ। ਖਾਣ-ਪੀਣ ਪਹਿਨਣ ਨੂੰ ਸਭ ਕੁਝ ਮਿਲਦਾ ਹੈ।" ਕਹਿਣ ਲੱਗਿਆ, "ਮਾਂ! ਸਵਾਲ ਦਾ ਪਤਾ ਹੈ?" ਕਹਿਣ ਲੱਗੀ, "ਪੁੱਤਰ ਉਹ ਪੁਛਦਾ ਹੈ ਕਿ ਇਹ ਸੱਚ ਹੈ ਕਿ ਉਹ ਸੱਚ ਹੈ?" ਕਹਿਣ ਲਗਿਆ, "ਇਹ ਕਿਹੜੀ ਔਖੀ ਗੱਲ ਹੈ, ਇਹਦਾ ਜਵਾਬ ਤਾਂ ਮੈਂ ਦੇ ਦਿਆਗਾਂ, ਕੋਈ ਵੱਡੀ ਗੱਲ ਨਹੀਂ ਹੈ।"

ਆਪਣੇ ਨਾਨੇ ਨੂੰ ਨਾਲ ਲੈ ਕੇ ਪਾਲਕੀ ਵਿਚ ਬੈਠ ਕੇ ਆ ਗਿਆ ਤੇ ਇਕ ਭੀੜੀ ਗਲੀ ਵਿਚ ਬੈਠ ਗਿਆ ਤੇ ਉਧਰੋਂ ਰਾਜੇ ਜਨਕ ਦੀ ਸਵਾਰੀ ਆ ਰਹੀ ਹੈ। ਮੂਹਰੇ ਜਿਹੜਾ ਸੇਵਾਦਾਰ ਹੈ, ਕਹਿ ਰਿਹਾ ਹੈ ਕਿ ਪਰ੍ਹੇ ਹਟੋ, ਪਾਸੇ ਹਟੋ, ਰਾਜੇ ਜਨਕ ਦੀ ਸਵਾਰੀ ਆ ਰਹੀ ਹੈ। ਜਦੋਂ ਅਸ਼ਟਾਵਕਰ ਕੋਲ ਆਇਆ, ਕਹਿਣ ਲਗਿਆ, "ਤੂੰ ਕੌਣ ਹੈਂ? ਪਾਸੇ ਕਿਉਂ ਨਹੀਂ ਹਟਦਾ?" ਕਹਿਣ ਲਗਿਆ, "ਤੂੰ ਅੰਨ੍ਹਾ ਹੈਂ, ਤੈਨੂੰ ਪਤਾ ਨਹੀਂ ਮੈਂ ਕੌਣ ਹਾਂ? ਤੂੰ ਨਿਆਂਕਾਰ ਨਹੀਂ ਹੈਂ, ਤੈਨੂੰ ਪਤਾ ਨਹੀਂ ਹੈ ਕਿ ਰਸਤਾ ਕਿਸ ਨੂੰ ਦੇਣ ਵਾਸਤੇ ਆਖਿਆ ਜਾਂਦਾ ਹੈ। ਮੇਰੇ ਸਰੀਰ ਵਿਚ ਅੱਠ ਵਲ ਪੈਂਦੇ ਹਨ। ਮੈਂ ਤੈਨੂੰ ਰਸਤਾ ਕਿਵੇਂ ਦੇ ਸਕਦਾਂ ਹਾਂ? ਫੇਰ ਤੂੰ ਦੇਖ ਰਿਹਾ ਹੈਂ ਕਿ ਮੇਰਾ ਲਿਬਾਸ ਬ੍ਰਹਮਚਾਰੀ ਦਾ ਹੈ, ਫੇਰ ਤੂੰ ਮੈਨੂੰ ਪੁਛ ਰਿਹਾ ਹੈਂ, ਤੂੰ ਕੌਣ ਹੈ? ਤੂੰ ਵੀ ਅੰਨ੍ਹਾ, ਤੇ ਤੇਰਾ ਰਾਜਾ ਵੀ ਅੰਨ੍ਹਾ, ਤਦੇ ਉਹ ਦੁਖੀ ਹੋਇਆ ਫਿਰਦਾ ਹੈ।" ਉਸ ਨੇ ਜਾ ਕੇ ਰਾਜੇ ਜਨਕ ਨੂੰ ਦੱਸਿਆ ਕਿ ਮਹਾਰਾਜ! ਇਕ ਅੱਠ ਸਾਲ ਦਾ ਬ੍ਰਹਮਚਾਰੀ ਬੈਠਾ ਹੈ, ਉਸ ਨੇ ਇਸ ਤਰ੍ਹਾਂ ਕਿਹਾ ਹੈ। ਰਾਜਾ ਕਹਿਣ ਲੱਗਿਆ ਕਿ ਉਹ ਜ਼ਰੂਰ ਕੋਈ ਬੁਧੀਮਾਨ ਹੈ। ਜਦ ਤੂੰ ਦੇਖ ਲਿਆ ਕਿ ਉਹ ਬ੍ਰਹਮਚਾਰੀ ਹੈ ਅਤੇ ਉਸ ਦੇ ਸਰੀਰ ਵਿਚ ਅੱਠ ਵਲ ਪੈਂਦੇ ਹਨ ਤਾਂ ਤੈਨੂੰ ਚਾਹੀਦਾ ਸੀ ਕਿ ਉਸ ਨੂੰ ਨਮਸ਼ਕਾਰ ਕਰਕੇ ਬੇਨਤੀ ਕਰਦਾ; ਤੂੰ ਮੈਨੂੰ ਵੀ ਬਦਨਾਮੀ ਦਿਵਾਈ ਹੈ। ਜਾਹ, ਉਸ ਨੂੰ ਸਤਿਕਾਰ ਨਾਲ ਮੇਰੇ ਪਾਸ ਲੈ ਕੇ ਆ। ਉਸ ਨੇ ਜਾ ਕੇ ਨਮਸ਼ਕਾਰ ਕੀਤੀ ਤੇ ਕਿਹਾ ਕਿ ਰਾਜਾ ਜੀ ਦਾ ਹੁਕਮ ਹੈ ਕਿ ਤੁਸੀਂ ਉਨ੍ਹਾਂ ਪਾਸ ਆਵੋ। ਅਸ਼ਟਾਵਕਰ ਕਹਿਣ ਲੱਗਿਆ ਕਿ ਤੇਰੇ ਰਾਜੇ ਨੂੰ ਵੀ ਅਕਲ ਨਹੀਂ, ਉਸ ਨੂੰ ਇਹ ਨਹੀਂ ਪਤਾ ਕਿ ਮੈਥੋਂ ਤੁਰ ਨਹੀਂ ਹੁੰਦਾ; ਉਸ ਪਾਸ ਸਵਾਰੀ ਹੈ ਤੇ ਰਾਜੇ ਨੂੰ ਮੇਰੇ ਪਾਸ ਆਉਣਾ ਚਾਹੀਦਾ ਹੈ; ਮੈਂ ਰਾਜੇ ਪਾਸ ਕਿਸ ਤਰ੍ਹਾਂ ਜਾ ਸਕਦਾ ਹਾਂ? ਉਹ ਹੁਣ ਰਾਜ ਦੀ ਕੁਰਸੀ ਤੇ ਨਹੀਂ ਬੈਠਾ, ਉਹ ਨਿਆਂ ਵਾਲੀ ਕੁਰਸੀ ਤੇ ਨਹੀਂ ਬੈਠਾ, ਐਸ ਵੇਲੇ ਉਹ ਸਾਧਾਰਨ ਮਨੁੱਖ ਹੈ ਅਤੇ ਸਾਧਾਰਨ ਮਨੁੱਖ ਦਾ ਅਤਿਥੀ ਸੇਵਾ ਦਾ ਫਰਜ ਹੁੰਦਾ ਹੈ। ਉਸਨੇ ਜਾ ਕੇ ਰਾਜੇ ਜਨਕ ਨੂੰ ਦੱਸਿਆ। ਰਾਜਾ ਜਨਕ ਆ ਗਿਆ, ਨਮਸ਼ਕਾਰ ਕੀਤੀ, ਕਹਿਣ ਲਗਿਆ ਕਿ ਕਿਸ ਤਰ੍ਹਾਂ ਪਧਾਰੇ ਹੋ? ਅਸ਼ਟਾਵਕਰ ਨੇ ਕਿਹਾ, "ਰਾਜਨ! ਤੇਰੇ ਸਵਾਲ ਦਾ ਜਵਾਬ ਦੇਣ ਆਏ ਹਾਂ।" ਰਾਜਾ ਜਨਕ ਅਸ਼ਟਾਵਕਰ ਨੂੰ ਮਹਿਲਾਂ ਵਿਚ ਲੈ ਗਿਆ, ਦੂਜੇ ਦਿਨ ਸਾਰੀ ਸਭਾ ਲਾ ਦਿਤੀ ਤੇ ਜਦੋਂ ਇਹ ਸਭਾ ਵਿਚ ਬੈਠਣ ਵਾਸਤੇ ਆਇਆ ਤਾਂ ਇਸ ਦੇ ਸਰੀਰ ਵਿਚ ਅੱਠ ਵਿੰਗ ਪੈਂਦੇ ਸਨ। ਲੱਕ ਕਿਧਰੇ, ਲੱਤਾਂ ਕਿਧਰੇ, ਪੈਰ ਕਿਧਰੇ, ਦੇਖਦਾ ਹੋਰ ਪਾਸੇ ਹੈ ਤੇ ਮੂੰਹ ਕਿਧਰੇ ਹੋਰ ਪਾਸੇ ਹੈ। ਸਾਰੀ ਸਭਾ ਖਿੜਖਿੜਾ ਕੇ ਹੱਸ ਪਈ ਤੇ ਨਾਲ ਇਹ ਵੀ ਹੱਸ ਪਿਆ। ਇਸ ਦੇ ਹਾਸੇ ਨੂੰ ਭਾਂਪ ਕੇ ਸਾਰੇ ਹੈਰਾਨ ਹੋਏ ਕਿ ਇਹ ਛੋਟਾ ਜਿਹਾ ਬੱਚਾ ਸਾਨੂੰ ਟਿਕਚਰ ਕਰਦਾ ਹੈ। ਰਾਜੇ ਕੋਲ ਸਭ ਨੇ ਸ਼ਿਕਾਇਤ ਕੀਤੀ ਕਿ ਦੇਖੋ ਇਹ ਬੱਚਾ ਗੁਸਤਾਖੀ ਕਰ ਰਿਹਾ ਹੈ। ਉਸ ਨੇ ਜਵਾਬ ਦਿਤਾ ਕਿ ਰਾਜਨ! ਮੈਂ ਗੁਸਤਾਖੀ ਨਹੀਂ ਕਰ ਰਿਹਾ, ਇਨ੍ਹਾਂ ਨੂੰ ਪੁਛੋ ਕਿ ਇਹ ਮੇਰੇ ਤੇ ਕਿਉਂ ਹੱਸੇ ਹਨ? ਇਹ ਮੇਰੇ ਸਰੀਰ ਤੇ ਹੱਸੇ ਤੇ ਮੈਂ ਇਨ੍ਹਾਂ ਦੀ ਅਕਲ ਤੇ ਹੱਸ ਪਿਆ। ਇਹ ਤਾਂ ਹੱਸੇ ਹਨ ਕਿਉਂਕਿ ਮੇਰੇ ਸਰੀਰ ਵਿਚ ਅੱਠ ਵਲ ਪੈਂਦੇ ਹਨ। ਇਸ ਗਲ ਤੋਂ ਮੈਨੂੰ ਪਤਾ ਲਗ ਗਿਆ ਕਿ ਇਹਨਾਂ ਵਿਚੋਂ ਇਕ ਵੀ ਬੰਦਾ ਗਿਆਨਵਾਨ ਨਹੀਂ ਹੈ। ਕੀ ਆਤਮਾ ਵਿਚ ਵੀ ਕੋਈ ਵਲ ਹੁੰਦੈ? ਕੀ ਮੇਰੀ ਜਬਾਨ ਵਿਚ, ਮੇਰੀ ਨਿਗ੍ਹਾ ਵਿਚ, ਮੇਰੀ ਸੁਣਨ ਵਾਲੀ ਸ਼ਕਤੀ ਵਿਚ, ਮੇਰੀ ਮਹਿਸੂਸ ਕਰਨ ਵਾਲੀ ਸ਼ਕਤੀ ਵਿਚ ਵੀ ਕੋਈ ਵਲ ਹੈ? ਇਹ ਸਰੀਰ ਵਿਚ ਵਲ ਮੈਂ ਤਾਂ ਨਹੀਂ ਪਾਏ? ਮਹਾਂਪੁਰਸ਼ੋ! ਚਰਮ ਦ੍ਰਿਸ਼ਟੀ ਛੱਡੋ ਤੇ ਆਤਮ ਦ੍ਰਿਸ਼ਟੀ ਵਿਚ ਆਓ। ਸਾਰੇ ਇਸ ਦੇ ਬਚਨ ਸੁਣ ਕੇ ਹੈਰਾਨ ਹੋ ਗਏ ਕਿ ਛੋਟੇ ਜਿਹੇ ਬੱਚੇ ਨੇ ਸਾਡੇ ਮੂੰਹ ਤੇ ਬਹੁਤ ਵੱਡੀ ਗਿਆਨ ਦੀ ਚਪੇੜ ਮਾਰੀ ਹੈ ਤੇ ਸਾਡੇ ਅਗਿਆਨ ਤੇ ਗਿਆਨ ਦਾ ਤਮਾਚਾ ਮਾਰਿਆ ਹੈ। ਸਾਰੇ ਸੋਚਾਂ ਵਿਚ ਪੈ ਗਏ ਕਿ ਇਹ ਰਾਜੇ ਦੇ ਸਵਾਲ ਦਾ ਜਵਾਬ ਜ਼ਰੂਰ ਦੇਵੇਗਾ।

ਅਸ਼ਟਾਵਕਰ ਕਹਿਣ ਲੱਗਿਆ, "ਰਾਜਨ! ਸਵਾਲ ਕਰੋ ਤਾਂ ਕਿ ਭਰੀ ਸਭਾ ਵਿਚ ਮੈਂ ਆਪ ਦੇ ਸ਼ੰਕੇ ਦੀ ਨਵਿਰਤੀ ਕਰਾਂ।" ਕਹਿਣ ਲੱਗਿਆ, "ਮਹਾਂਪੁਰਸ਼ੋ! ਸਵਾਲ ਇਹ ਹੈ ਕਿ ਇਹ ਸੱਚਾ ਹੈ ਕਿ ਉਹ ਸੱਚਾ ਹੈ?" ਕਹਿਣ ਲੱਗਿਆ ਜਿਵੇਂ ਤੂੰ ਸਵਾਲ ਕੀਤਾ ਹੈ, ਮੈਂ ਤੇਰੇ ਵਾਂਗ ਜਵਾਬ ਦੇ ਰਿਹਾ ਹਾਂ ਕਿ ਇਹ ਵੀ ਝੂਠਾ ਹੈ ਤੇ ਉਹ ਵੀ ਝੂਠਾ ਹੈ। ਜੇਕਰ ਖੋਲ੍ਹ ਕੇ ਪੁਛਣਾ ਚਾਹੁੰਦਾ ਹੈਂ ਤਾਂ ਮੈਂ ਖੋਲ੍ਹ ਕੇ ਦੱਸ ਦਿਆਂ। ਸਾਰੀ ਸਭਾ 'ਚੋਂ ਆਵਾਜ਼ ਆਈ ਕਿ ਮਹਾਰਾਜ! ਖੋਲ੍ਹ ਕੇ ਦੱਸੋ ਤਾਂ ਕਿ ਸਾਨੂੰ ਵੀ ਪਤਾ ਲੱਗ ਜਾਵੇ। ਅਸ਼ਟਾਵਕਰ ਕਹਿਣ ਲੱਗਾ ਕਿ ਹੇ ਸਭਾ ਜਨੋ! ਇਸ ਰਾਜੇ ਨੂੰ ਕੋਈ ਭਿਆਨਕ ਸੁਪਨਾ ਆਇਆ ਹੈ ਅਤੇ ਉਸ ਸੁਪਨੇ ਵਿਚ ਇਸ ਨੇ ਆਪਣੀ ਬਹੁਤ ਦੁਰਗਤੀ ਦੇਖੀ ਹੈ ਅਤੇ ਸ਼ਰਮ ਦਾ ਮਾਰਿਆ ਤੁਹਾਨੂੰ ਦੱਸਣ ਤੋਂ ਅਸਮਰਥ ਸੀ। ਜੇਕਰ ਇਹ ਦੱਸ ਦਿੰਦਾ ਤਾਂ ਇਹ ਗੱਲ ਨਾ ਹੁੰਦੀ ਤੇ ਇਹ ਤਕਲੀਫ ਨਾ ਪਾਉਂਦਾ। ਇਸ ਨੂੰ ਉਸ ਸੁਪਨੇ ਦਾ ਐਨਾ ਅਧਿਆਸ ਹੋ ਗਿਆ ਤੇ ਪੱਕ ਗਿਆ ਜਿਵੇਂ ਕਿ ਸਾਨੂੰ ਪੱਕ ਗਿਆ ਕਿਉਂਕਿ ਅਸੀਂ ਮੰਨਣ ਨੂੰ ਤਿਆਰ ਨਹੀਂ ਕਿ ਅਸੀ ਆਤਮਾ ਹਾਂ; ਅਸੀਂ ਆਪਣੇ ਆਪ ਨੂੰ ਸਰੀਰ ਸਮਝਦੇ ਹਾਂ ਅਤੇ ਸਾਡਾ ਅਧਿਆਸ ਵੀ ਇਵੇਂ ਹੀ ਪੱਕਿਆ ਹੋਇਆ ਹੈ। ਸਾਰੀ ਜ਼ਿੰਦਗੀ ਭਜਨ ਕਰੀ ਜਾਵੋ, ਸਾਰੀ ਜ਼ਿੰਦਗੀ ਦਾਨ ਕਰੀ ਜਾਵੋ, ਸਾਰੀ ਜ਼ਿੰਦਗੀ ਪਾਠ ਕਰਦੇ ਰਹੋ, ਇਹ ਨਿਸ਼ਚਾ

ਪੱਕਾ ਨਹੀਂ ਹੁੰਦਾ ਕਿ ਮੈਂ ਆਤਮਾ ਹਾਂ ਅਤੇ ਇਸ ਦੇ ਉਲਟ ਇਹ ਨਿਸ਼ਚਾ ਬਣਿਆ ਰਹਿੰਦਾ ਹੈ ਕਿ ਮੈਂ ਸਰੀਰ ਹਾਂ। ਸਰੀਰ ਦੇ ਵਿਚ ਹੀ ਫਸਿਆ ਰਹਿੰਦਾ ਹੈ ਤੇ ਇਸ ਨੂੰ ਬੇਅੰਤ ਚਿਰ ਤੋਂ ਅਧਿਆਸ ਹੋ ਗਿਆ ਤੇ ਇਹ ਅਧਿਆਸ ਪੱਕਾ ਹੋਣ ਕਰਕੇ ਸਾਨੂੰ ਪਤਾ ਨਹੀਂ ਲਗਦਾ ਕਿ ਅਸੀਂ ਕੌਣ ਹਾਂ। ਅਸੀਂ ਜਿਹੜਾ ਕੁਝ ਹੈਗੇ, ਉਹੀ ਆਪਣੇ ਆਪ ਨੂੰ ਸਮਝਦੇ ਹਾਂ। ਜਿਹੜਾ ਥੋੜ੍ਹਾ ਜਿਹਾ ਸਮਝਦਾਰ ਹੋਵੇਗਾ, ਉਹ ਸਮਝੇਗਾ ਕਿ ਮੈਂ ਸੂਖਸ਼ਮ ਸਰੀਰ ਹਾਂ; ਜਿਹੜਾ ਥੋੜ੍ਹਾ ਹੋਰ ਅਕਲ ਵਾਲਾ ਹੋਵੇਗਾ, ਉਹ ਕਹੇਗਾ ਕਿ ਮੈਂ ਕਾਰਨ ਸਰੀਰ ਹਾਂ ਲੇਕਿਨ ਪਤਾ ਨਹੀਂ ਲਗਦਾ ਕਿਉਂਕਿ ਮਾਇਆ ਦਾ ਅਸਰ ਪੈ ਗਿਆ। ਅਸ਼ਟਾਵਕਰ ਕਹਿਣ ਲੱਗੇ, "ਮਹਾਂਪੁਰਸ਼ੋ! ਇਸ ਨੂੰ ਅਧਿਆਸ ਹੋ ਗਿਆ ਸੀ, ਮਾਇਆ ਪਈ ਸੀ ਤੇ ਹੁਣ ਲਹਿ ਗਈ ਹੈ।" ਰਾਜੇ ਜਨਕ ਨੂੰ ਪੁਛਿਆ ਕਿ ਹੁਣ ਸ਼ਾਂਤੀ ਆਈ? ਕਹਿਣ ਲੱਗਿਆ, "ਹਾਂ ਮਹਾਰਾਜ।" ਕਹਿਣ ਲੱਗੇ, "ਇਹ ਸੰਸਾਰ ਵੀ ਝੂਠਾ ਤੇ ਜਿਹੜਾ ਤੈਨੂੰ ਸੁਪਨਾ ਆਇਆ, ਉਹ ਵੀ ਝੂਠਾ ਹੈ ਅਤੇ ਸਖੋਪਤ ਜਿਹੜੀ ਨੀਂਦ ਆਉਂਦੀ ਹੈ ਉਹ ਵੀ ਝੂਠ ਹੈ। ਇਹ ਤਿੰਨੇ ਅਵਸਥਾ ਝੂਠੀਆਂ ਹਨ। ਕੇਵਲ ਤੁਰੀਆ ਅਵਸਥਾ ਸੱਚੀ ਹੁੰਦੀ ਹੈ।

ਰਾਜੇ ਜਨਕ ਨੇ ਚਰਨਾਂ ਤੇ ਨਮਸਕਾਰ ਕੀਤੀ, ਕਹਿਣ ਲੱਗਿਆ ਕਿ ਮਹਾਰਾਜ! ਮੈਨੂੰ ਹੁਣ ਗਿਆਨ ਵੀ ਕਰਵਾ ਦਿਓ। ਕਹਿਣ ਲੱਗੇ, "ਗਿਆਨ ਲੈਣ ਲਈ ਕੁਝ ਅਰਪਣ ਕਰਨਾ ਪਵੇਗਾ।"

"ਕੀ ਅਰਪਣ ਕਰਾਂ ਮਹਾਰਾਜ?"

ਕਹਿਣ ਲੱਗੇ, ਰਾਜਨ! ਭਾਵੇਂ ਤਨ ਦੇ ਦੇ, ਜਾਂ ਧਨ ਦੇ ਦੇ ਜਾਂ ਜਿਹੜਾ ਇਸ ਦੇ ਅੰਦਰ ਕੂੜ ਕਬਾੜ ਹੈ ਜਿਸ ਨੂੰ ਮਨ ਕਹਿੰਦੇ ਹਨ, ਉਹ ਦੇ ਦੇ।" ਰਾਜਾ ਰਾਣੀ ਨੂੰ ਪੁਛਣ ਚਲਾ ਗਿਆ ਤਾਂ ਉਸ ਨੇ ਕਿਹਾ ਕਿ ਨਾ ਤੁਸੀਂ ਤਨ ਦਿਓ ਤੇ ਨਾ ਤੁਸੀਂ ਧਨ ਦਿਓ ਕਿਉਂਕਿ ਜੇ ਤਨ ਦੇ ਦਿਤਾ ਤਾਂ ਰਾਜੇ ਹਰੀ ਚੰਦ ਵਾਂਗ ਹੋਵੇਗੀ, ਜੇ ਧਨ ਦੇ ਦਿਤਾ ਤਾਂ ਗਰੀਬ ਹੋ ਜਾਵਾਂਗੇ; ਇਸ ਨੂੰ ਇਸ ਸਰੀਰ ਵਿਚ ਜਿਹੜਾ ਮਨ ਹੈ ਉਹ ਦੇ ਦਿਓ। ਰਾਜਾ ਵਾਪਸ ਆ ਕੇ ਕਹਿਣ ਲੱਗਾ ਕਿ ਮਹਾਰਾਜ! ਇਸ ਸਰੀਰ ਵਿਚ ਜੋ ਕੁਝ ਹੈ ਉਹ ਤੁਸੀਂ ਲੈ ਲਵੋ। ਕਹਿਣ ਲੱਗੇ, "ਰਾਜਨ! ਤੈਨੂੰ ਪਤਾ ਵੀ ਹੈ ਤੇਰੇ ਸਰੀਰ ਵਿਚ ਕੀ ਕੁਝ ਹੈ?" ਕਹਿਣ ਲੱਗਿਆ, "ਮਹਾਰਾਜ ਤੁਸੀਂ ਕਿਰਪਾ ਕਰਕੇ ਆਪ ਦੱਸ ਦਿਓ।" ਕਹਿਣ ਲੱਗੇ, "ਸੁਣ ਰਾਜਨ! ਇਸ ਵਿਚ ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ ਹਨ। ਮਨ ਬੁੱਧ ਚਿਤ ਹੈ ਤੇ ਫੇਰ ਅਹੰਭਾਵ ਹੈ ਜੋ ਕਹਿੰਦਾ ਹੈ ਕਿ ਮੈਂ ਰਾਜਾ ਜਨਕ ਹਾਂ। ਇਹ ਸਾਰਾ ਅਰਪਨ ਕਰ ਸਕਦੈਂ?" ਕਹਿੰਦਾ, "ਮਹਾਰਾਜ! ਲੈ ਲਵੋ।" ਕਹਿੰਦੇ, "ਚੰਗਾ, ਚੂਲੀ ਛੱਡ ਦੇ ਕਿ ਅਰਪਨ ਕਰ ਦਿਤੇ।" ਘੋੜੇ ਤੇ ਚੜ੍ਹਨ ਦੀ ਸ਼ਰਤ ਰੱਖੀ ਹੋਈ ਸੀ ਕਿ ਘੋੜੇ ਦੀ ਰਕਾਬ ਤੇ ਪੈਰ ਰੱਖਣ ਤੋਂ ਚੜ੍ਹਨ ਤੱਕ ਦੇ ਸਮੇਂ ਵਿਚ ਗਿਆਨ ਹੋਣਾ ਚਾਹੀਦਾ ਹੈ। ਰਾਜਾ ਜਨਕ ਘੋੜੇ ਤੇ ਚੜ੍ਹਨ ਲੱਗਿਆ ਤਾਂ ਅਸ਼ਟਾਵਕਰ ਕਹਿਣ ਲੱਗਿਆ, "ਰਾਜਨ! ਘੋੜੇ ਤੇ ਕਿਉਂ ਚੜ੍ਹ ਰਿਹਾ ਹੈਂ? ਆਪਣਾ ਮਨ ਤੂੰ ਮੈਨੂੰ ਦਿਤਾ ਹੋਇਆ ਹੈ, ਇਹ ਮਨ ਤਾਂ ਮੇਰਾ ਹੋ ਗਿਆ, ਫੁਰਨਾ ਤੂੰ ਕਿਵੇਂ ਕਰ ਲਿਆ?" ਜੇ ਮਨ ਫੁਰਨਾ ਕਰੇ ਤਾਂ ਹੀ ਸਰੀਰ ਹਰਕਤ ਵਿਚ ਆਉਂਦਾ ਹੈ। ਰਾਜਾ ਜਨਕ ਉਥੇ ਹੀ ਖੜ੍ਹਾ ਰਿਹਾ। ਗੱਲ ਸਮਝ 'ਚ ਆ ਗਈ। ਐਨੇ ਨੂੰ ਇਕ ਪੰਡਤ ਆ ਗਿਆ, ਉਸ ਨੇ ਆ ਕੇ ਰਾਜੇ ਜਨਕ ਨੂੰ ਬਹੁਤ ਬੇਨਤੀਆਂ ਕੀਤੀਆਂ ਕਿ ਮਹਾਰਾਜ! ਸਾਡੇ ਡਾਕਾ ਪੈ ਗਿਆ, ਡਾਕੂ ਲੁੱਟ ਰਹੇ ਹਨ, ਸਾਨੂੰ ਮਾਰ ਰਹੇ ਹਨ। ਪੰਦਰਾਂ ਮਿੰਟ ਇਹ ਪੁਕਾਰਾਂ ਕਰਦਾ ਰਿਹਾ, ਰਾਜਾ ਜਨਕ ਟੱਸ ਤੋਂ ਮੱਸ ਨਾ ਹੋਇਆ। ਫੇਰ ਇਸ ਪੰਡਤ ਨੇ ਰਾਜੇ ਜਨਕ ਨੂੰ ਬਹੁਤ ਬੁਰਾ ਭਲਾ ਕਿਹਾ ਤੇ ਧਿਰਕਾਰਾਂ ਪਾਈਆਂ, ਫੇਰ ਵੀ ਇਹ ਨਾ ਬੋਲਿਆ। ਅਸ਼ਟਾਵਕਰ ਨੇ ਭਾਂਪ ਲਿਆ ਕਿ ਇਸ ਦੀ ਆਤਮ ਸਥਿਤੀ ਪਰਪੱਕ ਹੋ ਗਈ ਹੈ ਕਿਉਂਕਿ ਇਹ ਪੂਰਾ ਜਗਿਆਸੂ ਸੀ। ਅਧਿਕਾਰੀ ਪੁਰਸ਼ ਨੂੰ ਗਿਆਨ ਹੋਣ ਵਾਸਤੇ ਇਕ ਸਕਿੰਟ ਵੀ ਨਹੀਂ ਲਗਿਆ ਕਰਦਾ। ਜੇਕਰ ਅਧਿਕਾਰੀ ਨਾ ਹੋਵੇ ਤਾਂ ਚੁਪ ਕਰ ਰਹਿਣਾ ਚਾਹੀਦਾ ਹੈ ਜਿਵੇਂ ਫੁਰਮਾਨ ਹੈ ਕਿ –

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥***
***ਪੰਨਾ – 1365***

ਜੇਕਰ ਮੁੱਲ ਦੇਣ ਵਾਲਾ ਹੀ ਨਹੀਂ ਤਾਂ ਗੱਲ ਕਿਵੇਂ ਕੀਤੀ ਜਾਵੇ? ਇਸ ਤਰ੍ਹਾਂ ਕਰਕੇ ਰਾਜੇ ਜਨਕ ਨੂੰ ਗਿਆਨ ਪ੍ਰਾਪਤ ਹੋ ਗਿਆ, ਅਵਸਥਾ ਪ੍ਰਾਪਤ ਹੋ ਗਈ ਤੇ ਇਕ ਰਸ ਬਿਰਤੀ ਹੋ ਗਈ। ਦੁਖ ਤੇ ਸੁਖ ਸਾਰੇ ਸਮਾਨ ਹੋ ਗਏ ਤੇ ਮਨ ਡੋਲਣ ਤੋਂ ਹਟ ਗਿਆ, ਸਹਿਜ ਅਵਸਥਾ ਵਿਚ ਆ ਗਿਆ ਤੇ ਸਹਿਜ ਸਮਾਧੀ ਲੱਗ ਗਈ। ਅਸ਼ਟਾਵਕਰ ਨੇ ਹਿਲਾਇਆ ਤੇ ਕਿਹਾ ਕਿ ਰਾਜਾ ਜਨਕ! ਆਹ ਤੇਰੀਆਂ ਚੀਜ਼ਾਂ ਤੈਨੂੰ ਮੈਂ ਵਾਪਸ ਦਿੰਦਾ ਹਾਂ। ਤੂੰ ਹੁਣ ਤਖਤ ਤੇ ਬੈਠ, ਰਾਜ ਕਾਜ ਕਰ ਤੇ ਇਨ੍ਹਾਂ ਤੋਂ ਕੰਮ ਲੈ। ਹੱਥਾਂ ਤੋਂ ਸ਼ੁਭ ਕੰਮ ਲਵੋ; ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜੇ ਪ੍ਰਾਣ, ਮਨ ਚਿਤ ਬੁਧ ਤੇ ਅਹੰਭਾਵ, ਇਹ ਤੇਰੀਆਂ 19 ਚੀਜ਼ਾਂ ਮੈਂ ਵਾਪਸ ਕਰ ਰਿਹਾ ਹਾਂ। ਇਨ੍ਹਾਂ ਨੂੰ ਮੇਰੀਆਂ ਸਮਝ ਕੇ ਇਨ੍ਹਾਂ ਤੋਂ ਕੰਮ ਲਵੀਂ। ਸੋ ਰਾਜਾ ਜਨਕ ਨੂੰ ਇਹ ਅਵਸਥਾ ਪ੍ਰਾਪਤ ਹੋ ਗਈ ਜਿਸ ਦਾ ਜ਼ਿਕਰ ਗੁਰੂ ਨੌਂਵੇਂ ਪਾਤਸ਼ਾਹ ਮਹਾਰਾਜ ਕਰਦੇ ਹਨ –

***ਜੋ ਨਰ ਦੁਖ ਮੈ ਦੁਖੁ ਨਹੀ ਮਾਨੈ॥***
***ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ॥***
***ਪੰਨਾ – 633***

ਜਿਹੜਾ ਐਸੀ ਅਵਸਥਾ ਵਾਲਾ ਪੁਰਸ਼ ਹੋਵੇ ਉਸ ਦੇ ਅੰਦਰ ਪ੍ਰਮੇਸ਼ਰ ਦਾ ਪ੍ਰਕਾਸ਼ ਹੋ ਜਾਂਦਾ ਹੈ –

***ਧਾਰਨਾ – ਤੇ ਘਟ ਬ੍ਰਹਮ ਨਿਵਾਸਾ ਜੀ,***
***ਕਾਮ ਕ੍ਰੋਧ ਜੇ ਪਰਸਹਿ ਨਾਹੀ –2, 2.***
***ਕਾਮ ਕਕ੍ਰੋਧ ਜੇ ਪਰਸਹਿ ਨਾਹੀ – 2, 2.***
***ਤੇ ਘਟ ਬ੍ਰਹਮ ਨਿਵਾਸਾ ਜੀ, ...........–2***

ਬੀਤਰਾਗ ਪੁਰਸ਼ ਜਿਸ ਨੂੰ ਜੀਵਨ ਮੁਕਤ ਆਖਦੇ ਹਨ, ਸੋਨੇ ਨੂੰ ਮਿੱਟੀ ਦੇ ਬਰਾਬਰ ਮੰਨਦਾ ਹੋਵੇ, ਦੁਖ ਤੇ ਸੁਖ ਨੂੰ ਸਮ (ਬਰਾਬਰ) ਸਮਝਦਾ ਹੋਵੇ।

***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥***
***ਪੰਨਾ - 633***

ਨਾ ਹੀ ਮਾਣ ਦੀ ਤੇ ਨਾ ਹੀ ਅਪਮਾਨ ਦੀ ਪਰਵਾਹ ਕਰਦਾ ਹੋਵੇ, ਖੁਸ਼ੀ ਤੇ ਗਮੀ ਦੋਹਾਂ ਨੂੰ ਭਾਈ ਭਗੀਰਥ ਵਾਂਗੂੰ ਉਸਤਤ ਤੇ ਨਿੰਦਾ ਨੂੰ ਤਿਆਗ ਕੇ ਬਰਾਬਰ ਸਮਝਦਾ ਹੋਵੇ। ਨਾ ਸੁਖ ਨਾਲ ਕੋਈ ਸਨੇਹ ਹੈ ਅਤੇ ਨਾ ਦੁਖ ਨਾਲ ਕੋਈ ਵੈਰ ਭਾਵ -

***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥***
***ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥***
***ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥***
***ਪੰਨਾ - 633***

ਸਾਧ ਸੰਗਤ ਜੀ! ਐਸਾ ਪੁਰਸ਼ ਪ੍ਰਮੇਸ਼ਰ ਬਣ ਜਾਂਦਾ ਹੈ। ਜਿਸ ਦੀ ਇਹ ਅਵਸਥਾ ਹੋ ਜਾਵੇ, ਉਹ ਉਸ ਦਾ ਹੀ ਰੂਪ ਬਣ ਜਾਂਦਾ ਹੈ। ਸੋ ਐਸੀ ਅਵਸਥਾ ਰਾਜੇ ਜਨਕ ਨੂੰ ਪ੍ਰਾਪਤ ਹੋ ਗਈ ਸੀ। ਮਹਾਰਾਜ ਤਾਂ ਐਸਾ ਫੁਰਮਾਨ ਕਰਦੇ ਹਨ ਕਿ ਐਸੀ ਅਵਸਥਾ ਵਾਲੇ ਵਿਚ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੁੰਦਾ ਤੇ ਦੋਵੇਂ ਇਕੋ ਹੁੰਦੇ ਹਨ ਤੇ ਉਥੇ ਕੇਵਲ ਪ੍ਰਮੇਸ਼ਰ ਦਾ ਨਿਵਾਸ ਹੋ ਜਾਂਦਾ ਹੈ।

***ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥***
***ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥***
***ਪੰਨਾ - 1427***

ਉਹ ਪ੍ਰਮੇਸ਼ਰ ਦਾ ਰੂਪ ਹੀ ਹੋ ਜਾਂਦਾ ਹੈ, ਉਥੇ ਦੂਜਾ ਨਹੀਂ ਹੋਇਆ ਕਰਦਾ। ਜਦੋਂ ਹਉਮੈ ਖਤਮ ਹੋ ਜਾਂਦੀ ਹੈ, ਉਸ ਨੂੰ ਜੀਵਨ ਮੁਕਤ ਕਹਿੰਦੇ ਹਨ -

***ਪ੍ਰਭ ਕੀ ਆਗਿਆ ਆਤਮ ਹਿਤਾਵੈ॥***
***ਜੀਵਨ ਮੁਕਤਿ ਸੋਊ ਕਹਾਵੈ॥***
***ਤੈਸਾ ਹਰਖੁ ਤੈਸਾ ਉਸੁ ਸੋਗੁ॥***
***ਸਦਾ ਅਨੰਦੁ ਤਹ ਨਹੀ ਬਿਓਗੁ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥***
***ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***
***ਪੰਨਾ - 275***

ਸੋ ਐਸਾ ਪੁਰਖ ਜੀਵਨ ਮੁਕਤ ਹੁੰਦਾ ਹੈ, ਉਸ ਵਿਚ ਤੇ ਪ੍ਰਮੇਸ਼ਰ ਵਿਚ ਬਿਲਕੁਲ ਭੇਦ ਨਹੀਂ ਹੁੰਦਾ ਕਿਉਂਕਿ ਵਾਹਿਗੁਰੂ ਦਾ ਰੂਪ ਹੀ ਬਣ ਜਾਂਦਾ ਹੈ।

***ਦਾਸ ਅਨਿੰਨ ਮੇਰੋ ਨਿਜ ਰੂਪ॥ ਪੰਨਾ - 1252***

ਸੋ ਰਾਜਾ ਜਨਕ ਜਿਸ ਦਾ ਆਪਾਂ ਜ਼ਿਕਰ ਕਰ ਰਹੇ ਸੀ ਉਸ ਬਾਰੇ ਇੰਨੀ ਲੰਮੀ ਚੌੜੀ ਵਿਆਖਿਆ ਇਸ ਲਈ ਕੀਤੀ ਗਈ ਹੈ ਕਿ ਸਾਨੂੰ ਪਤਾ ਲਗ ਜਾਵੇ; ਇਹ ਨਾ ਹੋਵੇ ਕਿ ਜਿਹੜਾ ਪੈਸਾ ਟਕਾ ਛੱਡ ਕੇ ਪਾਸੇ ਹੋ ਜਾਵੇ, ਉਸ ਨੂੰ ਕਹੇ ਕਿ ਉਹ ਉਦਾਸੀ ਹੋ ਗਿਆ। ਉਹ ਮਾਇਆ ਵਿਚ ਉਦਾਸੀ ਕਿਵੇਂ ਸੀ ਕਿ -

***ਗੁਰਮੁਖਿ ਮਾਇਆ ਵਿਚਿ ਉਦਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

ਇਸ ਤਰ੍ਹਾਂ ਨਹੀਂ ਹੋਇਆ ਕਰਦਾ ਕਿਉਂਕਿ ਮਾਇਆ ਤਾਂ ਅੰਦਰ ਪਈ ਹੈ; ਜੋ ਕੁਝ ਦਿਸਦਾ ਹੈ ਸਭ ਮਾਇਆ ਹੀ ਹੈ। ਮਾਇਆ ਦੀ ਨਿਸ਼ਾਨੀ ਕੀ ਹੁੰਦੀ ਹੈ?

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥ ਪੰਨਾ - 921***

ਮਾਇਆ ਦੇ ਨਾਲ ਪ੍ਰਮੇਸ਼ਰ ਭੁਲ ਜਾਂਦਾ ਹੈ। ਪ੍ਰਮੇਸ਼ਰ ਭੁਲਣ ਕਰਕੇ ਦਰਸ਼ਨ ਕਦੀ ਹੋ ਹੀ ਨਹੀਂ ਸਕਦਾ ਭਾਵੇਂ ਕਿੰਨਾਂ ਹੀ ਜ਼ੋਰ ਲਗਾ ਲਵੇ। ਕੋਈ ਕਹਿੰਦਾ ਹੈ ਕਿ ਮੇਰੀ ਬਿਰਤੀ ਨਹੀਂ ਟਿਕਦੀ, ਮੇਰੀ ਸਮਾਧੀ ਨਹੀਂ ਲੱਗਦੀ, ਮੈਨੂੰ ਗਿਆਨ ਨਹੀਂ ਹੁੰਦਾ, ਮੇਰੇ ਅੰਦਰ ਪ੍ਰਕਾਸ਼ ਨਹੀਂ ਹੁੰਦਾ; ਸਾਰੇ ਉਲਟੇ ਰਾਹਾਂ ਉਤੇ ਪਏ ਹੋਏ ਹਨ। ਜਿੰਨਾਂ ਚਿਰ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤ੍ਰੀ, ਬ੍ਰਹਮ ਬਕਤਾ ਮਹਾਂਪੁਰਸ਼ ਪੂਰਾ ਨਹੀਂ ਮਿਲਦਾ, ਉਨੀਂ ਦੇਰ ਤੱਕ ਮਾਇਆ ਦੇ ਛੌੜ ਕੱਟੇ ਨਹੀਂ ਜਾ ਸਕਦੇ ਅਤੇ ਆਪਣੇ ਸਰੂਪ ਦਾ ਗਿਆਨ ਨਹੀਂ ਹੋ ਸਕਦਾ।

ਅਸ਼ਟਾਵਕਰ ਨੇ ਚੰਗੀ ਤਰ੍ਹਾਂ ਇਸ ਨੂੰ ਸਮਝਾ ਦਿਤਾ, ਕਹਿਣ ਲੱਗੇ, "ਰਾਜਨ! ਦੇਖ ਤੂੰ ਆਪਣੀ ਦੇਹ ਦਾ ਧਿਆਨ ਕਰ ਤੇ ਫੇਰ ਇਸ ਦੇ ਪੰਜ ਗਿਆਨ ਇੰਦਰੇ ਤੇ ਪੰਜ ਕਰਮ ਇੰਦਰੇ, ਤੇ ਪੰਜਾਂ ਪ੍ਰਾਣਾਂ ਦਾ ਧਿਆਨ ਕਰ; ਮਨ, ਬੁਧ, ਚਿਤ ਤੇ ਅਹੰਭਾਵ ਇਨ੍ਹਾਂ ਸਾਰਿਆਂ ਤੋਂ ਤੂੰ ਪਰੇ ਹੈਂ। ਇਨ੍ਹਾਂ ਵਿਚੋਂ ਤੂੰ ਆਪਣੇ ਆਪ ਨੂੰ ਕੋਈ ਵੀ ਚੀਜ਼ ਨਾ ਮੰਨ। ਤੂੰ ਪਰਮ ਅਨੰਦ ਹੈਂ, ਤੂੰ ਸਵੈ ਪ੍ਰਕਾਸ਼ ਹੈ, ਤੈਨੂੰ ਕੋਈ ਗਿਆਨ ਦੇਣ ਵਾਲਾ ਨਹੀਂ, ਤੂੰ ਆਪੇ ਹੀ ਗਿਆਨਵਾਨ ਹੈਂ, ਤੂੰ ਸੈਭੰ ਹੈਂ, ਤੇਰੀ ਕੋਈ ਜਾਤ ਨਹੀਂ, ਕੋਈ ਬਰਨ ਨਹੀਂ ਤੇ ਤੇਰੀ ਕੋਈ ਕੌਮ ਨਹੀਂ ਹੈ। ਤੂੰ ਪੁੰਨ ਪਾਪ ਤੋਂ ਉਪਰ ਹੈਂ, ਸਵਰਗ ਨਰਕ ਤੋਂ ਉਪਰ ਹੈਂ, ਆਵਾਗਮਨ, ਜੰਮਣ ਮਰਣ ਤੋਂ ਉਪਰ ਹੈਂ; ਤੂੰ ਆਪਣਾ ਮੂਲ ਪਛਾਣ। ਰਾਜਨ! ਜੀਵ ਆਤਮਾ ਇਸੇ ਤਰ੍ਹਾਂ ਹੈ ਜਿਵੇਂ ਸਮੁੰਦਰ ਵਿਚੋਂ ਲਹਿਰਾਂ ਉਠਦੀਆਂ ਹਨ, ਬੁਲਬੁਲੇ ਉਠਦੇ ਹਨ, ਝੱਗ ਉਠਦੀ ਹੈ ਪਰੰਤੂ ਇਹ ਸਾਰਾ ਪਾਣੀ ਹੈ।

***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***
***ਪੰਨਾ - 485***

***ਜਲ ਤੇ ਊਠਹਿ ਅਨਿਕ ਤਰੰਗਾ॥ ਪੰਨਾ - 736***

ਜਿਵੇਂ ਜਲ ਤੋਂ ਤਰੰਗਾਂ ਉਠਦੀਆਂ ਹਨ, ਇਸ ਤਰ੍ਹਾਂ ਦੇ ਨਾਲ ਸਾਰੇ ਬ੍ਰਹਿਮੰਡ ਤਰੰਗਾਂ ਵਾਂਗ ਹਨ, ਤੂੰ ਇਨ੍ਹਾਂ ਤੋਂ ਨਿਆਰਾ ਹੈਂ, ਤੂੰ ਪ੍ਰਮੇਸ਼ਰ ਦਾ ਹੀ ਸਰੂਪ ਹੈਂ, ਤੂੰ ਆਪਣੇ ਆਪ ਦੀ ਪਛਾਣ ਕਰ। ਐਸਾ ਗਿਆਨ ਦੇ ਕੇ ਕਹਿਣ ਲੱਗੇ, "ਰਾਜਨ ਦੇਖ, ਸੂਤ ਕਿੰਨਾ ਹੁੰਦਾ ਹੈ, ਮਾਲਾਂ ਦੀਆਂ ਕਿੰਨੀਆਂ ਗੰਢਾਂ ਹਨ; ਭਾਵੇਂ ਲੱਖ ਗੰਢ ਦੇ ਦਿਓ, ਗੰਢਾਂ ਅਨੇਕ ਹੋਣਗੀਆਂ ਪਰ ਸੂਤ ਤਾਂ ਇਕੋ ਹੀ ਹੈ। ਸਾਰਿਆਂ ਦਾ ਸੂਤਰ ਇਕੋ ਬ੍ਰਹਮ ਹੈ, ਉਸੇ ਤੋਂ ਸਾਰਾ ਪ੍ਰਗਟਾਵਾ ਹੋਇਆ ਹੋਇਆ

ਹੈ। ਤੂੰ ਮਾਣ ਧਾਰ ਕੇ, ਮੈਂ ਬਣ ਕੇ ਦੁਖ ਸੁਖ ਪ੍ਰਾਪਤ ਕਰ ਰਿਹਾ ਹੈਂ ਤੇ ਅਗਿਆਨ ਵਿਚ ਹੋ ਕੇ, ਕਰੋੜਾਂ ਜਨਮਾਂ ਤੋਂ ਮਰਦਾ ਜੰਮਦਾ ਆ ਰਿਹਾ ਹੈਂ। ਉਸ ਸਤਿ ਸਰੂਪ ਨੂੰ, ਜਿਹੜਾ ਮਾਇਆ ਤੋਂ ਪਰਲੇ ਪਾਸੇ ਹੈ, ਸਾਰੇ ਦ੍ਰਿਸ਼ਟਮਾਨ ਨੂੰ ਦੇਖਣ ਵਾਲਾ ਹੈ, ਉਸ ਦਾ ਧਿਆਨ ਧਾਰ ਕੇ ਤੂੰ ਆਪਣਾ ਜੀਵਨ ਬਤੀਤ ਕਰ। ਸੋ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਨ ਵਾਲੇ ਨੂੰ ਮਾਇਆ ਵਿਚ ਉਦਾਸੀ ਕਹਿੰਦੇ ਹਨ। ਉਸਦੀ ਮਾਨਤਾ ਸਾਰੀ ਦੁਨੀਆਂ ਕਰਦੀ ਹੈ -

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਪੰਨਾ - 186***

ਉਸ ਦਾ ਹੁਕਮ ਦਰਗਾਹ ਵਿਚ ਵੀ ਚਲਦਾ ਹੈ ਕਿਉਂਕਿ ਪ੍ਰਮੇਸ਼ਰ ਤੇ ਉਸ ਦੇ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ, ਇਕੋ ਹੀ ਰੂਪ ਹੁੰਦੇ ਹਨ, ਨਾ ਹੀ ਉਸ ਦੀ ਦ੍ਰਿਸ਼ਟੀ ਵਿਚ ਕੋਈ ਫਰਕ ਹੁੰਦਾ ਹੈ।

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਪੰਨਾ - 407***

ਸੋ ਇਸ ਤਰ੍ਹਾਂ ਰਾਜ ਕਰਦੇ ਨੂੰ, ਇਕ ਵਾਰ ਰਾਜਾ ਜਨਕ ਨੂੰ ਦੇਵ ਸਭਾ ਵਿਚ ਬੁਲਾ ਲਿਆ ਗਿਆ। ਜਾਂਦੇ ਜਾਂਦੇ ਸੰਜੀਵਨੀ ਪੁਰੀ ਵੱਲ ਨੂੰ ਚਲੇ ਗਏ ਜਿਥੇ ਧਰਮਰਾਜ ਦੀ ਪੁਰੀ ਹੈ। ਧਰਮਰਾਜ ਨੇ ਜਦੋਂ ਦਰਸ਼ਨ ਕਰੇ ਕਿ ਰਾਜਾ ਜਨਕ ਜੀ ਜੋ ਕਿ ਇਸ ਵੇਲੇ ਪੂਰਨ ਬ੍ਰਹਮ ਗਿਆਨੀ ਹਨ, ਪਧਾਰੇ ਹਨ, ਉਠ ਕੇ ਖੜ੍ਹਾ ਹੋ ਗਿਆ ਤੇ ਨਮਸ਼ਕਾਰਾਂ ਕਰਨ ਲੱਗ ਪਿਆ, ਕਹਿਣ ਲੱਗਾ, ਧੰਨ ਹੋ ਮਹਾਰਾਜ! ਮੇਰੇ ਤਾਂ ਸੁੱਤੇ ਭਾਗ ਜਾਗ ਪਏ।

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***
***ਪੰਨਾ - 204***

ਸੰਤਾਂ ਦੇ ਦਰਸ਼ਨ ਕੋਈ ਮਾਮੂਲੀ ਚੀਜ਼ ਨਹੀਂ ਹੁੰਦੀ, ਕੋਈ ਪੂਰਬਲੇ ਕਰਮ ਜਾਗਣ ਤਾਂ ਕਿਤੇ ਸੰਤ ਦਾ ਮੇਲ ਹੁੰਦਾ ਹੈ। ਸੰਤ ਹੁੰਦਾ ਤਾਂ ਮਨੁੱਖਾਂ ਵਰਗਾ ਹੀ ਹੈ ਪਰੰਤੂ ਉਹਦੇ ਵਿਚ ਦੂਜੇ ਆਮ ਮਨੁੱਖਾਂ ਨਾਲੋਂ ਫਰਕ ਹੋਇਆ ਕਰਦਾ ਹੈ Attitude of mind (ਮਨੋਬਿਰਤੀ) ਵਿਚ ਫਰਕ ਹੁੰਦਾ ਹੈ। ਸੋ ਦਰਸ਼ਨ ਹੋ ਗਏ ਤੇ ਪਿਆਰ ਵਿਚ ਆ ਕੇ ਇਸ ਤਰ੍ਹਾਂ ਦੇ ਭਾਵ ਪ੍ਰਗਟ ਕਰ ਰਿਹਾ ਹੈ -

***ਧਾਰਨਾ - ਮੇਰਾ ਕਰ 'ਤਾ ਭਵਨ ਪੁਨੀਤ***
***ਹਰੀ ਦਿਆਂ ਸੰਤਾਂ ਨੇ -2, 4.***

ਕਹਿਣ ਲੱਗਿਆ, ਧੰਨ ਭਾਗ! ਮਹਾਂਪੁਰਸ਼, ਬ੍ਰਹਮਗਿਆਨੀ ਪ੍ਰਮੇਸ਼ਰ ਦਾ ਸਰੂਪ ਰਾਜਾ ਜਨਕ ਜੀ ਤੁਸੀਂ ਪਧਾਰੇ। ਕਹਿਣ ਲੱਗੇ ਕਿ ਨਰਕ ਨਿਵਾਸੀਆਂ ਦੀ ਆਵਾਜ਼ ਆ ਗਈ ਜਿਹੜੇ ਮਨੁੱਖ ਪ੍ਰਮੇਸ਼ਰ ਨੂੰ ਭੁੱਲ ਕੇ ਸੰਸਾਰ ਵਿਚ ਪਾਪ ਕਰਦੇ ਹਨ ਤੇ ਦਰਗਾਹ ਵਿਚ ਜਾ ਕੇ ਸਜ਼ਾ ਭੋਗਦੇ ਹਨ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥***
***ਪੰਨਾ - 1425***

ਉਨ੍ਹਾਂ ਦੀ ਚੀਕ ਪੁਕਾਰ ਦੀ ਆਵਾਜ਼ ਸਹਿਨ ਨਾ ਹੋਈ। ਧਰਮਰਾਜ ਨੇ ਸੇਵਾ ਪੁਛੀ। ਰਾਜਾ ਜਨਕ ਕਹਿਣ ਲੱਗੇ ਕਿ ਜੇ ਸੇਵਾ ਕਰਨੀ ਹੈ ਤਾਂ ਇਨ੍ਹਾਂ ਨੂੰ ਛੱਡ ਦੇ -

***ਧਾਰਨਾ - ਕਰਦੇ ਬੰਦ ਖਲਾਸੀ ਏਨ੍ਹਾਂ ਜੀਵਾਂ ਦੀ।***

***ਧਰਮਰਾਇ ਨੋ ਆਖਿਓਨੁ ਸਭਨਾਂ ਦੀ ਕਰਿ ਬੰਦ ਖਲਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

ਰਾਜਾ ਜਨਕ ਜੀ ਕਹਿਣ ਲੱਗੇ, "ਧਰਮਰਾਜ! ਸਾਥੋਂ ਸੰਸਾਰ ਦਾ ਦੁਖ ਨਹੀਂ ਦੇਖਿਆ ਜਾਂਦਾ। ਸੰਸਾਰ ਵਿਚ ਵੀ ਦੁਖ ਹੈ ਤੇ ਉਸ ਦੁਖ ਨੂੰ ਭੁਗਤਣ ਵਾਸਤੇ ਇਥੇ ਅਰਬਾਂ ਸਾਲਾਂ ਤੋਂ ਰੂਹਾਂ ਸੜ ਰਹੀਆਂ ਹਨ, ਜੇ ਸੇਵਾ ਕਰਨੀ ਹੈ ਤਾਂ ਇਨ੍ਹਾਂ ਨੂੰ ਛੱਡ ਦਿਓ।" ਧਰਮਰਾਜ ਇਹ ਸੁਣ ਕੇ ਹੈਰਾਨ ਹੋ ਗਿਆ ਕਿ ਜੇਕਰ ਬ੍ਰਹਮਗਿਆਨੀ ਮਹਾਂਪੁਰਸ਼ ਨੂੰ ਮੈਂ ਨਾਂਹ ਕਰਦਾ ਹਾਂ ਤਾਂ ਅਵੱਗਿਆ ਹੋਵੇਗੀ, ਜੇ ਛੱਡਦਾ ਹਾਂ ਤਾਂ ਹੁਕਮ ਅਦੂਲੀ ਹੋਵੇਗੀ ਤੇ ਆਪਣੀ ਡਿਊਟੀ ਤੋਂ ਕੁਤਾਹੀ ਹੋਵੇਗੀ। ਬਹੁਤ ਅਧੀਨਗੀ ਨਾਲ ਬੇਨਤੀ ਕੀਤੀ।

***ਕਰੇ ਬੇਨਤੀ ਧਰਮਰਾਇ ਹਉ ਸੇਵਕ ਠਾਕੁਰੁ ਅਬਿਨਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

ਮੈਨੂੰ ਤਾਂ ਠਾਕੁਰ ਨੇ ਜੀਵਾਂ ਦੇ ਪੁੰਨ ਪਾਪ ਦਾ ਫਲ ਦੇਣ ਵਾਸਤੇ ਇਥੇ ਲਾਇਆ ਹੋਇਆ ਹੈ ਤੇ ਮੈਨੂੰ ਪ੍ਰਮੇਸ਼ਰ ਨੇ ਆਪਣੀ ਮਰਜ਼ੀ ਕਰਨ ਦੀ ਆਗਿਆ ਨਹੀਂ ਦਿਤੀ। ਮੇਰੇ ਹੱਥ ਨਿਆਂ ਦੀ ਤੱਕੜੀ ਹੈ ਤੇ ਉਸ ਮੁਤਾਬਕ ਮੈਂ ਤੋਲ ਰਿਹਾ ਹਾਂ; ਜੇ ਤੁਸੀਂ ਛਡਵਾਉਣੇ ਹਨ ਤਾਂ ਪਾਰਬ੍ਰਹਮ ਜੀ ਨੂੰ ਕਹੋ ਜਾਂ ਇਨ੍ਹਾਂ ਪਾਪੀਆਂ ਦੇ ਪਾਪਾਂ ਬਦਲੇ ਪੁੰਨ ਦਿਓ। ਜਿੰਨੇ ਪੁੰਨ ਦਿਓਂਗੇ, ਉਤਨੇ ਮੈਂ ਛੱਡ ਦਿਆਗਾਂ, ਇਹ ਮੇਰੇ ਅਖਤਿਆਰ ਵਿਚ ਹੈ। ਕਹਿਣ ਲੱਗੇ, ਚੰਗਾ ਇਨ੍ਹਾਂ ਦੇ ਸਾਰੇ ਪਾਪ ਇਕੱਠੇ ਕਰ ਲਵੋ। ਇਕ ਪਲੜੇ ਵਿਚ ਸਾਰੇ ਪਾਪ ਪਾ ਦਿਤੇ। ਰਾਜਾ ਜਨਕ ਜੀ ਕਹਿਣ ਲੱਗੇ ਇਕ ਪਲੜੇ ਵਿਚ ਅਸੀਂ ਬੈਠਦੇ ਹਾਂ। ਰਾਜਾ ਜਨਕ ਜੀ ਨੇ ਬਿਰਤੀ ਇਕਾਗਰ ਕਰ ਲਈ।

ਸਾਧਸੰਗਤ ਜੀ! ਜਿਨ੍ਹਾਂ ਨੂੰ ਭਜਨ ਕਰਨ ਦਾ ਸ਼ੌਕ ਹੈ ਉਹ ਧਿਆਨ ਦਿਓ, ਫੇਰ ਮੈਨੂੰ ਪੁਛਦੇ ਰਹਿੰਦੇ ਨੇ ਕਿ ਕਿਵੇਂ ਭਜਨ ਕਰਨਾ ਚਾਹੀਦਾ ਹੈ। ਉਸ ਨੇ ਬਿਰਤੀ ਪਹਿਲਾਂ ਦੇਹ ਵਿਚੋਂ ਖਿੱਚ ਲਈ, ਫੇਰ ਪੰਜਾਂ ਕਰਮ ਇੰਦਰਿਆਂ 'ਚੋਂ ਖਿਚ ਲਈ, ਫੇਰ ਪੰਜਾਂ ਗਿਆਨ ਇੰਦਰਿਆਂ 'ਚੋਂ ਖਿਚ ਲਈ, ਪੰਜਾਂ ਪ੍ਰਾਣਾਂ 'ਚੋਂ ਬਿਰਤੀ ਖਿਚ ਲਈ, ਅੰਨਮਈ ਕੋਸ਼ 'ਚੋਂ, ਪ੍ਰਾਨਮਈ ਕੋਸ਼ ਵਿਚ ਆ ਗਿਆ, ਫੇਰ ਮਨੋਮਈ ਕੋਸ਼ ਵਿਚੋਂ ਦੀ ਹੁੰਦਾ ਹੋਇਆ ਬੁੱਧੀ ਮੰਡਲ ਵੀ ਲੰਘ ਗਿਆ ਜਿਸ ਨੂੰ ਵਿਗਿਆਨਮਈ ਕੋਸ਼ ਕਹਿੰਦੇ ਹਨ। ਉਥੋਂ ਦੀ ਲੰਘ ਕੇ ਅਨੰਦਮਈ ਕੋਸ਼ (ਚਿਤ) ਵਿਚ ਚਲਾ ਗਿਆ, ਅੱਗੇ ਅਹੰਭਾਵ ਵਿਚ ਚਲਾ ਗਿਆ ਅਤੇ ਉਥੇ ਪਰੀਪੂਰਣ ਵਾਹਿਗੁਰੂ ਜਿਹੜਾ ਹਰ ਥਾਂ ਤੇ ਪਰੀਪੂਰਨ ਹੈ ਜਿਥੇ-

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
***ਪੰਨਾ - 846***

ਹਰ ਪਾਸੇ ਵਾਹਿਗੁਰੂ ਹੀ ਵਾਹਿਗੁਰੂ ਹੈ, ਉਹਦੇ ਵਿਚ

ਲੀਨ ਹੋ ਗਿਆ, ਲੀਨ ਹੋ ਕੇ ਨਿਰਵਿਕਲਪ ਸਮਾਧੀ ਵਿਚ ਚਲਾ ਗਿਆ ਤੇ ਉਸ ਨੂੰ ਕਹਿ ਦਿਤਾ ਕਿ ਜਿਸ ਵਕਤ ਪਾਪਾਂ ਦੇ ਬਦਲੇ ਪੁੰਨ ਪੂਰੇ ਹੋ ਜਾਣ, ਉਸ ਵੇਲੇ ਸਾਨੂੰ ਦੱਸ ਦੇਣਾ। ਇਸ ਕਿਰਿਆ ਲਈ ਬਿਰਤੀ ਨੂੰ ਇਕਾਗਰ ਕਰਕੇ, ਬ੍ਰਹਮ ਵਿਚ ਲੀਨ ਹੋਣ ਵਾਸਤੇ ਉਹ ਸਾਢੇ ਬਾਰਾਂ ਮਿੰਟ ਬੈਠੇ। ਬ੍ਰਹਮ ਵਿਚ ਲੀਨ ਹੋਣ ਵਾਲੀ ਕ੍ਰਿਆ ਨੂੰ, ਅਵਸਥਾ ਨੂੰ ਨਾਮ ਕਹਿੰਦੇ ਹਨ, ਉਹ ਜਿਹੜਾ ਨਾਮ ਤੇ ਗਿਆਨ ਸੀ ਉਸ ਨੂੰ ਇਸ ਕ੍ਰਿਆ ਰਾਹੀਂ ਗਹਿਣੇ ਕਰ ਦਿਤਾ –

***ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ॥***
***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

ਸਾਰੇ ਨਰਕਾਂ ਦੇ ਪਾਪ ਉਸ ਨਾਮ ਦੇ ਤੁਲ ਪਾਸਕੂ ਬਣ ਗਏ, ਨਾਮ ਦੀ ਐਨੀ ਕੀਮਤ ਸੀ, value ਸੀ ਕਿ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਪੰਨਾ – 81***

ਧਰਮਰਾਜ ਆਇਆ, ਕਹਿਣ ਲੱਗਿਆ, "ਮਹਾਰਾਜ! ਬਸ ਕਰੋ, ਐਥੇ ਤਾਂ ਫੇਰ ਕਿਸੇ ਨੇ ਆਉਣਾ ਹੀ ਨਹੀਂ, ਜੇਕਰ ਤੁਸੀਂ ਐਨਾ ਪੁੰਨ ਦੇ ਦਿਤਾ, ਇਹ ਪੁਰੀ ਸੁੰਨੀ ਪੈ ਜਾਵੇਗੀ; ਆਪ ਕ੍ਰਿਪਾ ਕਰਕੇ ਬਸ ਕਰੋ, ਸਾਰੇ ਨਰਕ ਖਾਲੀ ਹੋ ਗਏ ਹਨ। ਸਿਰਫ ਸਾਢੇ ਬਾਰ੍ਹਾਂ ਮਿੰਟ, ਇਸ ਨੂੰ ਇਕ ਧਾਰਨਾ ਕਹਿੰਦੇ ਹਨ, ਰਾਜੇ ਜਨਕ ਜੀ ਨੇ ਕੇਵਲ ਇਕ ਧਾਰਨਾ ਮਾਤਰ ਵਾਹਿਗੁਰੂ 'ਚ ਸਮਾਧੀ ਲਾਈ ਸੀ।

ਇਥੇ ਸਾਨੂੰ ਭੁਲੇਖਾ ਪੈ ਜਾਂਦਾ ਹੈ ਕਿ ਉਨ੍ਹਾਂ ਨੇ ਸਾਢੇ ਬਾਰ੍ਹਾਂ ਮਿੰਟ ਵਾਹਿਗੁਰੂ, ਵਾਹਿਗੁਰੂ ਕੀਤਾ ਹੋਣਾ ਹੈ। ਇਕ ਵਾਹਿਗੁਰੂ ਵਾਹਿਗੁਰੂ ਕਰਨਾ ਹੁੰਦਾ ਹੈ, ਇਕ ਵਾਹਿਗੁਰੂ ਵਿਚ ਲੀਨ ਹੋ ਜਾਣਾ ਹੁੰਦਾ ਹੈ। ਲੀਨਤਾ ਦੇ ਵਿਚ ਕੋਈ ਚੀਜ਼ ਨਹੀਂ ਬਚਦੀ, ਕੇਵਲ ਵਾਹਿਗੁਰੂ ਆਪੇ ਹੀ ਆਪ ਹੁੰਦਾ ਹੈ, ਸੋ ਉਸ ਨੂੰ ਸਹਿਜ ਸਮਾਧ ਕਹਿੰਦੇ ਹਨ।

***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥***
***ਪੰਨਾ – 106***

ਦੂਸਰੇ ਬੰਦੇ ਨੂੰ ਇਸ ਦਾ ਪਤਾ ਨਹੀਂ ਲੱਗ ਸਕਦਾ ਕਿਉਂਕਿ ਇਸ ਦੀ ਨਾ ਹੀ ਵਿਆਖਿਆ ਹੈ ਤੇ ਨਾ ਹੀ ਇਸ ਬਾਰੇ ਦੱਸਿਆ ਜਾ ਸਕਦਾ ਹੈ। ਤੁਸੀਂ ਆਪ ਇਸ ਅਵਸਥਾ ਦੀ ਸਮਾਧੀ ਲਾਵੋ ਤਾਂ ਆਪੇ ਹੀ ਪਤਾ ਲਗ ਜਾਂਦਾ ਹੈ ਜਿਵੇਂ–

***ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥***
***ਪੰਨਾ – 334***

***ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥***
***ਪੰਨਾ – 1370***

ਦੇਖ ਲੈ, ਪ੍ਰੇਮੀਆਂ! ਤੈਨੂੰ ਸਮਾਧੀ ਦੁਆਰਾ ਆਪ ਹੀ ਪਤਾ ਲਗ ਜਾਵੇਗਾ, ਇਸ ਨੂੰ ਦੱਸਣ ਵਾਸਤੇ ਸ਼ਬਦ ਨਹੀਂ ਹਨ। ਸੋ ਰਾਜੇ ਜਨਕ ਨੇ ਉਥੇ ਬਿਰਤੀ ਇਕਾਗਰ ਕਰਕੇ ਸਿਰਫ ਅੱਧੀ ਘੜੀ ਨਾਮ ਦਾ ਫਲ ਦੇ ਦਿਤਾ ਜਿਸ ਦੇ ਨਾਲ ਪਾਪ, ਪਾਸਕੂ ਬਣ ਗਏ ਤੇ ਸਾਰੇ ਜੀਵ ਜੰਤ ਛੁਟ ਗਏ। ਐਸ ਤਰ੍ਹਾਂ ਪੜ੍ਹ ਲਵੋ –

***ਧਾਰਨਾ – ਕਰ 'ਤੇ ਕੁੰਡ ਨਰਕਾਂ ਦੇ ਖਾਲੀ,***
***ਅੱਧੀ ਘੜੀ ਨਾਮ ਜਪ ਕੇ –2, 2.***

***ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ॥***
***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ॥***
***ਨਰਕਹੁੰ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ॥***
***ਮੁਕਤਿ ਜੁਗਤਿ ਨਾਵੈ ਦੀ ਦਾਸੀ॥***
***ਭਾਈ ਗੁਰਦਾਸ ਜੀ, ਵਾਰ 10/5***

ਐਸਾ ਪ੍ਰਮੇਸ਼ਰ ਦਾ ਨਾਮ ਹੈ। ਮਹਾਰਾਜ ਕਹਿਣ ਲੱਗੇ ਸਾਲਸਰਾਇ! ਅਰਬਾਂ ਰੁਪਏ ਦਾ ਲਾਲ ਇਸ ਦੇ ਅੱਗੇ ਕੀ ਮਹੱਤਤਾ ਰੱਖਦਾ ਹੈ। ਇਹ ਲਾਲ ਬੜਾ ਕੀਮਤੀ ਹੈ, ਖਰਬਾਂ ਰੁਪਏ ਦਾ ਹੈ। ਦੁਨੀਆਂ ਮਾਇਆ ਪਿਛੇ ਭੱਜੀ ਫਿਰਦੀ ਹੈ, ਪਰ ਉਹ ਪ੍ਰਮੇਸ਼ਰ ਦਾ ਨਾਮ ਜਿਹੜਾ ਸਾਰਿਆਂ ਵਿਚ ਰਮਿਆ ਹੋਇਆ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ॥***
***ਸੁੰਨ ਸਮਾਧਿ ਅਨਹਤ ਤਹ ਨਾਦ॥***
***ਕਹਨੁ ਨ ਜਾਈ ਅਚਰਜ ਬਿਸਮਾਦ॥ ਪੰਨਾ – 293***

ਪਰ ਸਾਰਿਆਂ ਨੂੰ ਇਸ ਬਾਰੇ ਪਤਾ ਨਹੀਂ ਹੈ, ਕੇਵਲ ਟਾਵੇਂ ਟਾਵੇਂ ਬੰਦਿਆਂ ਨੂੰ ਪਤਾ ਹੁੰਦੈ ਜਿਵੇਂ ਤੈਨੂੰ ਇਸ ਕੀਮਤੀ ਲਾਲ ਦਾ ਪਤਾ ਸੀ, ਪਰ ਸਬਜ਼ੀ ਫਰੋਸ਼, ਹਲਵਾਈ ਤੇ ਬਜਾਜ ਨਹੀਂ ਸੀ ਜਾਣਦਾ ਅਤੇ ਛੋਟੇ ਜੌਹਰੀ ਨਹੀਂ ਸਨ ਜਾਣਦੇ। ਇਸੇ ਤਰ੍ਹਾਂ ਸਾਲਸਰਾਇ! ਨਾਮ ਦੀ ਮਹਿਮਾ ਕੇਵਲ ਪ੍ਰਮੇਸ਼ਰ ਦੇ ਪਿਆਰੇ ਜਾਣਦੇ ਹਨ, ਹੋਰ ਕੋਈ ਨਹੀਂ ਜਾਣ ਸਕਦਾ।

***ਧਾਰਨਾ – ਮਹਿਮਾ ਹਰਿ ਨਾਮ ਦੀ***
***ਸੰਤਾਂ ਦੇ ਹਿਰਦੇ ਵਸਦੀ –2, 2.***
***ਸੰਤਾਂ ਦੇ ਹਿਰਦੇ ਵਸਦੀ –2, 2.***
***ਮਹਿਮਾ ਹਰਿ ਨਾਮ ਦੀ.......–2.***

***ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਪੰਨਾ – 265***

ਜਿਸ ਦੇ ਹਿਰਦੇ ਵਿਚ ਵਸ ਗਈ, ਚਾਰੇ ਕੁੰਟਾਂ ਵਿਚ ਉਸ ਦੀ ਮਹਿਮਾ ਵਧ ਗਈ।

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥***
***ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥***
***ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥***
***ਪੰਨਾ – 487***

ਇਕ ਗਰੀਬ ਆਦਮੀ ਦੇ ਮਨ ਵਿਚ ਜਿਸ ਵਕਤ ਪ੍ਰਮੇਸ਼ਰ ਦਾ ਨਾਮ ਵਸਿਆ, ਪ੍ਰਮੇਸ਼ਰ ਦਾ ਨਾਮ ਅੰਦਰ ਜਦੋਂ ਪ੍ਰਗਟ ਹੋਇਆ; ਇਹ ਭੁਲੇਖੇ ਵਿਚ ਨਾ ਰਹਿਓ ਕਿ ਮੇਰੇ ਅੰਦਰ ਪ੍ਰਮੇਸ਼ਰ ਦਾ ਨਾਮ ਨਹੀਂ ਹੈ; ਪਰਗਟ ਤਾਂ ਸਭ ਦੇ ਅੰਦਰ ਹੈ ਪਰ ਇਥੇ ਫਰਕ ਹੈ –

***ਮਾਇਆਧਾਰੀ ਅਤਿ ਅੰਨਾ ਬੋਲਾ॥***

***ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ ਪੰਨਾ - 313***

ਇਹ ਮਾਇਆ ਅਵਿਦਿਆ (ignorance) ਅਤੇ ਭਰਮ (illusion) , ਵਿਚ ਹੋਣ ਕਰਕੇ ਇਹ ਕੇਵਲ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਹੀ ਸਮਝਦਾ ਰਹਿੰਦਾ ਹੈ, ਇਸ ਤੋਂ ਅੱਗੇ ਨਹੀਂ ਤੁਰਦਾ। ਭਾਵੇਂ ਜ਼ੋਰ ਲਗਾ ਲਵੋ, ਸਾਰੀ ਜ਼ਿੰਦਗੀ ਨਾਮ ਜਪੀ ਜਾਵੋ, ਸਾਰੀ ਜ਼ਿੰਦਗੀ ਸੇਵਾ ਕਰਦੇ ਰਹੋ, ਸਾਰੀ ਜ਼ਿੰਦਗੀ ਪਾਠ ਕਰਦੇ ਰਹੋ, ਸਾਰੀ ਜ਼ਿੰਦਗੀ ਲੈਕਚਰ ਦਿੰਦੇ ਰਹੋ, ਭਾਵੇਂ ਕਥਾ ਕਰਦੇ ਰਹੋ ਪਰ ਦੇਹ ਅਧਿਆਸ ਨਹੀਂ ਟੁਟਦਾ, ਵਾਸ਼ਨਾਵਾਂ ਦੇ ਰੌਲੇ ਘਚੌਲੇ ਨੇ ਇਸ ਨੂੰ ਘੇਰਿਆ ਹੋਇਆ ਹੈ ਤੇ ਇਨ੍ਹਾਂ ਵਾਸ਼ਨਾਵਾਂ ਦੀ ਕਾਲੀ ਘਟਾ ਇਸ ਦੇ ਉਪਰ ਛਾਈ ਹੋਈ ਹੈ। ਜਿੰਨਾਂ ਚਿਰ ਵਾਸ਼ਨਾਵਾਂ ਦੀ ਕਾਲੀ ਘਟਾ ਨਹੀਂ ਲਹਿੰਦੀ, ਉਨਾਂ ਚਿਰ ਅੰਦਰ ਪ੍ਰਕਾਸ਼ ਨਹੀਂ ਹੋ ਸਕਦਾ। ਨਾਮ ਤਾਂ ਅੰਦਰ ਹੈ ਪਰ ਇਹ ਜੀਵ ਹੱਦ ਤੋਂ ਜ਼ਿਆਦਾ ਅੰਨ੍ਹਾ ਅਤੇ ਹੱਦ ਤੋਂ ਜ਼ਿਆਦਾ ਬੋਲਾ ਹੋਣ ਕਰਕੇ ਇਸ ਨੂੰ ਅੰਦਰ ਦੀ ਅਵਾਜ਼ ਨਹੀਂ ਸੁਣਦੀ। ਅੰਦਰ ਆਵਾਜ਼ ਆ ਰਹੀ ਹੈ "***ਦਿਲਾਂ ਕਾ ਮਾਲਕ ਕਰੇ ਹਾਕ***" ਰੱਬ ਤਾਂ ਪ੍ਰੇਮੀਆਂ ਹਾਕਾਂ ਮਾਰ ਰਿਹਾ ਹੈ। ਪਰ ਕਹਿੰਦੇ ਅਸੀਂ ਤਾਂ ਕਦੇ ਸੁਣੀ ਨਹੀਂ ਇਹ ਆਵਾਜ਼। ਭਾਈ ਤੂੰ ਤਾਂ ਬਾਹਰ ਮਾਇਆ ਦੀਆਂ ਹਾਕਾਂ ਸੁਣਦੈਂ, ਅੰਦਰਲੀ ਹਾਕ ਵੀ ਕਦੀ ਸੁਣ ਲਿਆ ਕਰ। ਵਾਹਿਗੁਰੂ ਹਾਕਾਂ ਵੀ ਮਾਰਦੈ ਤੇ ਨਾਲ ਰਸ ਵੀ ਭੇਜਦੈ ਅਤੇ ਨਾਲੇ ਰੋਸ਼ਨੀ ਭੇਜਦੈ, ਅੰਦਰ ਪ੍ਰਕਾਸ਼ ਭੇਜਦੈ ਕਿ ਤੂੰ ਇਧਰ ਨੂੰ ਤੁਰਦਾ ਆ ਜਾ।

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਪੰਨਾ - 954***

ਆਵਾਜ਼ਾਂ ਦੇ ਰਿਹਾ ਹੈਂ; ਕਦੇ ਅਵਾਜ਼ ਸੁਣ ਪ੍ਰੇਮੀਆਂ! ਆਵਾਜ਼ ਸੁਣਦੀ ਹੈ। ਆਪਣੇ ਲੜਕੇ ਦੀ ਤੋਤਲੀ ਜ਼ੁਬਾਨ ਨਾਲ ਕਹੀ ਹੋਈ ਆਵਾਜ਼ ਤੇ ਵੀ ਹੱਸੀ ਜਾਵੇਗਾ ਕਿ ਸਾਨੂੰ ਬੁਲਾ ਰਿਹੈ। ਜਿਸ ਨੇ ਤੈਨੂੰ ਭੇਜਿਆ ਹੈ - ਸੰਸਾਰ ਅੰਦਰ, ਉਹ ਉਦੋਂ ਤੋਂ ਹੀ ਤੈਨੂੰ ਦਿਨ ਰਾਤ ਅੰਦਰ ਆਵਾਜ਼ ਦੇ ਰਿਹਾ ਹੈ।

***ਜਿਨਿ ਤੁਮ ਭੇਜੇ ਤਿਨਹਿ ਬੁਲਾਏ॥ ਪੰਨਾ - 678***

ਬੁਲਾਉਂਦਾ ਹੈ, ਹਾਕਾਂ ਮਾਰ ਰਿਹਾ ਹੈ। ਇਕ ਸਰੀਰ 'ਚੋਂ ਕੱਢ ਲੈਂਦਾ ਹੈ, ਦੂਜੇ 'ਚ ਭੇਜ ਦਿੰਦਾ ਹੈ ਕਿ ਹੁਣ ਸੁਣ ਲੈ। ਪਰ ਅਫਸੋਸ! ਇਹ ਕੋਈ ਆਵਾਜ਼ ਹੀ ਨਹੀਂ ਸੁਣਦਾ, ਨਾਮ ਦੀ ਮਹਿਮਾ ਨੂੰ ਮਨ ਵਿਚ ਨਹੀਂ ਵਸਾਉਂਦਾ। ਦੁਨੀਆਂ ਦੀ ਮਹਿਮਾ ਮਨ ਵਿਚ ਵਸਾ ਲਈ, ਦੁਨੀਆਂ ਨੂੰ ਹੀ ਮੰਨਦਾ ਹੈ, ਦੁਨੀਆਂ ਦੀਆਂ ਗੱਲਾਂ ਕਰਦਾ ਹੈ; ਅਖੀਰ ਕੀ ਹੁੰਦਾ ਹੈ, ਖ਼ੁਆਰ ਹੋ ਕੇ ਸੰਸਾਰ ਤੋਂ ਚਲਿਆ ਜਾਂਦਾ ਹੈ। ਨਾਮ ਦੀ ਮਹਿਮਾ ਨੂੰ ਤਾਂ ਕੋਈ ਵਿਰਲਾ ਵਿਰਲਾ ਜਾਣਦਾ ਹੈ -

***ਧਾਰਨਾ - ਕਰੋੜਾਂ ਵਿਚ ਕੋਈ ਹੈ,***
***ਰਾਮ ਦਾ ਪਿਆਰਾ ਜਗ ਤੇ -2, 2.***
***ਰਾਮ ਦਾ ਪਿਆਰਾ ਜਗ ਤੇ - 2, 2.***
***ਕਰੋੜਾਂ ਵਿਚ ਕੋਈ ਹੈ,...........।***

***ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥***
***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥***
***ਪੰਨਾ - 1427***

ਦਿਨ ਵੀ ਤੇ ਰਾਤ ਵੀ ਮਾਇਆ ਦੀਆਂ, ਦੇਖਣ ਵਾਲੀਆਂ ਚੀਜ਼ਾਂ ਵਿਚ ਲਗਿਆ ਰਹਿੰਦਾ ਹੈ - ਭਾਵੇਂ ਸਾਧੂ ਹੈ, ਭਾਵੇਂ ਸੰਤ ਹੈ, ਚਾਹੇ ਉਹ ਗ੍ਰਹਿਸਤੀ ਹੈ, ਭਾਵੇਂ ਉਹ ਕਾਰੋਬਾਰੀ ਬੰਦਾ ਹੈ ਪਰੰਤੂ ਜਿਸ ਨੂੰ ਸਹੀ ਪਛਾਣ ਹੈ ਉਹ ਵਿਰਲਾ ਹੀ ਹੈ।

***ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰੁ ਸਗਲੇ ਬਿਉਹਾਰੀ॥***
***ਪੰਨਾ - 495***

ਮਹਾਰਾਜ ਕਹਿਣ ਲੱਗੇ, "ਸਾਲਸਰਾਇ! ਇਸ ਪੱਥਰ ਦੀ ਕੀ ਤਾਰੀਫ ਕਰਨ ਲਗਿਆ ਹੋਇਐਂ, ਇਹਦੇ 'ਚ ਨਾ ਜਿੰਦ ਹੈ, ਨਾ ਜਾਨ ਹੈ, ਸਿਰਫ ਅੱਖਾਂ ਨੂੰ ਦੇਖਣ ਨੂੰ ਹੀ ਸੋਹਣਾ ਲਗਦਾ ਹੈ। ਕਿਸੇ ਨੂੰ ਨਰਕ ਤੋਂ ਨਹੀਂ ਛੁਡਾ ਸਕਦਾ, ਕਿਸੇ ਦੀ ਬੀਮਾਰੀ ਨਹੀਂ ਇਹ ਹਟਾ ਸਕਦਾ, ਕਿਸੇ ਦੀ ਇਛਿਆ ਪੂਰੀ ਨਹੀਂ ਕਰ ਸਕਦਾ। ਇਸ ਦੇ ਮੁਕਾਬਲੇ ਤੇ ਪ੍ਰਮੇਸ਼ਰ ਦਾ ਨਾਮ ਕਿਤਨਾ ਕੀਮਤੀ ਹੈ ਜਿਸਨੇ ਛੋਟੇ ਛੋਟਿਆਂ ਨੂੰ ਐਡੀ ਵੱਡੀ ਪਦਵੀ ਦਿਵਾ ਦਿਤੀ। ਦੇਖ ਲਵੋ ਨਾਮਦੇਵ ਜੀ ਨੂੰ ਛੇ ਸੌ ਸਾਲ ਹੋ ਗਏ, ਅੱਜ ਵੀ ਦਿਲਾਂ ਤੇ ਰਾਜ ਕਰ ਰਹੇ ਨੇ।

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨ ਭਿੰਨਾ॥***
***ਪੰਨਾ - 707***

ਕਬੀਰ ਸਾਹਿਬ ਨੂੰ ਦੇਖ ਲਓ, ਕਿੰਨੇ ਸਾਲ ਬੀਤ ਗਏ, ਸਾਢੇ ਪੰਜ ਸੌ ਸਾਲ ਹੋ ਗਏ, ਅਜੇ ਤੱਕ ਵੀ ਦਿਲਾਂ ਤੇ ਰਾਜ ਕਰ ਰਹੇ ਨੇ ਤੇ ਉਨ੍ਹਾਂ ਨੇ ਆਪਣੇ ਹੁੰਦਿਆਂ ਸਾਢੇ ਸੱਤ ਕਰੋੜ

ਬੰਦਿਆਂ ਦਾ ਉਧਾਰ ਕੀਤਾ ਸੀ। ਰਵਿਦਾਸ ਜੀ ਕਿੰਨੇ ਕੁ ਧਨੀ ਸਨ –

***ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥***
***ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ।।***
***ਪੰਨਾ – 487***

ਤੇ ਉਹ ਪ੍ਰਮੇਸ਼ਰ ਦੇ ਪਿਆਰੇ ਹੋ ਕੇ ਸੰਸਾਰ ਦਾ ਉਧਾਰ ਕਰਦੇ ਰਹੇ।

***ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥***
***ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ॥***
***ਪੰਨਾ – 488***

ਸੋ ਐਸੇ ਛੋਟੇ ਛੋਟੇ ਮਨੁੱਖ ਪ੍ਰਮੇਸ਼ਰ ਦਾ ਨਾਮ ਲੈ ਕੇ ਕਿੰਨੀ ਕਿੰਨੀ ਅਵਸਥਾ ਨੂੰ ਪ੍ਰਾਪਤ ਹੋ ਗਏ ਤੇ ਕੋਈ ਇਨ੍ਹਾਂ ਦੇ ਮੁਕਾਬਲੇ ਕਿਸੇ ਬਾਦਸ਼ਾਹ ਨੂੰ ਕਦੇ ਕੋਈ ਵੀ ਯਾਦ ਨਹੀਂ ਕਰਦਾ। ਲੇਕਿਨ ਇਨ੍ਹਾਂ ਦਾ ਪਿਆਰ ਆਉਂਦਾ ਹੈ ਤੇ ਇਹ ਹਿਰਦੇ ਵਿਚ ਵਸਦੇ ਹਨ। ਇਨ੍ਹਾਂ ਦੀ ਬਾਣੀ ਪੜ੍ਹਦੇ ਹਾਂ ਕਿਉਂਕਿ ਇਨ੍ਹਾਂ ਨੇ ਨਾਮ ਵਿਹਾਜ ਲਿਆ।

ਮਹਾਰਾਜ ਸਾਲਸਰਾਇ ਨੂੰ ਕਹਿਣ ਲੱਗੇ, "ਭਾਈ! ਤੂੰ ਪੱਥਰਾਂ ਵਾਲੀ ਬਿਰਤੀ ਦਾ ਤਿਆਗ ਕਰਕੇ ਆਤਮ ਵਿਸ਼ਾਇਣੀ ਬੁਧ ਕਰ ਲੈ ਤੇ ਇਸ ਆਤਮ ਵਿਸ਼ਾਇਣੀ ਬੁੱਧੀ ਰਾਹੀਂ ਤੈਨੂੰ ਸੱਚੇ ਨਾਮ ਦਾ ਪਤਾ ਲੱਗ ਸਕੇਗਾ।"

ਨਾਮ ਦੀ ਕਿੰਨੀ ਤਾਕਤ ਹੁੰਦੀ ਹੈ, ਇਸ ਬਾਰੇ ਇਕ ਛੋਟੀ ਜਿਹੀ ਸਾਖੀ ਰਾਹੀਂ ਪਤਾ ਲਗ ਜਾਏਗਾ ਕਿ ਭਾਈ ਘਨਈਆ ਜੀ ਨੇ ਜਦੋਂ ਮੈਦਾਨੇ ਜੰਗ ਵਿਚ ਦੁਸ਼ਮਣਾਂ ਨੂੰ ਪਾਣੀ ਪਿਲਾਇਆ ਤਾਂ ਉਸ ਦੀ ਸ਼ਕਾਇਤ ਹੋਈ ਤੇ ਮਹਾਰਾਜ ਦੇ ਪੇਸ਼ੀ ਹੋਈ ਤਾਂ ਉਸ ਨੇ ਦੱਸਿਆ ਕਿ ਮਹਾਰਾਜ! ਮੈਨੂੰ ਤੇਰੇ ਬਿਨਾਂ ਹੋਰ ਕੋਈ ਦਿਸਦਾ ਹੀ ਨਹੀਂ, ਸਾਰਿਆਂ ਵਿਚ ਤੂੰ ਹੀ ਤੂੰ ਨਜ਼ਰ ਆ ਰਿਹਾ ਹੈਂ। ਪੇਸ਼ੀ ਇਸ ਕਰਕੇ ਹੋਈ ਸੀ ਕਿ ਉਸ ਵੇਲੇ ਜਿਹੜਾ ਮੁਗਲਖਾਨ ਜਰਨੈਲ ਸੀ ਉਸ ਨੂੰ ਇਹ ਪਾਣੀ ਪਿਲਾ ਰਿਹਾ ਸੀ। ਉਸ ਨੇ ਇਹ ਬੀੜਾ ਚੁਕਿਆ ਸੀ ਕਿ ਮੈਂ ਅੱਜ ਗੁਰੂ ਗੋਬਿੰਦ ਸਿੰਘ ਨੂੰ ਫੜ ਕੇ ਲਿਆਵਾਂਗਾ। ਉਸ ਵੇਲੇ ਮਹਾਰਾਜ ਜੀ ਪਾਸ ਥੋੜ੍ਹੇ ਹੀ ਸਿੰਘ ਰਹਿ ਗਏ ਸੀ, ਪੰਜ ਸੌ ਜਾਂ ਸੱਤ ਸੌ ਹੋਵੇਗਾ ਤੇ ਉਹ ਵੀ ਭੁਖੇ ਤਿਹਾਏ ਸਨ ਕਿਉਂਕਿ ਅਨੰਦਪੁਰ ਸਾਹਿਬ ਨੂੰ ਛੇ ਮਹੀਨੇ ਤੋਂ ਘੇਰਾ ਪਿਆ ਹੋਇਆ ਸੀ। ਇਹ ਉਨ੍ਹਾਂ ਨੂੰ ਪਾਣੀ ਪਿਲਾਉਂਦਾ ਫਿਰ ਰਿਹਾ ਸੀ ਤੇ ਜਦੋਂ ਮੁਗਲਖਾਨ ਨੂੰ ਪਾਣੀ ਪਿਲਾਇਆ ਤਾਂ ਉਸ ਦੀਆਂ ਮਰਦੇ ਮਰਦੇ ਦੀਆਂ ਅੱਖਾਂ ਖੁਲ੍ਹ ਗਈਆਂ। ਉਸ ਨੂੰ ਦੇਖ ਕੇ ਕਹਿਣ ਲੱਗਾ, ਤੂੰ ਕੌਣ ਹੈਂ? ਤੂੰ ਸਾਡੀ ਮੁਗਲ ਫੌਜ ਦਾ ਨਜ਼ਰ ਨਹੀਂ ਆਉਂਦਾ। ਕਹਿਣ ਲੱਗਿਆ ਕਿ ਮੈਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਦਨਾ ਜਿਹਾ ਸੇਵਕ ਹਾਂ। ਉਸ ਨੇ ਕਿਹਾ, "ਤੂੰ ਗੁਰੂ ਗੋਬਿੰਦ ਸਿੰਘ ਦਾ ਸੇਵਕ ਤੇ ਮੈਨੂੰ ਪਾਣੀ ਪਿਲਾਵੇਂ ਪਰ ਮੈਂ ਤਾਂ ਐਨਾ ਦੁਸ਼ਟ ਹਾਂ ਕਿ ਮੈਂ ਉਨ੍ਹਾਂ ਨੂੰ ਫੜਨ ਵਾਸਤੇ ਜਾ ਰਿਹਾ ਸੀ। ਤੂੰ ਮੈਨੂੰ ਬਚਾ ਰਹਿੈਂ? ਤੈਨੂੰ ਇਹ ਪਤਾ ਹੈ ਕਿ ਮੈਂ ਰਾਜੀ ਹੋ ਗਿਆ ਤਾਂ ਮੈਂ ਦੁਬਾਰਾ ਫੇਰ ਚੜ੍ਹਾਈ ਕਰਕੇ ਆਵਾਂਗਾ?" ਭਾਈ ਘਨਈਆ ਕਹਿਣ ਲੱਗੇ, "ਇਹ ਤੂੰ ਜਾਣ ਤੇਰਾ ਕੰਮ ਜਾਣੇ ਪਰ ਮੈਨੂੰ ਤਾਂ ਸਾਰੇ ਪ੍ਰਮੇਸ਼ਰ ਹੀ ਨਜ਼ਰ ਆਉਂਦਾ ਹੈ, ਦੂਜਾ ਨਹੀਂ ਨਜ਼ਰ ਆਉਂਦਾ।"

ਜਦੋਂ ਮਹਾਰਾਜ ਨੇ ਪੁਛਿਆ, "ਘਨਈਆ! ਅੱਜ ਤੂੰ ਤੁਰਕਾਂ ਨੂੰ ਪਾਣੀ ਪਿਲਾ ਰਿਹਾ ਸੀ?"

"ਨਹੀਂ ਮਹਾਰਾਜ!"

"ਫੇਰ ਖਾਲਸੇ ਨੂੰ ਪਾਣੀ ਪਿਲਾਉਂਦਾ ਸੀ?"

"ਨਾ ਮਹਾਰਾਜ!"

ਸਿੰਘ ਕਹਿੰਦੇ ਇਹ ਝੂਠ ਬੋਲ ਰਿਹਾ ਹੈ, ਇਹ ਤੁਰਕਾਂ ਨੂੰ ਪਾਣੀ ਪਿਲਾਉਂਦਾ ਸੀ, ਹੁਣ ਰਾਤ ਦੇ ਗਿਆਰ੍ਹਾਂ ਵਜੇ ਫੜ ਕੇ ਲਿਆਂਦਾ ਹੈ। ਮਹਾਰਾਜ ਕਹਿਣ ਲੱਗੇ, ਖਾਮੋਸ਼। ਫੇਰ ਭਾਈ ਘਨਈਆ ਤੂੰ ਕਿਸ ਨੂੰ ਪਾਣੀ ਪਿਲਾਉਂਦਾ ਰਿਹਾ ਹੈਂ? ਕਹਿਣ ਲੱਗਾ, "ਸੱਚੇ ਪਾਤਸ਼ਾਹ! ਮੈਂ ਤਾਂ ਗੁਰੂ ਗੋਬਿੰਦ ਸਿੰਘ ਨੂੰ ਪਾਣੀ ਪਿਲਾਇਆ ਹੈ, ਮੈਂ ਤਾਂ ਆਪ ਨੂੰ ਹੀ ਪਾਣੀ ਪਿਲਾਉਂਦਾ ਰਿਹਾ ਹਾਂ, ਕਿਉਂਕਿ ਤੁਸੀਂ ਘਟ ਘਟ ਦੇ ਵਿਚ ਵਿਆਪਕ ਹੋ।"

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥ ਪੰਨਾ – 394***

ਮਹਾਰਾਜ ਉਠ ਕੇ ਖੜ੍ਹੇ ਹੋ ਗਏ ਤੇ ਕਹਿਣ ਲੱਗੇ, ਭਾਈ ਘਨਈਆ! ਨਿਹਾਲ! ਨਿਹਾਲ! ਨਿਹਾਲ! ਤੂੰ ਗੁਰੂ ਨਾਨਕ ਦੀ ਸਿੱਖੀ ਨੂੰ ਸਹੀ ਤਰੀਕੇ ਨਾਲ ਸਮਝਿਆ ਹੈ। ਸਾਡਾ ਕਿਸੇ ਨਾਲ ਵੈਰ ਨਹੀਂ; ਜਿਹੜਾ ਸਤਿਗੁਰ ਪੁਰਖ ਹੁੰਦਾ ਹੈ, ਉਸ ਦੀ ਕਿਰਿਆ ਹੀ ਅਜੀਬ ਹੁੰਦੀ ਹੈ – ਇਸ ਤਰ੍ਹਾਂ ਕਹਿੰਦੇ ਹਨ –

***ਧਾਰਨਾ – ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ –2, 2.***
***ਸਤਿਗੁਰ ਪੁਰਖ ਅਗੰਮ ਹੈ –2, 2.***
***ਨਿਰਵੈਰ ਨਿਰਾਲਾ ਜੀ, ............. –2.***

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ॥***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ॥***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ॥***
***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥***
***ਭਾਈ ਗੁਰਦਾਸ ਜੀ, ਵਾਰ 34/1***

ਭਾਈ ਘਨਈਆ! ਸਾਡਾ ਕਿਸੇ ਨਾਲ ਵੈਰ ਨਹੀਂ ਹੈ। ਸ਼ੀਸ਼ੇ ਦੇ ਵਿਚ ਕੋਈ ਵਿੰਗਾ ਮੂੰਹ ਕਰਕੇ ਦੇਖਦਾ ਹੈ ਤਾਂ ਵਿੰਗਾ ਨਜ਼ਰ ਆਉਂਦਾ ਹੈ, ਸਿੱਧਾ ਕਰਕੇ ਦੇਖਦਾ ਹੈ ਤਾਂ ਸਿੱਧਾ ਨਜ਼ਰ ਆਉਂਦਾ ਹੈ। ਸਤਿਗੁਰੂ ਤਾਂ ਭਾਵਨਾ ਦਾ ਫਲ ਦਿੰਦਾ ਹੈ। ਇਹ ਚੜ੍ਹ ਕੇ ਆਉਂਦੇ ਨੇ, ਸਾਡੀ ਕ੍ਰਿਪਾ ਹੈ ਇਨ੍ਹਾਂ ਨੂੰ ਜਿਹੋ ਜਿਹੀ ਭਾਵਨਾ ਹੈ ਵੈਸਾ ਹੀ ਫਲ ਮਿਲੇਗਾ। ਠੀਕ ਹੈ, ਤੂੰ ਆਹ ਫੜ ਮਲ੍ਹਮ ਤੇ ਆਹ ਫੜ ਪੱਟੀ, ਅੱਜ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਨੂੰ ਇਕੱਲਾ ਪਾਣੀ ਨਾ ਪਿਲਾਈਂ; ਜ਼ਖਮ ਧੋਵੀਂ, ਫੇਰ ਮਲ੍ਹਮ ਲਾ ਕੇ ਪੱਟੀ ਬੰਨ੍ਹਿਆ ਕਰੀਂ। ਇਸ ਕਰਕੇ ਅਸੀਂ ਤੇਰੇ ਤੇ ਬਹੁਤ ਪ੍ਰਸੰਨ ਹਾਂ। ਜਾਹ, ਤੇਰੇ ਅਤੇ ਮੇਰੇ ਵਿਚ ਹੁਣ ਕੋਈ ਫਰਕ ਨਹੀਂ ਰਿਹਾ।

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਜਾਹ, ਸਿੱਖੀ ਦਾ ਪ੍ਰਚਾਰ ਕਰ। ਗੁਰੂ ਨਾਨਕ ਦਾ ਉਪਦੇਸ਼ ਸਾਰੀ ਦੁਨੀਆਂ ਵਿਚ ਵੰਡ, ਜਿਹੜਾ ਸਭਨਾਂ ਵਾਸਤੇ ਸਾਂਝਾ ਹੈ –

*ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥*
*ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥*
*ਪੰਨਾ – 747*

ਜਾਹ, ਸਾਰੇ ਸੰਸਾਰ ਨੂੰ ਜਾ ਕੇ ਗੁਰੂ ਨਾਨਕ ਦਾ ਉਪਦੇਸ਼ ਵੰਡ ਕਿਉਂਕਿ ਇਹ ਸਭ ਦਾ ਸਾਂਝਾ ਹੈ। ਹਿੰਦੂਆਂ ਨੂੰ ਦੇਹ, ਮੁਸਲਮਾਨਾਂ ਨੂੰ ਦੇਹ, ਈਸਾਈਆਂ ਨੂੰ ਦੇਹ, ਇਨ੍ਹਾਂ ਨੂੰ ਕਹਿ ਕਿ ਆਪਣਾ ਆਪ ਪਛਾਣੋ, ਤੁਸੀਂ ਸਭ ਪ੍ਰਮੇਸ਼ਰ ਦੀ ਅੰਸ਼ ਹੋ, ਪ੍ਰਮੇਸ਼ਰ ਤੋਂ ਬਗੈਰ ਦੂਜਾ ਕੋਈ ਨਹੀਂ ਹੈ। ਤੁਸੀਂ ਆਪਸ ਵਿਚ ਪਿਆਰ ਕਰੋ ਤੇ ਇਕ ਦੂਜੇ ਨਾਲ ਵੈਰ ਨਾ ਕਰੋ।

ਭਾਈ ਘਨਈਆ ਨਮਸ਼ਕਾਰ ਕਰਕੇ ਚਲਿਆ ਜਾਂਦਾ ਹੈ ਤੇ ਮੁਗਲਖਾਨ ਭਾਲਦਾ ਭਾਲਦਾ ਪਿਛੇ ਚਲਿਆ ਗਿਆ ਤੇ ਭਾਈ ਘਨਈਏ ਦੀ ਸਮਾਧੀ ਲੱਗੀ ਹੋਈ ਹੈ। ਇਹ ਦੋ ਘੰਟੇ ਖੜ੍ਹਾ ਰਿਹਾ ਤੇ ਉਹ ਦਰਿਆ ਦੇ ਕੰਢੇ ਬੈਠੇ ਬੰਦਗੀ ਕਰ ਰਹੇ ਹਨ। ਜਦੋਂ ਉਨ੍ਹਾਂ ਨੇ ਦੋ ਘੰਟੇ ਬਾਅਦ ਨੇਤਰ ਖੋਲ੍ਹੇ, ਇਸ ਨੇ ਇਕ ਪਾਰਸ, ਜੋ ਇਸ ਦੇ ਖਾਨਦਾਨ ਪਾਸ ਸੀ, ਉਹ ਵੱਟੀ ਭਾਈ ਘਨਈਏ ਦੇ ਚਰਨਾਂ ਵਿਚ ਰੱਖ ਕੇ ਕਿਹਾ ਕਿ ਮਹਾਰਾਜ! ਮੈਨੂੰ ਪਛਾਣਦੇ ਹੋ? ਮੈਂ ਉਹੀ ਹਾਂ ਜਿਸ ਦੀ ਤੁਸੀਂ ਜਾਨ ਬਚਾਈ ਸੀ। ਕਹਿਣ ਲੱਗੇ, "ਤੂੰ ਤਾਂ ਫੌਜਾਂ ਦਾ ਜਰਨੈਲ ਸੀ।" ਕਹਿਣ ਲੱਗਾ ਕਿ ਆਪ ਨੇ ਮੈਨੂੰ ਪਾਣੀ ਕੀ ਪਿਲਾਇਆ, ਉਹ ਤਾਂ ਕੋਈ ਆਬੇ ਹਿਆਤ (ਅੰਮ੍ਰਿਤ) ਸੀ ਜਿਸ ਨੇ ਮੇਰੇ ਵਿਚੋਂ ਸਭ ਬੁਰਿਆਈਆਂ ਕੱਢ ਦਿਤੀਆਂ। ਮੈਂ ਉਸੇ ਦਿਨ ਤੋਂ ਆਪ ਦਾ ਮੁਰੀਦ ਬਣ ਗਿਆ ਤੇ ਮੇਰੇ ਵੀ ਹਿਰਦੇ ਵਿਚ ਆ ਗਿਆ ਕਿ ਮੈਂ ਵੀ ਤੁਹਾਡੇ ਵਾਂਗ ਮਸ਼ਕ ਚੁਕ ਕੇ ਪਾਣੀ ਪਿਲਾਵਾਂ। ਹੁਣ ਮੇਰੇ ਹਿਰਦੇ ਵਿਚ ਜਰਨੈਲੀ ਨਹੀਂ ਰਹੀ, ਮੈਂ ਤਾਂ ਸਾਧ ਬਣ ਗਿਆ ਮਹਾਰਾਜ! ਮੇਰੇ ਨੇਤਰ ਖੁਲ੍ਹ ਗਏ ਤੇ ਸਭ ਤੋਂ ਕੀਮਤੀ ਚੀਜ਼ ਮੈਂ ਆਪ ਦੀ ਭੇਟਾ ਲੈ ਕੇ ਆਇਆ ਹਾਂ।

ਭਾਈ ਘਨਈਆ ਕਹਿਣ ਲਗੇ, "ਪ੍ਰੇਮੀਆਂ! ਇਹ ਪਾਰਸ ਦੀ ਵੱਟੀ ਸਾਡੇ ਕਿਸੇ ਕੰਮ ਨਹੀਂ ਹੈ, ਅਸੀਂ ਇਸ ਦਾ ਕੀ ਕਰਨਾ ਹੈ?"

ਕਹਿਣ ਲੱਗਾ, "ਮਹਾਰਾਜ! ਇਹ ਬੜੇ ਕੰਮ ਆਉਂਦੀ ਹੈ, ਆਪ ਤਿਆਗ ਨਾ ਕਰੋ, ਆਪ ਪਰਉਪਕਾਰ ਵਾਸਤੇ ਵਰਤੋ।"

"ਪ੍ਰੇਮੀਆਂ! ਸਾਨੂੰ ਪ੍ਰਵਿਰਤੀ ਵਿਚ ਪੈਣ ਦੀ ਲੋੜ ਨਹੀਂ, ਅਸੀਂ ਨਿਰਵਿਰਤੀ ਵਿਚ ਹੀ ਠੀਕ ਹਾਂ। ਅਸੀਂ ਮਿਹਨਤ ਕਰਕੇ, ਬਾਣ ਵੱਟ ਕੇ, ਮੁੰਜ ਕੁੱਟ ਕੇ ਪ੍ਰਸ਼ਾਦੇ ਛਕ ਲਵਾਂਗੇ ਕਿਉਂਕਿ ਇਸ ਵਿਚ ਬਰਕਤ ਹੁੰਦੀ ਹੈ।

*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥ ਪੰਨਾ – 1245*

ਇਹ ਸਾਡੇ ਵਾਸਤੇ ਨਹੀਂ ਹੈ ਇਹ ਸਾਨੂੰ ਵੀ ਭੁਲਾ ਦੇਵੇਗੀ ਤੇ ਸਾਡੇ ਸੇਵਕਾਂ ਨੂੰ ਵੀ ਭੁਲਾ ਦੇਵੇਗੀ। ਇਸ ਕਰਕੇ ਇਸ ਨੂੰ ਤੂੰ ਆਪਣੇ ਕੋਲ ਹੀ ਰੱਖ। ਤੁਸੀਂ ਦੁਨੀਆਂਦਾਰ ਬੰਦੇ ਪੈਸੇ ਟਕੇ ਨੂੰ ਪਿਆਰ ਕਰਦੇ ਹੋ ਪਰ ਅਸੀਂ ਤਾਂ ਕੇਵਲ ਪ੍ਰਮੇਸ਼ਰ ਦੇ ਨਾਮ ਨੂੰ ਪਿਆਰ ਕਰਦੇ ਹਾਂ। ਭਾਵੇਂ ਨਾਮ ਦੋ ਅਖਰ ਹੀ ਹਨ – 'ਰਾਮ, ਅੱਲਾ, ਵਾਹਿਗੁਰੂ' ਤੇ ਇਸ ਨਾਮ ਵਿਚ ਐਨੀ ਸ਼ਕਤੀ ਹੈ ਕਿ ਜਿਸ ਬਾਰੇ ਪਤਾ ਹੀ ਨਹੀਂ ਹੁੰਦਾ, ਇਸ ਕਰਕੇ ਸਾਨੂੰ ਤਾਂ ਇਹੀ ਪਿਆਰਾ ਹੈ। ਤੂੰ ਰੱਖ ਲੈ ਤੁਸੀਂ ਦੁਨੀਆਂਦਾਰ ਦੁੱਧ, ਪੁੱਤ ਦੇ ਭੁਖੇ ਹੋ, ਬੱਚਿਆਂ ਦੀ ਭੁੱਖ ਤੁਹਾਨੂੰ ਹੈ, ਜ਼ਮੀਨ ਦੀ ਭੁਖ ਤੁਹਾਨੂੰ ਹੈ, ਕਾਰੋਬਾਰ ਦੀ ਤੁਹਾਨੂੰ ਭੁੱਖ ਹੈ ਤੇ ਮੁਕਦਮੇ ਜਿੱਤਣ ਦੀ ਭੁੱਖ ਤੁਹਾਨੂੰ ਲਗੀ ਹੋਈ ਹੈ ਤੇ ਸਿਹਤ ਠੀਕ ਕਰਨ ਦੀ ਤੁਹਾਨੂੰ ਭੁੱਖ ਹੈ। ਮੁਗਲਖਾਨ! ਅਸੀਂ ਇਹ ਭੁੱਖਾਂ ਖਤਮ ਕਰ ਦਿਤੀਆਂ ਹੋਈਆਂ ਹਨ, ਸਾਨੂੰ ਹੁਣ ਹੋਰ ਕੋਈ ਭੁੱਖ ਨਹੀਂ ਰਹੀ; ਜੇ ਭੁੱਖ ਹੈ ਤਾਂ ਕੇਵਲ ਇਕ ਨਾਮ ਦੀ ਭੁੱਖ ਹੈ–

*ਸਾਚੇ ਨਾਮ ਕੀ ਲਾਗੈ ਭੂਖ॥*
*ਉਤੁ ਭੂਖੈ ਖਾਇ ਚਲੀਅਹਿ ਦੂਖ॥ ਪੰਨਾ – 9*

ਨਾਮ ਦੀ ਭੁੱਖ ਐਸੀ ਹੈ ਕਿ ਸਾਰੇ ਦੁਖਾਂ ਨੂੰ ਖਾ ਜਾਂਦੀ ਹੈ ਤੇ ਕੋਈ ਦੁਖ ਬਾਕੀ ਨਹੀਂ ਰਹਿੰਦਾ, ਕੋਈ ਵਾਸ਼ਨਾ ਨਹੀਂ ਰਹਿੰਦੀ, ਕੋਈ ਕਲਪਨਾ ਨਹੀਂ ਰਹਿੰਦੀ, ਸਾਰੀਆਂ ਕਲਪਨਾਵਾਂ ਖਤਮ ਹੋ ਕੇ ਪਰਮ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ। ਸੋ ਇਸ ਕਰਕੇ ਸਾਨੂੰ ਇਸ ਪਾਰਸ ਦੀ ਕੋਈ ਲੋੜ ਨਹੀਂ ਹੈ।" ਉਹ ਬਾਰ-ਬਾਰ ਬੇਨਤੀ ਕਰਦਾ ਹੈ ਕਿ ਮਹਾਰਾਜ! ਅੰਗੀਕਾਰ ਕਰੋ। ਕਹਿਣ ਲੱਗੇ, ਹੁਣ ਤੂੰ ਸਾਨੂੰ ਦੇ ਦਿਤਾ, ਫੇਰ ਸਾਡਾ ਹੋਇਆ ਨਾ? ਸਾਡੀ ਖੁਸ਼ੀ ਵਿਚ ਤੂੰ ਖੁਸ਼ ਹੈਂ? ਕਹਿੰਦਾ, "ਹਾਂ ਮਹਾਰਾਜ।" ਭਾਈ ਘਨਈਆ ਨੇ ਪਾਰਸ ਮੁਹਰਿਓਂ ਚੁਕ ਕੇ ਦਰਿਆ ਵਿਚ ਸੁਟ ਦਿਤਾ। ਉਹ ਹੈਰਾਨ ਹੋ ਗਿਆ, ਕਹਿੰਦਾ, "ਮਹਾਰਾਜ! ਇਹ ਤਾਂ ਲੱਭਣਾ ਹੀ ਨਹੀਂ, ਇਹ ਤਾਂ ਬਹੁਤ ਕੀਮਤੀ ਸੀ।" ਰੋਣ ਲੱਗ ਪਿਆ। "ਮੈਂ ਤਾਂ ਇਹ ਚਾਹੁੰਦਾ ਸੀ ਕਿ ਤੁਸੀਂ ਵਰਤਦੇ ਤੇ ਮੈਂ ਵੇਖਦਾ ਰਹਿੰਦਾ।" ਕਹਿਣ ਲੱਗੇ, "ਮੂਰਖਾ! ਤੇਰੀ ਹਉਮੈ ਬਣੀ ਰਹਿਣੀ ਸੀ, ਤੂੰ ਦਾਨ ਦੇ ਨਾਲ ਜੁੜਿਆ ਰਹਿਣਾ ਸੀ, ਹਰ ਵਕਤ ਤੇਰੇ ਮਨ ਵਿਚ ਰਹਿਣ ਕਰਕੇ ਫਲੀਭੂਤ ਨਹੀਂ ਸੀ ਹੋਣਾ। ਇਸ ਕਰਕੇ ਇਸ ਨੂੰ ਰਹਿਣ ਦੇ; ਜੇਕਰ ਤੈਨੂੰ ਲੋੜ ਹੈ ਤਾਂ ਦੱਸ।" ਕਹਿਣ ਲੱਗਿਆ, "ਮਹਾਰਾਜ! ਜੇ ਤੁਹਾਨੂੰ ਲੋੜ ਨਹੀਂ ਤਾਂ ਮੈਨੂੰ ਵਾਪਸ ਕਰ ਦਿਓ।" ਆਪ ਨੇ ਦਰਿਆ ਵੱਲ ਦ੍ਰਿਸ਼ਟੀ ਕਰੀ ਤੇ ਹੁਕਮ ਕੀਤਾ ਕਿ ਇਹਦਾ ਪਾਰਸ ਮੋੜ ਦੇ। ਦੇਖਦੇ ਦੇਖਦੇ ਦਰਿਆ ਦਾ ਪਾਣੀ ਦੋ ਧਾਰਾਂ ਵਿਚ ਵਗਣ ਲੱਗ ਪਿਆ। ਵਿਚਾਲੇ ਉਚਾ ਥਾਂ ਸੀ। ਕਹਿਣ ਲੱਗੇ, ਜਾਹ ਭਾਈ! ਹੁਣ ਪਾਣੀ ਥੋੜ੍ਹਾ ਹੈ, ਜਾ ਕੇ ਆਪਣਾ ਪਾਰਸ ਚੁਕ ਲਿਆ। ਜਦੋਂ ਉਥੇ ਪਾਰਸ ਚੁਕਣ ਵਾਸਤੇ ਪਹੁੰਚਿਆ ਤਾਂ ਹੈਰਾਨ ਹੋ ਗਿਆ ਕਿ ਉਥੇ ਸਾਰੇ ਪਾਰਸ ਹੀ ਪਾਰਸ ਪਏ ਹਨ। ਉਸਦੀ ਵੱਟੀ ਤਾਂ ਛੋਟੀ ਜਿਹੀ ਸੀ, ਇਥੇ ਤਾਂ ਵੱਡੇ ਵੱਡੇ ਪਏ ਸਨ। ਵਾਪਸ ਆ ਕੇ

(ਬਾਕੀ ਪੰਨਾ 46 ਤੇ)

# ਆਜ਼ਾਦੀ ਸੰਘਰਸ਼ ਤੇ ਨਾਮਧਾਰੀ

***ਦਲੀਪ ਸਿੰਘ ਨਾਮਧਾਰੀ***

***ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ***
***ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।***
***ਜਿਨ੍ਹਾਂ ਦੇਸ਼-ਸੇਵਾ ਵਿਚ ਹੱਥ ਪਾਇਆ***
***ਉਨ੍ਹਾਂ ਲੱਖਾਂ ਮੁਸੀਬਤਾਂ ਝੱਲੀਆਂ ਨੇ।***

ਭਾਵੇਂ ਅਨੇਕਾਂ ਕਾਰਨ ਇਕੱਤਰ ਹੋ 1857 ਦੇ ਗਦਰ ਨੂੰ ਜਨਮ ਦਿਤਾ ਤੇ ਇਸ ਗਦਰ ਨੂੰ ਬਰਤਾਨਵੀ ਹਕੂਮਤ ਨੇ ਵਕਤੀ ਤੌਰ ਤੇ ਪੂਰੇ ਯਤਨਾਂ ਨਾਲ ਦਬਾ ਦਿਤਾ ਸੀ ਪਰ ਇਸ ਦਾ ਭਾਰਤ ਵਾਸੀਆਂ ਦੇ ਮਨਾਂ ਤੇ ਆਜ਼ਾਦ ਭਾਰਤ ਦਾ ਇਕ ਨਵਾਂ ਅਤੇ ਸਾਖਿਆਤ ਸੁਪਨਾ ਉਕਰਿਆ ਗਿਆ ਸੀ। ਪੰਜਾਬ ਦੇ ਮਹਾਰਾਜਾ ਦਲੀਪ ਸਿੰਘ ਨੂੰ ਗੱਦੀਓਂ ਲਾਹ ਕੇ ਅੰਗ੍ਰੇਜ਼ੀ ਸਰਕਾਰ ਨੇ ਨਵਾਂ-ਨਵਾਂ ਰਾਜ ਸਥਾਪਤ ਕਰ ਲਿਆ ਸੀ ਜਦੋਂ ਸੰਨ 1850 ਵਿਚ ਬਾਬਾ ਮਹਾਰਾਜ ਸਿੰਘ ਜੀ, ਜਿਨ੍ਹਾਂ ਨੇ ਸਿੱਖ ਰਾਜ ਨੂੰ ਮੁੜ ਗਠਿਤ ਕਰਨ ਦਾ ਉਦਮ ਕੀਤਾ, ਨੂੰ ਜਲਾਵਤਨ ਕਰਕੇ ਸਿੰਘਾਪੁਰ ਭੇਜ ਦਿਤਾ ਗਿਆ ਜਿਥੇ ਉਹ 5 ਜੁਲਾਈ 1856 ਨੂੰ ਅਕਾਲ ਚਲਾਣਾ ਕਰ ਗਏ।

ਉਪਰੋਕਤ ਘਟਨਾਵਾਂ ਨੇ ਪੰਜਾਬ ਦੇ ਇਕ ਬਹੁਤ ਹੀ ਪ੍ਰਭਾਵਸ਼ਾਲੀ ਵਰਗ ਤੇ ਡੂੰਘਾ ਅਸਰ ਕੀਤਾ ਅਤੇ ਆਮ ਲੋਕਾਈ ਵਿਚ ਰੋਹ ਉਤਪੰਨ ਕਰ ਦਿਤਾ। ਇਨ੍ਹਾਂ ਕਾਰਨਾਂ ਤੋਂ ਇਲਾਵਾ ਵਿਦੇਸ਼ੀ ਸਰਕਾਰ ਨੇ ਜਦੋਂ ਧਰਮ ਦੇ ਨਾਮ ਉਤੇ ਲੋਕਾਂ ਨੂੰ ਲੜਾਉਣ ਅਤੇ ਗੁਲਾਮੀ ਦਾ ਅਹਿਸਾਸ ਕਰਾਉਣ ਲਈ ਪੰਜਾਬ ਵਿਚ ਬਹੁਤ ਸਾਰੀਆਂ ਧਾਰਮਿਕ ਥਾਵਾਂ ਤੇ ਗਊ-ਬੱਧ ਲਈ ਬੁਚੜਖਾਨੇ ਖੋਲ੍ਹ ਦਿਤੇ ਤਾਂ ਇਨ੍ਹਾਂ ਧਾਰਮਿਕ ਥਾਵਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਹੀ ਕੂਕੇ ਨਾਮਧਾਰੀ ਸਿੰਘਾਂ ਨੇ ਆਪਣਾ ਮੁੱਖ ਟੀਚਾ ਮਿਥ ਲਿਆ। ਇਹੀ ਕਾਰਨ ਸੀ ਜੋ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਕੋਲ ਘੰਟਾ ਘਰ ਵਾਲੀ ਜਗ੍ਹਾ ਤੇ ਬਣਿਆ ਬੁਚੜਖਾਨਾ, ਰਾਏਕੋਟ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਵਾਰੇ ਦੇ ਨਜ਼ਦੀਕ ਹੀ ਖੋਲ੍ਹੇ ਗਏ ਬੁਚੜਖਾਨੇ ਅਤੇ ਮਲੇਰਕੋਟਲਾ ਵਿਖੇ ਖੋਲ੍ਹੇ ਗਏ ਇਕ ਬਹੁਤ ਵੱਡੇ ਬੁਚੜਖਾਨੇ ਉਪਰ ਹਰਮਨ ਪਿਆਰੇ ਸਤਿਕਾਰੇ ਮਹਾਂਪੁਰਸ਼ (ਸਤਿਗੁਰੂ) ਰਾਮ ਸਿੰਘ ਜੀ ਦੇ ਮਰਜੀਵੜਿਆਂ ਨੂੰ ਹੱਲਾ ਬੋਲਣਾ ਪਿਆ। ਇਸ ਦੇ ਬਦਲੇ ਤਿੰਨ ਸਿੰਘਾਂ ਨੂੰ ਰਾਏਕੋਟ ਵਿਖੇ, ਚਾਰ ਸਿੰਘਾਂ ਨੂੰ ਅੰਮ੍ਰਿਤਸਰ, ਦੋ ਨੂੰ ਲੁਧਿਆਣੇ ਸੈਂਟਰਲ ਜੇਲ੍ਹ ਦੇ ਬਾਹਰ ਫਾਂਸੀ ਦੇ ਰੱਸੇ ਗਲਾਂ ਵਿਚ ਪਾ ਸ਼ਹੀਦ ਹੋਣਾ ਪਿਆ ਅਤੇ ਮਲੇਰਕੋਟਲੇ ਤਾਂ 66 ਸਿੰਘਾਂ ਨੇ ਹੱਸ-ਹੱਸ ਕੇ ਤੋਪਾਂ ਅੱਗੇ ਖੜ੍ਹੇ ਹੋ ਤੂੰਬਾ-ਤੂੰਬਾ ਹੋ ਜਾਣ ਨੂੰ ਖਿੜੇ ਮੱਥੇ ਮੰਨਿਆ। ਇਹ ਸਿੰਘ ਭਾਰਤ ਵਰਸ਼ ਦੀ ਅਜ਼ਾਦੀ ਦੇ ਉਸਾਰੇ ਜਾਣ ਵਾਲੇ ਮਹਿਲ ਦੀਆਂ ਬੁਨਿਆਦਾਂ ਦੀਆਂ ਪਹਿਲੀਆਂ ਇੱਟਾਂ ਹਨ। ਇਨ੍ਹਾਂ ਦੀ ਆਪਾ ਵਾਰੂ ਕੁਰਬਾਨੀ ਨੇ ਅਤੇ ਬਾਬਾ ਮਹਾਰਾਜ ਸਿੰਘ ਦੀ ਕੁਰਬਾਨੀ ਨੇ ਅਜ਼ਾਦ ਭਾਰਤ ਦਾ ਮਹੱਲ ਉਸਾਰਿਆ ਹੈ। ਇਹ ਸ਼ਹੀਦੀ ਸਾਕਾ 17 ਜਨਵਰੀ 1872 ਈ. ਨੂੰ ਮਲੇਰਕੋਟਲੇ ਦੇ ਉਸ ਰਕੜ ਵਿਚ ਹੋਇਆ ਜਿਸ ਨੂੰ ਅੱਜਕਲ੍ਹ ਕੂਕਿਆਂ ਦਾ ਰੱਕੜ ਕਹਿਕੇ ਯਾਦ ਕੀਤਾ ਜਾਂਦਾ ਹੈ ਅਤੇ ਜਿੱਥੇ ਅੱਜ 66 ਫੁੱਟ ਉਚਾ ਖੰਡਾ ਨਿਸ਼ਾਨੇ-ਖਾਲਸਾ-ਸ਼ਹੀਦ ਉਸਾਰਿਆ ਗਿਆ ਹੈ ਜਿਸ ਵਿਚ 66 ਸਿੰਘਾਂ ਦੀਆਂ ਉਮਰਾਂ ਦੇ ਹਿਸਾਬ ਦੀਆਂ ਮੋਰੀਆਂ ਰੱਖੀਆਂ ਗਈਆਂ ਹਨ। ਗਿਆਨੀ ਗਿਆਨ ਸਿੰਘ ਜੀ ਇਨ੍ਹਾਂ ਬਾਬਤ ਅੱਖੀਂ ਵੇਖਿਆ ਹਾਲ ਇੰਞ ਬਿਆਨ ਕਰਦੇ ਹਨ –

***"ਮੁਖ ਪਰ ਲਾਲੀ ਚਢੀ ਬਧੇਰੇ।***
***ਗਾਵਤ ਗੁਰ ਕੇ ਸ਼ਬਦ ਉਚੇਰੇ।***
***ਦੀਵੇ ਪਰ ਜਯੋਂ ਆਇ ਪਤੰਗੇ।***
***ਤਯੋਂ ਤੋਪਨ ਦਿਸ ਜਾਇ ਨਿਸੰਗੇ।***
***ਉਡੇ ਖੁਸ਼ੀ ਹ੍ਵੈ-ਹ੍ਵੈ ਕਰ ਸਾਰੇ।***
***ਜਰਾ ਨਾ ਕੀਨੇ ਪ੍ਰਾਨ ਪਯਾਰੇ।***
***ਇਹ ਹਮਨੇ ਖੁਦ ਨੈਨ ਨਿਹਾਰੇ।***
***ਦੇਖਤ ਥੇ ਜੋ ਲੋਗ ਅਪਾਰੇ।"***

ਮਲੇਰ ਕੋਟਲੇ ਦੇ ਇਸ ਖੂਨੀ ਸਾਕੇ ਵਿਚ ਇਕ 12 ਸਾਲ

ਦੀ ਉਮਰ ਦਾ ਸ਼ਹੀਦ ਬਿਸ਼ਨ ਸਿੰਘ ਜਦੋਂ ਤੋਪ ਦੇ ਸਾਂਹਵੇ ਨਿਰਭੈ, ਨਿਡਰ ਬੀਰ ਜੋਧਿਆਂ ਦੀ ਤਰ੍ਹਾਂ ਖੜ੍ਹਾ ਹੋਇਆ ਤਾਂ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਦੀ ਮੇਮ ਨੇ ਇਸ ਬਾਲਕ ਨੂੰ ਛੱਡ ਦੇਣ ਲਈ ਆਖਿਆ। ਕਾਵਨ ਨੇ ਇਹ ਕਹਿ ਕੇ ਪਿੱਛਾ ਛਡਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਬਾਲਕ ਕਹਿ ਦੇਵੇ ਕਿ ਮੈਂ ਸਿੱਖ ਨਹੀਂ ਹਾਂ ਅਤੇ ਮੇਰਾ (ਸਤਿਗੁਰੂ) ਰਾਮ ਸਿੰਘ ਨਾਲ ਕੋਈ ਸਬੰਧ ਨਹੀਂ ਹੈ ਤਾਂ ਇਸ ਨੂੰ ਛੱਡ ਦਿਤਾ ਜਾਵੇਗਾ। ਪਰ ਬਿਸ਼ਨ ਸਿੰਘ ਨੇ ਮਿ: ਕਾਵਨ ਦੀ ਦਾੜ੍ਹੀ ਨੂੰ ਦੋਵੇਂ ਹੱਥ ਪਾ ਕੇ ਝਟਕਾ ਦੇ ਕੇ ਜ਼ੋਰ ਦੀ ਆਖਿਆ ਕਿ ਬਿਲਿਆ! ਫੇਰ ਕਹੇਂਗਾ ਕਿ ਮੇਰਾ (ਸਤਿਗੁਰੂ) ਰਾਮ ਸਿੰਘ ਨਾਲ ਕੋਈ ਸਬੰਧ ਨਹੀਂ ਹੈ?" ਇਸ ਸਮੇਂ ਕੋਲ ਖੜ੍ਹੇ ਗਾਰਦ ਦੇ ਸਿਪਾਹੀਆਂ ਨੇ ਇਸ ਬਾਲਕ ਸ਼ਹੀਦ ਦਾ ਪਹਿਲੋਂ ਸਿਰ ਅਲਹਿਦਾ ਕੀਤਾ ਫਿਰ ਗੁੱਟ ਕੱਟੇ। ਇਸ ਬਾਰੇ ਸੰਤ ਇੰਦਰ ਸਿੰਘ ਚਕ੍ਰਵਰਤੀ ਜੀ ਲਿਖਦੇ ਹਨ –

***ਲੰਮੀ ਦਾੜ੍ਹੀ ਨੂੰ ਪਾਇਕੇ ਹੱਥ ਦੋਵੇਂ,***
***ਝਟਕਾ ਮਾਰ ਕੇ ਖੂਬ ਹਲਾ ਦਿਤੀ।***
***ਫੇਰ ਕਹੇਂਗਾ ਮੈਨੂੰ ਮੈਂ ਸਿੱਖ ਨਾਹੀਂ?***
***ਗਰਜ ਸ਼ੇਰ ਨੇ ਜਾਨ ਸੁਕਾ ਦਿਤੀ।***
***ਨਾਭੇ ਵਾਲੇ ਦਾ ਖੜ੍ਹਾ ਸਿਪਾਹੀ ਜਿਸ ਨੇ,***
***ਹਾਲ ਵੇਖ ਤਲਵਾਰ ਚਲਾ ਦਿਤੀ।***
***ਛੱਡੇ ਹੱਥ ਪਿਛੋਂ ਪਹਿਲਾਂ ਬਿਸ਼ਨ ਸਿੰਘ ਨੇ,***
***ਸੋਹਣੀ ਜਿੰਦੜੀ ਘੋਲ ਘੁਮਾ ਦਿਤੀ।***

ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਨੂੰ ਚਿੱਠੀ ਲਿਖਦਾ ਹੋਇਆ ਕਾਵਨ (ਡਿ: ਕਮਿ:) ਇਹ ਸ਼ਬਦ ਲਿਖਦਾ ਹੈ –

"ਪਹਿਰੇ ਵਾਲਿਆਂ ਤੋਂ ਬਚ ਕੇ ਇਕ ਆਦਮੀ ਨੇ ਮੇਰੇ ਤੇ ਸਖ਼ਤ ਗੁੱਸੇ ਨਾਲ ਹਮਲਾ ਕੀਤਾ। ਮੈਨੂੰ ਦਾੜ੍ਹੀ ਤੋਂ ਫੜ੍ਹ ਕੇ ਮੈਨੂੰ ਫਾਹ ਕੇ ਮਾਰਨ ਦਾ ਯਤਨ ਕੀਤਾ ਕਿਉਂਕਿ ਉਹ ਬਹੁਤ ਤਾਕਤਵਰ ਆਦਮੀ ਸੀ, ਮੈਨੂੰ ਉਸ ਤੋਂ ਪਿੱਛਾ ਛੁਡਾਉਣ ਵਿਚ ਬਹੁਤ ਮੁਸ਼ਕਲ ਆਈ। ਉਹਨੇ ਤਦ ਨਾਲ ਖੜ੍ਹੇ, ਦੇਸੀ ਰਿਆਸਤਾਂ ਦੇ ਕੁਝ ਅਫਸਰਾਂ ਤੇ ਵਹਿਸ਼ੀਆਨਾ ਹਮਲਾ ਕਰ ਦਿਤਾ। ਇਨ੍ਹਾਂ ਅਫਸਰਾਂ ਨੇ ਤਲਵਾਰਾਂ ਧੂਹ ਲਈਆਂ ਅਤੇ ਉਹਨੂੰ ਕਤਲ ਕਰ ਦਿਤਾ।"

ਇਸੇ ਤਰ੍ਹਾਂ ਜਦੋਂ 18 ਜਨਵਰੀ 1872 ਨੂੰ ਬਾਕੀ ਰਹਿੰਦੇ 16 ਸਿੰਘ ਤੋਪਾਂ ਨਾਲ ਉਡਾਏ ਗਏ ਤਾਂ ਉਨ੍ਹਾਂ ਵਿਚ ਇਕ ਛੋਟੇ ਕੱਦ ਦਾ ਭਾਈ ਵਰਿਆਮ ਸਿੰਘ ਪਿੰਡ ਫੂਲ ਮਰ੍ਹਾਜ ਤੋਂ ਸੀ ਜਿਸ ਨੂੰ ਛੱਡ ਦੇਣ ਦੀ ਸਿਫਾਰਸ਼ ਆਈ ਹੋਈ ਸੀ। ਜਦੋਂ ਉਸ ਨੂੰ ਕੱਦ ਛੋਟਾ ਹੋਣ ਤੇ ਤੋਪ ਅੱਗੋਂ ਹੱਟ ਜਾਣ ਲਈ ਕਿਹਾ ਤਾਂ ਉਸ ਨੇ ਖੇਤ ਵਿਚੋਂ ਢੇਮਾਂ ਇਕੱਠੀਆਂ ਕਰ ਢੇਰੀ ਤੇ ਖਲੋ ਕੇ ਬੋਲਾ ਕੀਤਾ –

"ਬਿਲਿਆ! ਵੇਖ, ਹੁਣ ਮੇਰਾ ਕੱਦ ਪੂਰਾ ਫਿੱਟ ਬੈਠਦਾ ਹੈ ਕਿ ਨਹੀਂ? ਛੇਤੀ ਚਲਾ ਤੋਪ, ਮੇਰਾ ਸਾਥ ਦੂਰ ਜਾ ਰਿਹਾ ਹੈ।" ਤੋਪ ਚਲੀ ਤੇ ਸਿੰਘ ਫੀਤਾ-ਫੀਤਾ ਹੋ ਸ਼ਹੀਦ ਹੋ ਗਿਆ।

ਦੀਨ, ਦੁਖੀ, ਗਊ-ਗਰੀਬ ਅਤੇ ਸਤਿ-ਧਰਮ ਦੇ ਪ੍ਰਕਾਸ਼ ਹਿਤ ਸਿਰ ਤੇ ਆ ਬਣੀ ਮੁਸੀਬਤ ਦਾ ਡੱਟ ਕੇ ਮੁਕਾਬਲਾ ਕਰਨਾ ਤੇ ਪੈਰ ਪਿਛਾਂਹ ਵਲ ਨਾ ਧਰਨਾ, ਸਰੀਰ ਤਾਂ ਛੱਡ ਦੇਣਾ ਪਰ ਸਿਰੜ ਨਾ ਛੱਡਣਾ, ਪੁਰਜ਼ਾ-ਪੁਰਜ਼ਾ ਸਰੀਰ ਦਾ ਕੱਟ ਜਾਣਾ ਪਰ ਮੈਦਾਨੇ ਜੰਗ ਤੋਂ ਡਰ ਕੇ ਪਿੱਛੇ ਵਲ ਨਹੀਂ ਝਾਕਣਾ, ਇਹ ਹੈ ਸੂਰਮੇ ਸ਼ਹੀਦ ਸਿੰਘਾਂ ਦਾ ਕਰੱਤਵ।

***ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੈ ਹੇਤ।***
***ਪੁਰਜ਼ਾ-ਪੁਰਜ਼ਾ ਕਟ ਮਰੈ ਕਬਹੂੰ ਨ ਛਾਡੈ ਖੇਤ॥***

ਇਸੇ ਕਰਕੇ ਜਿਹੜੇ ਪੁਰਸ਼ ਦੇਸ਼, ਕੌਮ ਜਾਂ ਮਨੁੱਖ-ਜਾਤੀ ਦੇ ਹਰ ਤਰ੍ਹਾਂ ਦੇ ਧਾਰਮਕ, ਸਭਿਆਚਾਰਕ ਜਾਂ ਰਾਜਨੀਤਕ ਅਤਿਆਚਾਰ, ਬੇਇਨਸਾਫੀ, ਧੱਕੇ ਅਤੇ ਜ਼ਬਰ ਵਿਰੁੱਧ ਆਵਾਜ਼ ਬੁਲੰਦ ਕਰਕੇ ਆਪਣੇ ਦੇਸ਼-ਧਰਮ ਲਈ ਆਪਾ ਵਾਰ ਜਾਂਦੇ ਹਨ ਉਹ ਸਭ ਵੀਰ, ਯੋਧੇ ਅਤੇ ਧਰਮੀ ਸ਼ਹੀਦ ਅਖਵਾਉਂਦੇ ਹਨ –

***ਸੀਸ ਦੀਏ ਅਰ ਸੀ ਨ ਕਰੀ ਜਿਨ***
***ਸਿਖਨ ਤਾਹਿ ਕੇ ਮੈ ਬਲਿਹਾਰੀ॥***

ਸਿੱਖ ਇਤਿਹਾਸ ਵਿਚ ਨਾਮਧਾਰੀ ਅਤੇ ਕੂਕੇ ਕਹੇ ਜਾਣ ਵਾਲੇ ਸਿੰਘਾਂ ਦੀ ਲਾਸਾਨੀ ਕੁਰਬਾਨੀ ਨੂੰ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਣਾ ਯੋਗ ਬਣਦਾ ਹੈ ਕਿਉਂ ਜੁ ਇਨ੍ਹਾਂ ਨੇ ਹੀ ਸਭ ਤੋਂ ਪਹਿਲਾਂ ਵਿਦੇਸ਼ੀ ਰਾਜ ਦੇ ਵਿਰੁੱਧ ਆਵਾਜ਼ ਉਠਾਈ ਅਤੇ ਸਭ ਤੋਂ ਜ਼ਿਆਦਾ ਕੁਰਬਾਨੀਆਂ ਦਿਤੀਆਂ। ਗਊ-ਗਰੀਬ ਦੀ ਰੱਖਿਆ, ਦੇਸ਼ ਨੂੰ ਮੁੜ ਆਜ਼ਾਦ ਹੋਣ ਦੀ ਲਾਲਸਾ ਅਤੇ ਖੁੱਸ ਚੁੱਕੇ ਖਾਲਸਾ ਰਾਜ ਦੀ ਮੁੜ ਸਥਾਪਨਾ ਦੀ ਖਾਹਸ਼, ਇਨ੍ਹਾਂ ਅੰਦਰ ਮਨੁੱਖੀ ਸਮਾਜ ਦੇ ਪਰਮ ਕਲਿਆਣਕਾਰੀ (ਸਤਿਗੁਰੂ) ਰਾਮ ਸਿੰਘ ਜੀ ਨੇ ਕੁੱਟ-ਕੁੱਟ ਕੇ ਭਰੀ ਹੋਈ ਸੀ।

***ਸੁਕਲ ਬਸਨ ਮਾਲਾ ਸੂਧੀ ਦਸਤਾਰ ਦਾਢੀ,***
***ਕਰਹੈਂ ਹਮਨ ਪਾਠ ਗ੍ਰੰਥ ਗੁਰ ਜੂ ਕੇ ਹੈਂ।***
***ਦਸਮੇਂ ਗੁਰੂ ਕੇ ਸਿੰਘ ਸਾਦਕ ਸਹੀ ਹੈਂ ਸਭ,***
***ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।***
***ਹੇਰੇ ਜੈਸੇ ਲਖਨ ਹੈਂ ਟੇਰੇ ਤੈਸੇ ਗਿਆਨ ਸਿੰਘ,***
***ਐਸੇ ਪ੍ਰਸਿੱਧ ਹੀ ਅਬਿੱਧ ਸਿੱਖ ਕੂਕੇ ਹੈਂ।***

ਸ਼ਹੀਦ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿੰਦਾ ਹੋਇਆ ਸਗਲ ਲੋਕਾਈ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਉਹ ਅਕਾਲਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਅਤੇ ਕਿਸੇ ਨੂੰ ਦੋਸ਼ ਨਹੀਂ ਦਿੰਦਾ ਤੇ ਨਾ ਹੀ ਕਿਸੇ ਤੇ ਕੋਈ ਗਿਲਾ ਜਾਂ ਸ਼ਿਕਵਾ ਕਰਿਆ ਕਰਦਾ ਹੈ। ਉਹ ਬੰਦ-ਬੰਦ ਕਟਾਉਣ ਲੱਗਿਆਂ, ਉਬਲਦੀ ਦੇਗ ਵਿਚ ਬੈਠਿਆਂ ਅਤੇ ਆਰੇ ਨਾਲ ਸਰੀਰ ਦੇ ਦੋ ਹਿੱਸੇ ਕਰਾਉਣ ਲੱਗਿਆਂ ਵੀ ਅਨੰਦ ਅਤੇ ਅਡੋਲ ਅਵਸਥਾ ਵਿਚ ਰਹਿੰਦਾ ਹੈ। ਫਾਂਸੀ ਦੇ ਰੱਸੇ ਆਪਣੇ ਗਲ ਵਿਚ ਆਪ ਪਾ ਸ਼ਹੀਦ ਹੋਣ ਦਾ ਇਕ ਨਿਵੇਕਲਾ ਢੰਗ ਅਤੇ ਤੋਪ ਦੇ ਦਹਾਨੇ ਅੱਗੇ ਖੜ੍ਹੇ ਹੋ ਕੇ ਤੂੰਬਾ-ਤੂੰਬਾ ਹੋ ਉਡਣ ਲੱਗਿਆਂ ਇਹ ਸ਼ਬਦ ਆਖਣੇ –

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥***

ਇਹੋ ਜਿਹੇ ਧਰਮੀ ਯੋਧਿਆਂ ਦਾ ਮਰਨਾ, ਹੱਕ, ਸੱਚ ਇਨਸਾਫ ਤੇ ਦਇਆ ਦੇ ਅਸੂਲਾਂ ਤੇ ਪਹਿਰਾ ਦੇਣਾ ਹੈ। ਧਰਮ ਦੀ ਪਾਲਨਾ ਕਰਨ ਹਿਤ ਆਪਣੀ ਜਾਨ ਨਿਛਾਵਰ ਕਰਨੀ। ਨਿਰਭਉ, ਨਿਰਵੈਰ, ਕਰਨੀ ਤੇ ਕਥਨੀ ਦੇ ਸੂਰਿਆਂ ਦੇ ਜੀਵਨ ਦਾ ਉਦੇਸ਼ ਹੋਇਆ ਕਰਦਾ ਹੈ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***

ਅਗੰਮੀ ਪ੍ਰੇਮ ਦੀ ਇਹ ਅਸਚਰਜ, ਨਿਰਾਲੀ ਤੇ ਬਿਖਮ ਮਾਰਗ ਤੇ ਚੱਲਣ ਵਾਲੇ ਨਾਮਧਾਰੀ ਕਹੇ ਜਾਣ ਵਾਲੇ ਸਿੰਘ ਬਹੁਤ ਹੀ ਸ਼ਾਂਤ, ਸਰਲ ਤੇ ਸੰਤ ਮਤ ਦੇ ਮਹਾਨ ਸੰਦੇਸ਼ ਨੂੰ

ਸਾਕਾਰ ਅਤੇ ਮੂਰਤੀਮਾਨ ਕਰਨ ਵਾਲੇ ਸਿੱਖ ਹਨ ਪਰ ਦੇਸ਼ ਅਤੇ ਧਰਮ ਦੀ ਖਾਤਰ ਆਜ਼ਾਦੀ ਦੇ ਸੰਘਰਸ਼ ਲਈ ਜਿੰਨਾਂ ਖੂਨ ਇਨ੍ਹਾਂ ਧਰਮੀ ਸ਼ਹੀਦ ਕੂਕਿਆਂ ਨੇ ਡੋਲ੍ਹਿਆ ਹੈ, ਸ਼ਾਇਦ ਹੀ ਕਿਸੇ ਇਤਿਹਾਸਕਾਰ ਨੇ ਇਸ ਨੂੰ ਆਪਣੇ ਸ਼ਬਦਾਂ ਰਾਹੀਂ ਯੋਗ ਸਥਾਨ ਦਿਤਾ ਹੋਵੇ। ਇਨ੍ਹਾਂ ਸੱਚੇ ਸ਼ਹੀਦ ਨਾਮਧਾਰੀ ਸਿੰਘਾਂ ਦੇ ਅੰਦੋਲਨ ਵਿਚ ਮਲੇਰਕੋਟਲੇ ਦਾ ਸਾਕਾ ਸਾਰੇ ਭਾਰਤ ਦੇ ਇਤਿਹਾਸ ਵਿਚ ਇਕ ਚੜ੍ਹਤ ਤੇ ਜਲੌ ਵਾਲਾ ਪੜਾਅ ਸੀ। ਉਸ ਸਾਕੇ ਨੂੰ ਜਿਸ ਵਿਚ 80 ਸਿੰਘ ਸ਼ਹੀਦ ਹੋਏ ਅਤੇ ਬਾਕੀ ਦੇ ਸਾਕਿਆਂ ਦੇ ਸ਼ਹੀਦ ਸਿੰਘ ਮਿਲਾ ਕੇ 125 ਸਿੰਘ ਸ਼ਹੀਦ ਹੋਏ ਜੋ ਕਿ ਨਾਮਧਾਰੀ ਸਿੰਘਾਂ ਨੂੰ ਦੇਸ਼ ਭਗਤਾਂ ਦੀ ਕਤਾਰ ਵਿਚ ਸਭ ਤੋਂ ਮੂਹਰੇ ਖੜ੍ਹਾ ਕਰ ਦਿੰਦਾ ਹੈ। ਇਨ੍ਹਾਂ ਸ਼ਹੀਦ ਸਿੰਘਾਂ ਨੂੰ ਇਕ ਕਵੀ ਇਨ੍ਹਾਂ ਸ਼ਬਦਾਂ ਵਿਚ ਨਿਰੂਪਮ ਕਰਦਾ ਹੈ –

***ਛਾਤੀ ਤਾਣ ਕੇ ਸੂਰਮੇ ਖੜ੍ਹ ਗਏ ਗੋਰੇ ਦੀ ਤੋਪ ਬੁੜਕੀ।***
***ਸਿੰਘ ਕੋਈ ਨਾ ਤੋਪ ਤੋਂ ਡਰਦਾ, ਹੱਸ-ਹੱਸ ਆਏ ਸਾਹਮਣੇ।***
***ਗੋਰਾ ਮੇਮ ਸਾਬ ਨੂੰ ਆਖੇ, ਹਿੰਦੀਆਂ ਦੇ ਜੋਸ਼ ਬੁਰੇ।***

ਇਸੇ ਸੰਦਰਭ ਹੇਠ 18 ਜਨਵਰੀ ਸੰਨ 1872 ਈ. ਦੀ ਸਵੇਰ ਨੂੰ ਜੰਗੇ-ਅਜ਼ਾਦੀ ਦੇ ਮੋਢੀ, ਨਾਮਧਾਰੀ ਲਹਿਰ ਦੇ ਬਾਨੀ, ਸਮਾਜ ਸੁਧਾਰਕ, ਨਾ ਮਿਲਵਰਤਨ ਲਹਿਰ ਦੇ ਸੰਚਾਲਕ ਸ੍ਰੀ (ਸਤਿਗੁਰੂ) ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਕੇ ਜਲਾਵਤਨ ਕਰ ਦਿਤਾ ਗਿਆ। ਸ੍ਰੀ ਭੈਣੀ ਸਾਹਿਬ ਦੇ ਤਪੋ ਭੂਮੀ ਤੇ 50 ਸਾਲ ਪੁਲੀਸ ਦਾ ਸਖਤ ਪਹਿਰਾ ਲੱਗਾ ਰਿਹਾ। ਕੂਕਿਆਂ ਤੇ ਇਕ ਕਹਿਰ ਵਿਛੋੜੇ ਦਾ ਮਾਰੂ ਝੱਖੜ ਝੁੱਲਿਆ ਅਤੇ ਨਾਲ ਹੀ ਪੁਲੀਸ ਦੇ ਜ਼ਬਰ ਜ਼ੋਰ ਜ਼ੁਲਮ ਦੀ ਹਨ੍ਹੇਰੀ। ਪਰ ਆਜ਼ਾਦੀ ਦੇ ਸੰਘਰਸ਼ ਵਿਚ ਇਹ ਨਾਮਧਾਰੀ ਕੂਕੇ ਸਿੰਘ ਅਗਾਂਹ ਹੀ ਅਗਾਂਹ ਵਧਦੇ ਗਏ।

17-18 ਜਨਵਰੀ ਦੇ ਇਹ ਦਿਨ ਸਾਨੂੰ ਸਦਾ ਹੀ ਉਨ੍ਹਾਂ ਵਿਦੇਹ ਮੁਕਤਿ ਸ਼ਹੀਦ ਸਿੰਘਾਂ ਦੀ ਯਾਦ ਦਿਵਾਉਂਦੇ ਰਿਹਾ ਕਰਨਗੇ ਤੇ ਉਨ੍ਹਾਂ ਦੀ ਯਾਦ ਵਿਚ ਮਲੇਰਕੋਟਲੇ ਦੇ ਉਸ ਰਕੜ ਵਿਚ ਮੇਲੇ ਲਗਦੇ ਹੀ ਰਿਹਾ ਕਰਨਗੇ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ –

***ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ***
***ਦੇਸ਼ ਪਰ ਮਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।***

ਕੂਕਿਆਂ ਦੀਆਂ ਨਿਡਰ ਸ਼ਹੀਦੀਆਂ ਦੀ ਵਾਰਤਾ ਸਿੱਖ ਇਤਿਹਾਸ ਵਿਚ ਮਹਾਨ ਗੌਰਵਤਾ ਰੱਖਣ ਵਾਲੀ ਹੈ। ਸੱਤ ਦਾ ਜੀਵਨ ਆਪ ਜਿਉਂ ਕੇ ਦੂਜਿਆਂ ਨੂੰ ਅਣਖ ਤੇ ਗੌਰਵਤਾ ਸਹਿਤ ਜਿਉਣ ਲਈ ਇਕ ਉਦਾਰਣ ਹੈ, ਮਹਾਨ ਪ੍ਰੇਰਨਾਦਾਇਕ ਹੈ ਅਤੇ ਇਸ ਆਦਰਸ਼ ਨੂੰ ਸਾਕਾਰ ਕਰਦਾ ਹੈ –

***ਕਬੀਰ ਮੁਹਿ ਮਰਨੈ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥***
***ਪੰਨਾ – 1367***

***ਜਿਸ ਮਰਨੇ ਤੇ ਜਗ ਡਰੈ ਮੇਰੇ ਮਨ ਅਨੰਦ॥***
***ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦ॥***

**ਨੋਟ –** ਭਾਵੇਂ ਜਨਵਰੀ ਵਿਚ ਇਹ ਲੇਖ ਛਪਣਾ ਚਾਹੀਦਾ ਸੀ ਪਰ ਹੁਣ ਮਾਰਚ 2000 ਵਿਚ ਇਹ 'ਆਤਮ ਮਾਰਗ' ਦਾ ਸ਼ਿੰਗਾਰ ਬਣ ਰਿਹਾ ਹੈ।

**L L L L L L L**

(ਪੰਨਾ 43 ਦੀ ਬਾਕੀ)

ਚਰਨਾਂ ਤੇ ਸੀਸ ਰੱਖ ਕੇ ਰੋਣ ਲਗ ਪਿਆ। ਕਹਿਣ ਲੱਗਿਆ, "ਮਹਾਂਪੁਰਸ਼ੋ! ਤੁਸੀਂ ਮੇਰੇ ਨੇਤਰ ਖੋਲ੍ਹ ਦਿਤੇ, ਮੈਂ ਤਾਂ ਇਨੀ ਛੋਟੀ ਚੀਜ਼ ਮੰਗਦਾ ਸੀ।" ਕਹਿੰਦੇ, "ਹੁਣ ਫੇਰ ਕੀ ਮੰਗਦੈਂ?" ਕਹਿਣ ਲਗਿਆ, "ਮੈਨੂੰ ਉਹ ਚੀਜ਼ ਦੇ ਦਿਓ ਜਿਸ ਨਾਲ ਜਿਧਰ ਨੂੰ ਦੇਖਾਂ ਪਾਰਸ ਬਣ ਜਾਵੇ। ਜਿਧਰ ਦੇਖਾਂ ਸੋਨਾ ਬਣ ਜਾਵੇ।" ਕਹਿਣ ਲੱਗੇ, "ਪ੍ਰੇਮੀਆ! ਉਹ ਤਾਂ ਪ੍ਰਮੇਸ਼ਰ ਦਾ ਨਾਮ ਹੈ। ਜਦੋਂ ਪ੍ਰਮੇਸ਼ਰ ਦਾ ਨਾਮ ਆ ਗਿਆ ਤਾਂ ਸਾਰੀਆਂ ਵਾਸ਼ਨਾਵਾਂ ਖਤਮ ਹੋ ਜਾਣਗੀਆਂ। ਇਕ ਵੀ ਵਾਸ਼ਨਾ ਨਹੀਂ ਰਹਿਣੀ।"

ਸੋ ਇਸ ਕਰਕੇ ਗੁਰੂ ਨਾਨਕ ਪਾਤਸ਼ਾਹ ਸਾਲਸਰਾਇ ਨੂੰ ਕਹਿਣ ਲੱਗੇ ਕਿ ਪੱਥਰਾਂ 'ਚੋਂ ਬਿਰਤੀ ਚੁਕ ਕੇ ਪ੍ਰਮੇਸ਼ਰ ਦੇ ਨਾਮ ਵਿਚ ਲੈ ਆ। ਤੂੰ ਪਛਾਣ ਵਾਲਾ ਬੰਦਾ ਹੈਂ ਪਰ ਤੇਰੇ ਨਾਲੋਂ ਜ਼ਿਆਦਾ ਪਛਾਣ ਤੇਰੇ ਨੌਕਰ ਅਧਰੱਕੇ ਨੂੰ ਹੈ। ਸਾਡੇ ਜਾਣ ਤੋਂ ਬਾਅਦ ਇਹ ਨਾਮ ਚਲਾਵੇਗਾ, ਉਸ ਤੋਂ ਬਾਅਦ ਤੂੰ ਸੰਸਾਰ ਨੂੰ ਦੱਸੀਂ ਕਿ ਨਾਮ ਕੀ ਚੀਜ਼ ਹੈ। ਮਾਇਆ ਵਿਚ ਨਾ ਭੁਲੀਂ, ਮਾਇਆ ਤੂੰ ਬਥੇਰੀ ਕਮਾ ਲਈ ਹੈ। ਸੋ ਐਸਾ ਨਾਮ ਅਮੋਲਕ ਹੈ –

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਪੰਨਾ – 81***

ਸੋ ਬਾਬਾ ਸਾਹਿਬ ਸਿੰਘ ਜੀ ਕਹਿਣ ਲੱਗੇ, "ਭਾਈ ਚੰਦਾ ਸਿੰਘ, ਤੈਨੂੰ ਨਾਮ ਤੇ ਕੁਝ ਵਿਸ਼ਵਾਸ ਆਇਆ ਕਿ ਨਹੀਂ?" ਕਹਿਣ ਲੱਗਿਆ, "ਮਹਾਰਾਜ! ਆਪ ਨੇ ਤਾਂ ਮੇਰੇ ਨੇਤਰ ਖੋਲ੍ਹ ਦਿਤੇ। ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਪ੍ਰਮੇਸ਼ਰ ਦਾ ਨਾਮ ਇਸ ਤਰ੍ਹਾਂ ਦਾ ਹੁੰਦਾ ਹੈ।" ਬਾਬਾ ਜੀ ਕਹਿਣ ਲੱਗੇ, "ਭਾਈ ਚੰਦਾ ਸਿੰਘ! ਪਹਿਲੀ ਚੀਜ਼ ਹੁੰਦੀ ਹੈ – ਪ੍ਰਮੇਸ਼ਰ ਦੇ ਨਾਮ ਤੇ ਪ੍ਰਤੀਤ, ਦੂਸਰੀ ਹੁੰਦੀ ਹੈ – ਨਾਮ ਦੀ ਮਹਿਮਾ ਤੇ ਪ੍ਰਤੀਤ।"

ਸੋ ਇਸ ਤਰ੍ਹਾਂ ਨਾਮ ਦੀ ਮਹਿਮਾ ਬਾਰੇ ਆਪਾਂ ਵਿਚਾਰ ਕੀਤੀ ਹੈ। ਰਸਤਾ ਤਾਂ ਲੱਭਣੈ ਜੇਕਰ ਸਤਸੰਗ ਅੰਤਰੰਗ ਤੇ ਬੈਰੰਗ ਦੋਵੇਂ ਕਰੋਗੇ। ਬੈਰੰਗ ਸਤਸੰਗ ਤੁਸੀਂ ਹੁਣ ਕਰ ਰਹੇ ਹੋ। ਅੰਤਰੰਗ ਇਹ ਹੈ ਕਿ ਵਿਚਾਰ ਕਰਿਓ, ਟੇਪਾਂ ਭਰੀਆਂ ਹੋਈਆਂ ਹਨ। ਜਿਸ ਤਰ੍ਹਾਂ ਦੇ ਵਿਚਾਰ ਆਏ ਹਨ, ਇਨ੍ਹਾਂ ਨੂੰ ਅੰਤਰੰਗ ਕਰਕੇ ਸਾਧਨ ਕਰੋ। ਸਾਖੀ ਦਾ ਆਸਰਾ ਇਸ ਕਰਕੇ ਲਈਦਾ ਹੈ ਕਿਉਂਕਿ ਇਹ ਇਕ ਤਰ੍ਹਾਂ ਦਾ ਮਿੱਠਾ ਕੈਪਸੂਲ ਹੁੰਦਾ ਹੈ। ਉਹਦੇ ਨਾਲ ਹੌਲੀ ਹੌਲੀ ਗੱਲ ਸਮਝਾਈ ਜਾਂਦੀ ਹੈ ਤਾਂ ਕਿ ਸਿੱਧੇ ਸਾਦੇ ਮਨ ਵਿਚ ਵੀ ਗੱਲ ਬੈਠ ਜਾਵੇ।

***ਅਨੰਦ ਸਾਹਿਬ***

***ਗੁਰ ਸਤੋਤਰ***

**L L L L L L L**

# Philosophy of Hatha Yoga
# ਹੱਠ ਯੋਗ ਦਰਸ਼ਨ

***ਡਾ. ਸਵਾਮੀ ਵੇਦ ਭਾਰਤੀ ਜੀ***
***ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 20)*

## ਪੂਜਾ

ਅਸੀਂ ਇਸ ਅਧਿਆਇ ਵਿਚ ਹੱਠ ਯੋਗ ਪ੍ਰਾਪਤੀ ਦੇ ਤਿੰਨ ਵੱਖ-ਵੱਖ ਤਰੀਕੇ ਦਸਦੇ ਹਾਂ - ਇਕ ਤਪਸਿਆ, ਦੂਸਰਾ ਪੂਜਾ ਤੀਸਰਾ ਮਨ ਦਾ ਵਿਕਾਸ।

ਇਕ ਸ਼ਬਦ ਹੈ - ਕਿਰਿਆ ਯੋਗ ਜਿਸ ਤੋਂ ਭਾਵ ਹੈ 'ਅਭਿਆਸ ਯੋਗ'। ਯੋਗ ਦੇ ਕਿਸੇ ਵੀ ਇਕ ਪਾਠ-ਵਿਸ਼ੇ ਨੂੰ ਕ੍ਰਿਆ ਯੋਗ ਕਿਹਾ ਜਾ ਸਕਦਾ ਹੈ ਜਿਸ ਵਿਚ ਮਾਨਸਿਕ ਅਭਿਆਸ ਕੀਤਾ ਜਾਣਾ ਹੋਵੇ, ਇਸ ਵਿਚ ਮੰਤਰ ਦਾ ਅਭਿਆਸ ਵੀ ਹੋ ਸਕਦਾ ਹੈ। ਧਿਆਨ ਜਾਂ ਸਿਮਰਨ ਦਾ ਅਭਿਆਸ ਹੋ ਸਕਦਾ ਹੈ, ਬੋਲਣ ਦਾ ਅਭਿਆਸ ਹੋ ਸਕਦਾ ਹੈ, ਆਸਨ ਕਰਨ ਦਾ ਜਾਂ ਕੋਈ ਨੈਤਿਕਤਾ ਦੇ ਮਿਆਰ ਦਾ ਅਭਿਆਸ ਹੋ ਸਕਦਾ ਹੈ। ਯੋਗ ਸੂਤਰ ਜੋ ਯੋਗ ਦਾ ਸਭ ਤੋਂ ਵੱਡਾ ਗ੍ਰੰਥ ਹੈ ਉਸ ਦਾ ਪਹਿਲਾ ਸੂਤਰ, ਪਹਿਲੀ ਪਰਿਭਾਸ਼ਾ, ਦੂਸਰੇ ਅਧਿਆਇ ਦਾ ਪਹਿਲਾ ਵਾਕ ਕ੍ਰਿਆ ਯੋਗ ਦੀ ਪਰਿਭਾਸ਼ਾ ਹੈ ਉਸ ਪਰਿਭਾਸ਼ਾ ਵਿਚ ਜੋ ਪਹਿਲੀ ਸਤਰ ਹੈ ਉਸ ਵਿਚ ਯੋਗ ਨੂੰ ਤਪਸਿਆ ਦੱਸਿਆ ਗਿਆ ਹੈ।

ਤਪਸਿਆ ਤੋਂ ਭਾਵ ਹੈ ਤਿਆਗ ਦਾ ਅਭਿਆਸ, ਵਿਸ਼ੇਸ਼ ਅਭਿਆਸ, ਇਕਾਗਰ ਹੋ ਕੇ ਵਿਸ਼ੇਸ਼ ਅਭਿਆਸ ਕਰਨਾ, ਮਿਹਨਤ ਕਰਨੀ, ਕੋਸ਼ਿਸ਼ ਕਰਨੀ ਉਸ ਨੂੰ ਤਪਸਿਆ ਕਹਿੰਦੇ ਹਨ, ਤਪਸ ਸ਼ਬਦ ਸੇਕ ਤੋਂ ਗਰਮੀ ਤੋਂ ਬਣਿਆ ਹੈ। ਕਿਸੇ ਵੀ ਅਭਿਆਸ ਵਿਚ ਤਪਸ ਦਾ ਹੋਣਾ ਜ਼ਰੂਰੀ ਹੈ, ਆਵਸ਼ਕ ਹੈ। ਹੱਠ ਸ਼ਬਦ ਦੀ ਵਰਤੋਂ ਪੁਰਾਤਨ ਲਿਖਾਰੀਆਂ ਨੇ ਨਹੀਂ ਕੀਤੀ, ਪੰਤਾਜਲੀ ਜਿਸ ਨੇ ਯੋਗ ਸਾਸ਼ਤਰ ਲਿਖਿਆ ਹੈ ਉਸ ਨੇ ਨਹੀਂ ਕੀਤੀ, ਪੰਤਾਜਲ ਨੇ ਤਪਸ ਸ਼ਬਦ ਦੀ ਵਰਤੋਂ ਕੀਤੀ ਹੈ ਭਾਵ ਹੈ ਆਪਣੇ ਆਪ ਨੂੰ ਸੇਕਣਾ, ਥੋੜ੍ਹਾ ਪਸੀਨਾ ਕੱਢਣਾ, ਇਕਾਗਰ ਹੋ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਯੋਗ ਵਿਚ ਲਗਾਉਣਾ।

ਤਪਸ ਸ਼ਬਦ ਪੰਜ ਨਿਯਮਾਂ ਵਿਚੋਂ ਇਕ ਨਿਯਮ ਵੀ ਹੈ। ਰਾਜ ਯੋਗ ਦੇ ਅਭਿਆਸ ਵਿਚ ਨਿਯਮ ਦੀ ਪੌੜੀ ਅੱਠਾਂ ਪੌੜੀਆਂ ਵਿਚੋਂ ਦੂਸਰੀ ਪੌੜੀ ਹੈ। ਪੰਜਾਂ ਨਿਯਮਾਂ ਵਿਚੋਂ ਤੀਸਰਾ ਨਿਯਮ ਹੈ ਤਪਸ, ਤਿਆਗ। ਤਿਆਗ ਤੋਂ ਭਾਵ ਇਹ ਨਹੀਂ ਕਿ ਜ਼ਮੀਨ ਤੇ ਸੌਣਾ, ਭੁੱਖੇ ਰਹਿਣਾ, ਤਿਆਗ ਤੋਂ ਭਾਵ ਹੈ ਪ੍ਰੀਸ਼ਰਮ ਕਰਨਾ, ਪੂਰੀ ਤਨਮੈਤਾ ਨਾਲ, ਪੂਰੀ ਇਕਾਗਰਤਾ ਨਾਲ, ਮੰਤਵ ਦੀ ਪ੍ਰਾਪਤੀ ਲਈ ਜੂਝ ਪੈਣਾ, ਇਹ ਸੋਚਣਾ ਜੋ ਮੈਂ ਕਲ੍ਹ ਕੀਤਾ ਸੀ, ਹੁਣ ਉਸ ਤੋਂ ਅੱਗੇ ਜਾਣਾ ਹੈ, ਤਪਸ ਤੋਂ ਬਿਨਾਂ ਪਵਿੱਤਰਤਾ ਹੋ ਹੀ ਨਹੀਂ ਸਕਦੀ।

ਜੋ ਵੀ ਕੋਈ ਹੱਠ ਯੋਗ ਦਾ ਅਭਿਆਸ ਕਰਦਾ ਹੈ, ਉਸ ਦਾ ਇਕ ਅਨੁਭਵ ਹੁੰਦਾ ਹੈ। ਆਸਨ ਕਰਨ ਲਈ ਪੂਰੀ ਇਕਾਗਰਤਾ ਦੀ ਲੋੜ ਹੁੰਦੀ ਹੈ ਤਾਂ ਜੋ ਸਰੀਰ ਦੇ ਕਿਸੇ ਭਾਗ ਵਿਚ ਵੀ ਜੋ ਵੀ ਕੋਈ ਬਦਲਾਓ ਹੋਵੇ, ਕਿਸੇ ਟੀਸ਼ੂ ਵਿਚ ਕੋਈ ਬਦਲਾਓ ਹੋਵੇ, ਕਿਤੇ ਵੀ ਕੋਈ ਖਿੱਚ ਪਵੇ, ਉਸ ਨੂੰ ਦੇਖਿਆ ਜਾਵੇ, ਜਾਂਚਿਆ ਜਾਵੇ ਤੇ ਪਤਾ ਲੱਗੇ ਕਿ ਸਰੀਰ ਦਾ ਕਿਹੜਾ ਭਾਗ ਅਭਿਆਸ ਵਿਚ ਲਗ ਰਿਹਾ ਹੈ। ਤਪਸ ਤੋਂ ਭਾਵ ਹੈ ਮਨ ਨੂੰ ਇਕਾਗਰਤਾ ਦੀ ਸਥਿਰਤਾ ਤੇ ਪਹੁੰਚਾਉਣਾ। ਜਦੋਂ ਤੁਸੀਂ ਅਭਿਆਸ ਕਰਦੇ ਹੋ, ਕੋਸ਼ਿਸ਼ ਕਰਦੇ ਹੋ ਭਾਵੇਂ ਉਹ ਸਰੀਰਕ ਵਰਜਿਸ਼ ਹੋਵੇ, ਭਾਵੇਂ ਉਹ ਮੰਤਰ ਉਚਾਰਨ ਦਾ ਅਭਿਆਸ ਹੋਵੇ ਜਾਂ ਹੱਠ ਯੋਗ ਦਾ ਅਭਿਆਸ ਹੋਵੇ, ਅੰਤ ਵਿਚ ਤੁਹਾਡਾ ਮਨ ਉਸ ਤੇ ਟਿਕ ਜਾਂਦਾ ਹੈ, ਤੁਹਾਡਾ ਮਨ ਉਸ ਤੇ ਪੱਕਾ ਹੋ ਜਾਂਦਾ ਹੈ, ਜਦੋਂ ਤਕ ਕੋਈ ਗੱਲ ਤੁਹਾਡੇ ਮਨ ਤੇ ਪੱਕੀ ਤਰ੍ਹਾਂ ਪ੍ਰਭਾਵ ਨਾ ਕਰ ਦੇਵੇ, ਤੁਹਾਡੇ ਅਰਧ ਚੇਤਨ ਵਿਚ ਡੂੰਘੀ ਨਾ ਉਤਰ ਜਾਵੇ, ਉਦੋਂ ਤਕ ਸਭ ਕੁਝ ਓਪਰਾ ਹੀ ਰਹਿੰਦਾ ਹੈ, ਸਰੀਰ ਤੋਂ ਵਖਰਾ ਹੀ ਰਹਿੰਦਾ ਹੈ, ਜੀਵਨ ਦਾ ਭਾਗ ਨਹੀਂ ਬਣਦਾ। ਇਸ ਤਰ੍ਹਾਂ ਲਗਦਾ ਹੈ ਜਿਵੇਂ ਉਹ ਸਭ ਕੁਝ ਵੱਖ ਹੋਵੇ, ਇਵੇਂ ਹੈ ਜਿਵੇਂ ਕੋਈ ਚੀਜ਼ ਤੁਹਾਡੇ ਅੰਦਰ ਰਚੀ ਨਾ ਹੋਵੇ, ਉਸ ਤਰ੍ਹਾਂ ਹੀ ਜਿਵੇਂ ਜਦੋਂ ਕੋਈ ਗੱਡੀ ਚਲਾਉਣੀ ਸਿਖਦਾ ਹੈ, ਬੜਾ ਹੀ ਸੰਭਲ ਕੇ ਗੇਅਰ ਬਦਲਦਾ ਹੈ, ਸਟੇਅਰਿੰਗ ਬਹੁਤ ਹੀ ਸੰਭਲ ਕੇ ਛਡਦਾ ਹੈ, ਸੰਭਲ ਕੇ ਬਰੇਕਾਂ ਲਗਾਉਂਦਾ ਹੈ, ਐਕਸਲੇਟਰ ਤੇ ਪੈਰ ਬਹੁਤ ਹੀ ਡਰ ਕੇ ਰਖਦਾ ਹੈ, ਏਧਰ ਓਧਰ ਬਹੁਤ ਵਾਰੀ ਦੇਖਦਾ ਹੈ। ਪੂਰੀ ਤਰ੍ਹਾਂ ਘਬਰਾਇਆ ਹੁੰਦਾ ਹੈ, ਪਰ ਬਾਰ-ਬਾਰ ਕਰਕੇ, ਰੋਜ਼ ਅਭਿਆਸ ਕਰਕੇ ਕੀ ਹੋ ਜਾਂਦਾ ਹੈ, ਕੀ ਬਣ ਜਾਂਦਾ ਹੈ ? ਫੇਰ ਇਕ ਦਿਨ ਤੁਸੀਂ ਇਸ ਤਰ੍ਹਾਂ ਗੱਡੀ ਚਲਾਉਂਦੇ ਹੋ ਕਿ ਜਿਵੇਂ ਤੁਸੀਂ ਕਿਸੇ ਚੀਜ਼ ਬਾਰੇ ਸੁਚੇਤ ਹੀ ਨਹੀਂ, ਤੁਸੀਂ ਸੁਤੇ ਹੀ ਗੱਡੀ ਚਲਾਈ ਜਾ ਰਹੇ ਹੋ। ਦੂਸਰਾ ਉਦਾਹਰਣ ਹੈ ਕਿ ਤੁਸੀਂ ਕਿਤੇ ਮਕਾਨ ਬਦਲਿਆ ਹੈ, ਤੁਹਾਨੂੰ ਗਲੀ ਦਾ ਨੰਬਰ, ਮਕਾਨ ਦਾ ਨੰਬਰ ਯਾਦ ਰਖਣਾ ਪਵੇਗਾ, ਦੂਸਰੀ ਵਾਰੀ ਜਾਂਦੇ ਹੋ ਤਾਂ ਵੀ ਨੰਬਰ ਯਾਦ ਕਰਨਾ ਪਵੇਗਾ, ਤੀਸਰੀ ਵਾਰੀ ਵੀ ਨੰਬਰ ਯਾਦ ਰਖਣਾ ਪਵੇਗਾ, ਫੇਰ ਇਕ ਦਿਨ ਤੁਸੀਂ ਦਫਤਰੋਂ ਉਠਦੇ ਹੋ ਤੇ ਪੁਰਾਣੇ ਘਰ ਦੇ ਅੱਗੇ ਜਾ ਕੇ ਖੜ੍ਹੇ ਹੋ ਜਾਂਦੇ ਹੋ, ਕਿਉਂਕਿ ਤੁਹਾਡੀ ਆਦਤ ਬਣ ਚੁੱਕੀ ਹੈ, ਪੱਕੀ ਹੋ ਚੁੱਕੀ ਹੈ, ਫੇਰ ਥੋੜ੍ਹੀ ਦੇਰ ਦੇਖ ਕੇ ਤੁਸੀਂ ਨਵੇਂ ਘਰ ਲਈ ਮੁੜਦੇ ਹੋ ਤੇ ਉਥੇ ਪਹੁੰਚਦੇ ਹੋ।

ਤਪਸ ਇਕ ਮਾਨਸਿਕ ਰੁਚੀ ਹੈ, ਕੁਝ ਵੀ ਜਦੋਂ ਤੁਸੀਂ ਬਾਰ-ਬਾਰ ਕਰਦੇ ਹੋ, ਕੋਸ਼ਿਸ਼ ਕਰਦੇ ਹੋ ਉਹ ਚੀਜ਼ ਪੂਰੀ ਤਰ੍ਹਾਂ ਤੁਹਾਡੇ ਅੰਦਰ ਚਲੀ ਜਾਂਦੀ ਹੈ। ਕਈ ਵਾਰੀ ਤਪਸ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਮਨ ਨੂੰ ਸ਼ਕਤੀ ਮਿਲੇ। ਕੁਝ ਵੀ ਔਖਾ ਹੋ ਕੇ ਕਰਨਾ, ਮਿਹਨਤ ਕਰਕੇ ਕਰਨਾ ਮਨ ਨੂੰ ਦੁਖ

ਸੁਖ ਤੋਂ ਉਪਰ ਲੈ ਜਾਣ ਲਈ ਹੈ।

ਮਿਸਾਲ ਵਜੋਂ ਇਕ ਯੋਗੀ ਸੀ ਉਹ ਅਭਿਆਸ ਕਰ ਰਿਹਾ ਸੀ। ਉਸ ਨੇ ਪ੍ਰਤਿਗਿਆ ਕੀਤੀ ਕਿ ਉਹ ਬਾਰ੍ਹਾਂ ਸਾਲ ਖੜ੍ਹਾ ਰਹੇਗਾ। ਉਹ ਬਾਰ੍ਹਾਂ ਸਾਲ ਨਾ ਬੈਠਿਆ, ਨਾ ਲੇਟਿਆ; ਮੈਨੂੰ ਲਗਦਾ ਹੈ ਜਿਵੇਂ ਉਸ ਦੇ ਸ਼ਰਧਾਲੂਆਂ ਨੇ ਹੀ ਉਸ ਨੂੰ ਮਜ਼ਬੂਰ ਕੀਤਾ ਹੋਵੇ ਕਿ ਉਹ ਇਸ ਤਰ੍ਹਾਂ ਕਰੇ। ਸ਼ਰਧਾਲੂਆਂ ਨੇ ਇਕ ਥੜ੍ਹਾ ਬਣਾਇਆ, ਇਕ ਬੋਰਡ ਬਣਾਇਆ ਜਿਸ ਉਤੇ ਉਹ ਝੁਕ ਸਕਦਾ ਸੀ। ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਇਹੋ ਜਿਹਾ ਕਰਮ ਕਰਨ ਦਾ ਕੀ ਲਾਭ ਹੋ ਸਕਦਾ ਹੈ? ਇਹ ਬਿਲਕੁਲ ਇਸ ਤਰ੍ਹਾਂ ਹੀ ਹੈ ਜਿਵੇਂ ਤੁਸੀਂ ਇਕ ਦਿਨ ਸਵੇਰੇ ਛੇ ਵਜੇ ਉਠਦੇ ਹੋ, ਦੋ ਦਿਨ, ਚਾਰ ਦਿਨ ਲਗਾਤਾਰ ਉਠਦੇ ਰਹਿੰਦੇ ਹੋ, ਫੇਰ ਚਾਰ ਮਹੀਨੇ ਹੋ ਜਾਂਦੇ ਹਨ, ਫੇਰ ਚਾਰ ਸਾਲ ਹੋ ਜਾਂਦੇ ਹਨ, ਫੇਰ 40 ਸਾਲ ਹੋ ਜਾਂਦੇ ਹਨ, 40 ਸਾਲ ਬਾਅਦ ਤੁਸੀਂ ਇਹ ਹੀ ਨਤੀਜਾ ਕਢਦੇ ਹੋ ਕਿ ਤੁਸੀਂ ਸਵੇਰੇ ਛੇ ਵਜੇ ਉਠ ਸਕਦੇ ਹੋ, ਤੁਹਾਡੇ ਮਨ ਅੰਦਰ ਐਨੀ ਸ਼ਕਤੀ ਹੈ ਕਿ ਤੁਸੀਂ ਕਰ ਸਕਦੇ ਹੋ। ਅਭਿਆਸ ਕਰਕੇ ਤੁਸੀਂ ਇਹ ਹੀ ਮਹਿਸੂਸ ਕਰਦੇ ਹੋ ਕਿ ਤੁਹਾਡੇ ਮਨ ਵਿਚ ਇਹ ਕਰਨ ਦੀ ਸ਼ਕਤੀ ਹੈ।

ਜਦੋਂ ਤੁਸੀਂ ਕੋਈ ਕਰਮ ਦੋ ਤਿੰਨ ਸਾਲ ਕਰ ਲੈਂਦੇ ਹੋ, ਉਹ ਖੇਚਲ ਨਹੀਂ ਰਹਿੰਦੀ, ਉਸ ਲਈ ਹੁਣ ਤੁਹਾਨੂੰ ਜ਼ੋਰ ਨਹੀਂ ਲਗਾਉਣਾ ਪੈਂਦਾ। ਹੁਣ ਤਾਂ ਉਹ ਸਹਿਜ ਹੋ ਗਿਆ, ਇਕ ਨਿਯਮ ਬਣ ਗਿਆ ਹੈ, ਮਨ ਹੁਣ ਉਸ ਲਈ ਆਲਸ ਨਹੀਂ ਕਰਦਾ, ਲਾਪਰਵਾਰੀ ਵਾਲੀ ਰੁਚੀ ਮਨ ਵਿਚੋਂ ਖਤਮ ਹੋ ਗਈ ਹੈ। ਹੌਲੀ ਹੌਲੀ ਬਾਰ-ਬਾਰ ਕਰਕੇ ਜ਼ੋਰ ਲਗਾ ਕੇ, ਹਠ ਕਰਕੇ ਤੁਸੀਂ ਆਪਣਾ ਸੁਭਾਅ, ਆਪਣੀ ਆਦਤ ਬਦਲ ਲੈਂਦੇ ਹੋ, ਜਦੋਂ ਕਿ ਪਹਿਲਾਂ ਤੁਸੀਂ ਅੱਠ ਵਜੇ ਤਕ ਸੁਤੇ ਰਹਿੰਦੇ ਸੀ, ਦਸ ਵਜੇ ਤਕ ਸੁਤੇ ਰਹਿੰਦੇ ਸੀ, ਹੁਣ ਤੁਸੀਂ ਛੇ ਵਜੇ ਉਠਣ ਦਾ ਸੁਭਾਅ ਬਣਾ ਲਿਆ ਹੈ, ਹੁਣ ਛੇ ਵਜੇ ਉਠਣਾ ਤੁਹਾਡੇ ਲਈ ਸੁਭਾਵਿਕ ਹੋ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਮਨ ਵੀ ਕੁਝ ਸ਼ੁਧ ਹੋ ਗਿਆ ਹੈ, ਮਨ ਦਾ ਅਵਗੁਣ ਜਾਂਦਾ ਰਿਹਾ। ਹੁਣ ਜਦੋਂ ਮਨ ਦੀ ਸ਼ੁਧੀ ਪ੍ਰਾਪਤ ਹੋ ਗਈ ਹੈ, ਤੁਸੀਂ ਆਲਸ ਛੱਡ ਚੁੱਕੇ ਹੋ, ਉਹ ਅਵਗੁਣ ਤੁਸੀਂ ਜਿੱਤ ਚੁੱਕੇ ਹੋ, ਤੁਸੀਂ ਆਪਣੇ ਆਪ ਨੂੰ ਕਹਿੰਦੇ ਹੋ ਕਿ ਹੁਣ ਅੱਗੇ ਮੈਂ ਕੀ ਕਰਨਾ ਹੈ? ਫੇਰ ਤੁਸੀਂ ਆਪਣੇ ਲਈ ਅਗਲਾ ਟੀਚਾ ਰਖਦੇ ਹੋ, ਹੌਲੀ ਹੌਲੀ ਸਰੀਰ ਤੇ ਕਾਬੂ ਪਾਉਂਦੇ ਹੋ।

ਹਠ ਯੋਗ ਸਰੀਰ ਤੇ ਕਾਬੂ ਪਾਉਣ ਨੂੰ ਹੀ ਕਹਿੰਦੇ ਹਨ। ਕਈ ਲੋਕ ਤਾਂ ਸੰਸਾਰ ਨੂੰ ਜਿੱਤਣ ਲਈ ਨਿਕਲਦੇ ਹਨ ਪਰ ਸਭ ਤੋਂ ਵੱਡਾ ਵਿਜੇਤਾ ਤਾਂ ਸ੍ਵੈ ਨੂੰ ਵਿਜੈ ਕਰਨ ਵਾਲਾ ਹੀ ਹੁੰਦਾ ਹੈ, ਆਮ ਮਨੁੱਖ ਲਈ ਸਰੀਰ ਨੂੰ ਵਿਜੈ ਕਰਕੇ ਹੀ ਵਿਜੈ ਹੁੰਦੀ ਹੈ। ਬਹੁਤ ਘਟ ਲੋਕੀ ਹਨ ਜਿਹੜੇ ਮਨ ਨੂੰ ਵਿਜੈ ਕਰਦੇ ਹਨ ਤੇ ਫੇਰ ਸਰੀਰ ਤੇ ਵਿਜੈ ਪ੍ਰਾਪਤ ਕਰਦੇ ਹਨ। ਉਨ੍ਹਾਂ ਨੂੰ ਮੁਢ ਤੋਂ ਹੀ ਸ਼ੁਰੂ ਕਰਨਾ ਪੈਂਦਾ ਹੈ, ਬਹੁਤ ਸਾਰਿਆਂ ਨੂੰ ਇਹ ਮਿੱਟੀ ਦੇ ਘਰ ਤੋਂ ਭਾਵ ਸਰੀਰ ਤੋਂ ਹੀ ਸ਼ੁਰੂ ਕਰਨਾ ਪੈਂਦਾ ਹੈ। ਸਰੀਰ ਨੂੰ ਹੀ ਵਿਜੈ ਕਰਨਾ ਪੈਂਦਾ ਹੈ। ਸਰੀਰ ਤੁਹਾਡਾ ਸ਼ਤਰੂ ਨਹੀਂ ਹੋਣਾ ਚਾਹੀਦਾ, ਸਰੀਰ ਤੁਹਾਨੂੰ ਹੁਕਮ ਨਾ ਦੇਵੇ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਸਰੀਰ ਨੂੰ ਹੁਕਮ ਦਿਓ। ਕੁਝ ਕੁ ਪੁਰਾਣੀਆਂ ਆਦਤਾਂ ਛੱਡਣੀਆਂ ਚਾਹੀਦੀਆਂ ਹਨ। ਇਹ ਸਭ ਕੁਝ ਤਪਸ ਨਾਲ ਹੀ ਆਉਂਦਾ ਹੈ, ਕੋਸ਼ਿਸ਼ ਕਰਨ ਨਾਲ, ਤਪਣ ਨਾਲ ਬਾਰ-ਬਾਰ ਇਕ ਚੀਜ਼ ਕਰਕੇ ਇਕ ਆਦਤ ਤੋੜਨੀ ਤੇ ਨਵੀਂ ਬਣਾਉਣੀ।

ਮੱਧ ਕਾਲ ਵਿਚ ਅਤੇ ਪੁਰਾਤਨ ਸਮੇਂ ਵਿਚ ਕੁਝ ਪ੍ਰਪਾਟੀਆਂ ਇਹੋ ਜਿਹੀਆਂ ਸਨ ਜਿਨ੍ਹਾਂ ਵਿਚ ਤਪਸ, ਤਿਆਗ ਬਹੁਤ ਹੀ ਵਧੇਰੇ ਸੀ, ਐਨਾ ਔਖਾ ਸੀ ਕਿ ਕਰਨ ਵਾਲੇ ਲਈ ਤੇ ਦੇਖਣ ਵਾਲੇ ਲਈ ਦੋਹਾਂ ਲਈ ਬਹੁਤ ਹੀ ਮੁਸ਼ਕਲ ਸੀ ਅਸੀਂ ਉਨ੍ਹੀਵੀਂ ਤੇ ਵੀਹਵੀਂ ਸਦੀ ਵਿਚ ਦੇਖਦੇ ਹਾਂ ਕਿ ਇਸ ਦੇ ਵਿਰੁੱਧ ਆਵਾਜ਼ ਉਠੀ। ਜਿਵੇਂ ਕਿ 14ਵੀਂ, 15ਵੀਂ ਸਦੀ ਵਿਚ ਮੰਤਵ ਸੀ ਕਿ ਪ੍ਰਭੂ ਪ੍ਰਾਪਤੀ ਕਰਨੀ ਹੈ, ਤਪਸਿਆ ਕਰਕੇ, ਸ਼ੁਧੀ ਕਰਕੇ, ਤਸੀਹੇ ਸਹਿ ਕੇ। ਅੱਜ ਦੇ ਮਨੁੱਖ ਦਾ ਆਦਰਸ਼ ਹੈ - ਭੋਗ ਭੋਗਣੇ, ਐਸ਼ ਕਰਨੀ। ਹੱਠ ਯੋਗ ਸਹਿਜ ਤਿਆਗ ਹੈ, ਹੱਠ ਯੋਗ ਦਸਦਾ ਹੈ ਕਿ ਬਹੁਤ ਔਖੇ ਨਾ ਹੋਵੋ, ਹੌਲੀ ਹੌਲੀ ਕੋਸ਼ਿਸ਼ ਕਰੋ। ਜੇ ਤੁਸੀਂ ਇਕਸਾਰਤਾ ਨਾਲ, ਸਹਿਜ ਨਾਲ ਕਰੋਗੇ, ਤੁਹਾਡੇ ਮਨੋਰਥ ਦੀ ਪ੍ਰਾਪਤੀ ਹੋ ਜਾਵੇਗੀ। ਹੌਲੀ ਹੌਲੀ ਤੁਹਾਨੂੰ ਸੁਭਾਅ ਪੈ ਜਾਵੇਗਾ, ਤੁਸੀਂ ਅਨੰਦਮਈ ਹੋ ਜਾਓਗੇ, ਤੇ ਉਸ ਤੋਂ ਬਿਨਾਂ ਦੁਖੀ ਮਹਿਸੂਸ ਕਰੋਗੇ, ਇਹ ਸਰੀਰਕ ਤਿਆਗ ਦਾ ਬਹੁਤ ਹੀ ਹਲਕਾ ਨਮੂਨਾ ਹੈ। ਇਸ ਦਾ ਅਭਿਆਸ ਕੇਵਲ ਸਰੀਰਕ ਵਿਜੈ ਲਈ ਹੀ ਹੈ।

ਸਰੀਰ ਦੀ ਜਿੱਤ ਕਿਉਂ? ਮਿਸਾਲ ਵਜੋਂ ਇਕ ਇਸਾਈ ਸਿਧਾਂਤ ਹੈ 'Master of flesh' ਜਦੋਂ ਇਸ ਸਿਧਾਂਤ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਧਿਆਨ ਇਕ ਦਮ ਕਾਮ ਬਿਰਤੀ ਵਲ ਜਾਂਦਾ ਹੈ, ਵਿਸ਼ੇਸ਼ ਕਰਕੇ ਜਦੋਂ ਪੱਛਮ ਵਿਚ ਇਹ ਗੱਲ ਕੀਤੀ ਜਾਂਦੀ ਹੈ ਪਰ ਇਥੇ ਜਦੋਂ ਅਸੀਂ ਸਰੀਰ ਦੀ ਵਿਜੈ ਦੀ ਗੱਲ ਕਰਦੇ ਹਾਂ ਤਾਂ ਧਿਆਨ ਸਾਰੇ ਸਰੀਰ ਵਲ ਜਾਂਦਾ ਹੈ, ਸਰੀਰ ਦੇ ਸਾਰੇ ਕਾਰਜ ਵਲ ਜਾਂਦਾ ਹੈ। ਜਦੋਂ ਤੁਸੀਂ ਇਕ ਤਰੀਕੇ ਨਾਲ ਬੈਠ ਕੇ ਅਭਿਆਸ ਕਰ ਰਹੇ ਹੁੰਦੇ ਹੋ ਉਦੋਂ ਤੁਹਾਨੂੰ ਸ਼ਾਇਦ ਕੋਈ ਵੀ ਇੱਛਾ ਤੰਗ ਨਹੀਂ ਕਰਦੀ ਕਿਉਂਕਿ ਮਨ ਇਕ ਸਮੇਂ, ਇਕ ਚੀਜ਼ ਦੀ ਹੀ ਇੱਛਾ ਕਰ ਸਕਦਾ ਹੈ। ਪੰਜਤਾਲੀ ਮਿੰਟ ਵਾਸਤੇ ਤੁਸੀਂ ਹੁਕਮ ਦਿਤਾ ਕਿ ਮਨ ਕੇਵਲ ਸਰੀਰ ਨੂੰ ਦੇਖੇਗਾ, ਨਿਸਲ ਹੋਣ ਵਿਚ, ਸਰੀਰ ਦੀ ਖਿੱਚ, ਸਰੀਰ ਦਾ ਤਨਾਅ ਢਿੱਲਾ ਕਰਨ ਵਿਚ, ਦਰਦ ਦੂਰ ਕਰਨ ਵਿਚ ਜਦੋਂ ਤਕ ਸਰੀਰ ਨੂੰ ਆਦਤ ਨਾ ਪੈ ਜਾਵੇ ਕਿ ਉਹ ਇਕ ਦਮ ਮਨ ਦਾ ਕਹਿਣਾ ਮੰਨ ਲਵੇ। ਜਿਹੜਾ ਮਨੁੱਖ ਨਿਤਾਪ੍ਰਤੀ ਹੱਠ ਯੋਗ ਦਾ ਅਭਿਆਸ ਕਰਦਾ ਹੈ ਉਸ ਲਈ ਸਰੀਰ ਨੂੰ ਕਾਬੂ ਕਰਨਾ, ਇਛਾਵਾਂ ਨੂੰ ਕਾਬੂ ਕਰਨਾ ਸੌਖਾ ਹੋਵੇਗਾ; ਜਿਹੜਾ ਹੱਠ ਯੋਗ ਦਾ ਅਭਿਆਸ ਨਹੀਂ ਕਰਦਾ, ਉਸ ਲਈ ਔਖਾ ਹੋਵੇਗਾ। ਇਥੇ ਅਸੀਂ ਕੋਈ ਸ਼ੁਧ ਵਿਚਾਰ ਸਿਧਾਂਤ ਦੀ ਗੱਲ ਨਹੀਂ ਕਰ ਰਹੇ, ਅਸੀਂ ਸਭ ਨੂੰ ਬ੍ਰਹਮਚਾਰੀ ਹੋਣ ਲਈ ਨਹੀਂ ਕਹਿ ਰਹੇ। ਇਕ ਹੋਰ ਉਦਾਹਰਣ ਲਵੋ - ਭੁੱਖ ਤੋਂ ਵੱਧ ਖਾਣਾ। ਜਦੋਂ ਤੁਸੀਂ ਸਰੀਰ ਲਈ ਸੰਵੇਦਨਸ਼ੀਲ ਹੁੰਦੇ ਹੋ, ਇਹੋ ਜਿਹੀ ਇੱਛਾ ਨੂੰ ਕਾਬੂ ਕਰਨਾ ਬਹੁਤ ਸੌਖਾ ਹੁੰਦਾ

ਹੈ। ਤੁਸੀਂ ਬੜੀ ਛੇਤੀਂ ਆਪਣੀ ਸ਼ਕਤੀ ਨੂੰ ਅੰਦਰ ਰੱਖ ਕੇ ਦੁਬਾਰਾ ਵਰਤਣਾ ਸਿੱਖ ਲੈਂਦੇ ਹੋ।

ਮਨ ਅਤੇ ਸਰੀਰ ਦੀ ਵਿਜੈ, ਹੱਠ ਯੋਗ ਦਾ ਪਹਿਲਾ ਦਾਰਸ਼ਨਕ ਮੰਤਵ ਹੈ ਕਿ ਸਰੀਰ ਹਰ ਤਰ੍ਹਾਂ ਨਾਲ ਮਨ ਦੇ ਅਧੀਨ ਹੋਵੇ। ਮਨ ਕਹਿੰਦਾ ਹੈ 'ਚਲੋ' ਤੇ ਸਰੀਰ ਚਲਦਾ ਹੈ; ਮਨ ਕਹਿੰਦਾ ਹੈ, "ਉਠੋ, ਬਿਨ ਧਰਤੀ ਤੇ ਹੱਥ ਲਗਾਇਆ ਉਠੋ, ਆਪਣੀਆਂ ਲੱਤਾਂ ਦੇ ਬਲ ਤੇ ਆਪਣੀਆਂ ਪਿੰਜਣੀਆਂ ਦੇ ਪੱਠਿਆਂ ਦੇ ਜ਼ੋਰ ਤੇ ਉਠੋ, ਸਰੀਰ ਕਰੇਗਾ। ਫੇਰ ਸਰੀਰ ਇਹ ਨਹੀਂ ਕਹਿ ਸਕਦਾ ਕਿ ਮੈਨੂੰ ਸੁਸਤੀ ਆ ਰਹੀ ਹੈ, ਮੈਂ ਸੋਚਦਾ ਹਾਂ ਮੈਂ ਲੇਟਿਆ ਹੀ ਰਹਾਂ, ਨਰਮ ਬਿਸਤਰੇ ਦਾ ਅਨੰਦ ਮਾਣਦਾ ਹੀ ਰਹਾਂ ਭਾਵੇਂ ਇਸ ਗੱਦੇ ਤੇ ਪਿੱਠ ਦੋਹਰੀ ਹੋ ਰਹੀ ਹੋਵੇ। ਇਹੋ ਜਿਹੀ ਬੇਅਰਥ ਕਿਸਮ ਦੀ ਸ਼ਕਤੀ ਜਿਹੜੀ ਸਰੀਰ ਦੀ ਹੈ, ਇਹ ਤੋੜਨੀ ਹੈ, ਨਹੀਂ ਤਾਂ ਨਾ ਤੁਸੀਂ ਧਿਆਨ ਸਿਮਰਨ ਵਿਚ ਬੈਠ ਸਕਦੇ ਹੋ, ਨਾ ਹੀ ਤੁਸੀਂ ਲੰਮੇ ਸੁਆਸ ਲੈ ਸਕਦੇ ਹੋ, ਨਾ ਹੀ ਤੁਸੀਂ ਸੁਅਸਥ ਰਹਿ ਸਕਦੇ ਹੋ, ਨਾ ਹੀ ਤੁਹਾਡਾ ਹਾਜ਼ਮਾ ਠੀਕ ਰਹਿ ਸਕਦਾ ਹੈ।

ਸਰੀਰ ਨੂੰ ਪ੍ਰਮਾਤਮਾ ਦਾ ਘਰ ਬਣਾਉਣਾ ਹੀ ਹੱਠ ਯੋਗ ਦਾ ਉਦੇਸ਼ ਹੈ। ਇਸ ਉਦੇਸ਼ ਨਾਲ ਹੀ ਪੁਰਾਤਨ ਯੋਗੀਆਂ ਨੇ ਹੱਠ ਯੋਗ ਦਾ ਵਿਗਿਆਨ ਸ਼ੁਰੂ ਕੀਤਾ ਸੀ। ਜੇ ਸਰੀਰ ਨੂੰ ਸ਼ੁਧ ਨਹੀਂ ਕੀਤਾ ਜਾਂਦਾ ਤਾਂ ਇਸ ਦਾ ਮਾੜਾ ਅਸਰ ਮਨ ਉਤੇ ਪਵੇਗਾ ਹੀ, ਮਨ ਸ਼ੁਧ ਕਰਨਾ ਔਖਾ ਹੋ ਜਾਵੇਗਾ। ਕਿਤੇ ਨਾ ਕਿਤੇ ਹੁਣ ਜਾਂ ਬਾਅਦ ਵਿਚ ਸਰੀਰ ਬਾਧਕ ਬਣਦਾ ਹੈ, ਭਾਵੇਂ ਅਸੀਂ ਪੂਜਾ ਕਰਨ ਬੈਠੀਏ, ਭਾਵੇਂ ਅਰਦਾਸ ਕਰੀਏ, ਭਾਵੇਂ ਸਿਮਰਨ ਧਿਆਨ ਕਰੀਏ। ਇਹ ਤਪਸ, ਇਹ ਕੋਸ਼ਿਸ਼ ਇਹ ਕੋਮਲ ਖੇਚਲ ਹੀ ਹੱਠ ਯੋਗ ਦਾ ਤੱਤ ਹੈ, ਇਹੋ ਹੀ ਪੰਤਾਜਲ ਨੇ ਸਿਖਿਆ ਦਿਤੀ ਹੈ।

ਹੱਠ ਯੋਗ ਦਾ ਦੂਸਰਾ ਸਬੰਧ ਪੂਜਾ ਨਾਲ ਹੈ। ਇਹ ਕਹਿਣਾ ਔਖਾ ਹੈ ਕਿ ਜਿੰਨੇ ਬੰਦੇ ਹੱਠ ਯੋਗ ਕਰਦੇ ਹਨ ਉਨ੍ਹਾਂ ਵਿਚੋਂ ਕਿੰਨੇ ਸ਼ਰਧਾ ਵਾਲੇ ਹਨ। ਮੈਂ ਤਾਂ ਇਹ ਹੀ ਕਹਾਂਗਾ ਕਿ ਹੱਠ ਯੋਗ ਪੂਜਾ ਹੈ; ਇਹ ਕਹਿਣ ਲਈ ਮੈਂ ਕੁਝ ਨਵੀਂ ਗੱਲ ਨਹੀਂ ਕਹਿ ਰਿਹਾ, ਕੋਈ ਨਵੀ ਵਿਆਖਿਆ ਨਹੀਂ ਕਰ ਰਿਹਾ। ਇਹ ਵਿਆਖਿਆ ਆਦਿ ਤੋਂ ਹੈ, ਜਦੋਂ ਇਹ ਸ਼ੁਰੂ ਹੋਇਆ, ਉਦੋਂ ਇਹ ਹੀ ਇਸ ਦਾ ਉਦੇਸ਼ ਸੀ। ਇਹ ਕੇਵਲ ਅੱਜ ਦੇ ਸਮੇਂ ਹੀ ਪੂਰਬ ਤੇ ਪੱਛਮ ਵਿਚ ਹੋਇਆ ਹੈ ਕਿ ਹੱਠ ਯੋਗ ਨੂੰ ਪੂਜਾ ਤੋਂ ਵੱਖ ਕੀਤਾ ਗਿਆ ਹੈ, ਅੱਜ ਦਾ ਮਨੁੱਖ ਬੋਲ ਕੇ ਹੀ ਪੂਜਾ ਕਰ ਸਕਦਾ ਹੈ, ਜਾਂ ਗਾ ਕੇ ਅਰਦਾਸ ਕਰਕੇ। ਸਰੀਰ ਰਾਹੀਂ ਪੂਜਾ, ਮਨ ਰਾਹੀਂ ਪੂਜਾ ਇਹ ਦੋਨੋਂ ਪੱਖ ਤਾਂ ਭੁੱਲ ਹੀ ਗਏ ਹਨ।

ਸੱਤ ਦਾ ਖੋਜੀ ਉਹ ਹੈ ਜਿਸ ਵਿਚ ਮਨ, ਸਰੀਰ ਅਤੇ ਬੋਲਣਾ ਸਭ ਇਕ ਸਾਰ ਹੀ ਕੰਮ ਕਰਦੇ ਹਨ। ਪੁਰਾਣੀਆਂ ਪਰੰਪਰਾਵਾਂ ਅਨੁਸਾਰ ਸੱਤ ਦੀ ਵਿਆਖਿਆ, ਸੱਚ ਬੋਲਣਾ, ਸੱਤ ਕਰਮ ਕਰਨੇ, ਸੱਤ ਸੋਚਣਾ, ਜੋ ਮਨ ਨਾਲ ਸੋਚਣਾ ਉਹ ਹੀ ਕਰਮ ਕਰਨਾ, ਉਹ ਹੀ ਬੋਲਣਾ, ਕਥਨੀ, ਕਰਨੀ, ਸੋਚਣੀ ਸਤਿ ਦੀ ਰਖਣੀ, ਜੋ ਕਰਨਾ ਉਹ ਪੂਰਾ ਕਰਨਾ, ਜੋ ਕਹਿਣਾ ਉਸ ਉਤੇ ਪੂਰੇ ਉਤਰਨਾ। ਇਸ ਤਰ੍ਹਾਂ ਕਰਨ ਵਿਚ ਸਾਰਾ ਵਿਅਕਤੀਤ੍ਵ ਹੀ ਰੁਝਿਆ ਹੁੰਦਾ ਹੈ, ਇਸ ਤਰ੍ਹਾਂ ਹੀ ਹੱਠ ਯੋਗ ਵਿਚ ਨਾ ਹੀ ਪੂਜਾ, ਨਾ ਹੀ ਅਭਿਆਸ ਇਕ ਦੂਸਰੇ ਤੋਂ ਵੱਖ ਕਰਨਾ ਚਾਹੀਦਾ ਹੈ, ਪੱਠੇ, ਮੂੰਹ, ਮਨ ਸਭ ਕੁਝ ਹੀ ਪੂਜਾ ਦੇ ਪਾਤਰ ਬਣਨੇ ਚਾਹੀਦੇ ਹਨ।

ਸੂਰਜ ਨੂੰ ਨਮਸ਼ਕਾਰ ਕਰਕੇ ਪੂਰਾ ਵਿਅਕਤੀਤ੍ਵ ਸੰਗਠਨ ਹੋ ਜਾਂਦਾ ਹੈ। ਅਸੀਂ ਭਾਰਤ ਵਿਚ ਚੜ੍ਹਦੇ ਵਲ ਮੂੰਹ ਕਰਕੇ ਹੀ ਪੂਜਾ ਕਰਨ ਅਤੇ ਧਿਆਨ ਸਿਮਰਨ ਵਿਚ ਬੈਠਦੇ ਹਾਂ, ਇਸਾਈਆਂ ਵਿਚ ਸੂਰਜ ਈਸਾ ਜੀ ਦਾ ਹੀ ਪ੍ਰਤੀਕ ਹੈ, ਸੂਰਜ ਪੂਰਬ ਵਲੋਂ ਚੜ੍ਹਦਾ ਹੈ। ਸਾਰੇ ਮਜ਼ਹਬਾਂ ਵਿਚ ਹਰੇਕ ਤਰ੍ਹਾਂ ਦੇ ਚਿੰਨ੍ਹ ਹਨ, ਸੂਰਜ ਨੂੰ ਵੀ ਕਈ ਕਿਸਮ ਨਾਲ ਪ੍ਰਤੀਕ ਮੰਨਿਆ ਗਿਆ ਹੈ। ਭਾਰਤ ਵਿਚ ਕੇਵਲ ਸੂਰਜ ਵਲ ਮੂੰਹ ਕਰਕੇ ਹੀ ਪੂਜਾ ਨਹੀਂ ਕੀਤੀ ਜਾਂਦੀ, ਹੋ ਸਕੇ ਤਾਂ ਸੋਹਣੇ ਵਾਤਾਵਰਣ ਵਿਚ, ਬਾਗ ਫੁੱਲਾਂ ਵਿਚ ਵਿਚ ਬੈਠ ਕੇ ਵੀ ਕੀਤੀ ਜਾਂਦੀ ਹੈ, ਨਦੀ ਦੇ ਕੰਢੇ ਬੈਠ ਕੇ ਵੀ ਭਗਤੀ ਕਰਦੇ ਹਨ। ਸਿਮਰਨ ਕਰਨਾ ਧਿਆਨ ਲਗਾਉਣਾ ਸਭ ਤੋਂ ਸੋਹਣਾ ਅਨੁਭਵ ਹੈ।

ਸੂਰਜ ਚਾਨਣ ਦਾ ਪ੍ਰਤੀਕ ਹੈ, ਸਭ ਤੋਂ ਉਤਮ ਹੈ ਸੂਰਜ ਚੜ੍ਹਨ ਤੋਂ ਪਹਿਲਾਂ ਉਠਣਾ, ਪਿੰਡਾਂ ਵਿਚ ਆਮ ਲੋਕੀ ਸੂਰਜ ਚੜ੍ਹਨ ਤੋਂ ਪਹਿਲਾਂ ਉਠਦੇ ਹਨ ਤੇ ਬਾਹਰ ਹੀ ਜੰਗਲ ਪਾਣੀ ਕਰਦੇ ਹਨ ਜਿਥੇ ਵਗਦਾ ਪਾਣੀ ਹੋਵੇ। ਭਾਰਤ ਵਿਚ ਮੌਸਮ ਸਦਾ ਹੀ ਅਨੁਕੂਲ ਹੁੰਦਾ ਹੈ, ਬਾਹਰ ਜਾਣਾ ਔਖਾ ਨਹੀਂ। ਸਵੇਰ ਦੇ ਤਿੰਨ ਵਜੇ ਤੋਂ ਬ੍ਰਹਮ ਮਹੂਰਤ ਸ਼ੁਰੂ ਹੋ ਜਾਂਦਾ ਹੈ, ਬ੍ਰਾਹਮ ਦਾ ਸਮਾਂ ਭਾਵ ਸਿਮਰਨ ਭਜਨ ਦਾ ਸਮਾਂ ਹੁੰਦਾ ਹੈ। ਉਸ ਸਮੇਂ ਦਾ ਕੀਤਾ ਭਜਨ ਵਧੇਰੇ ਪ੍ਰਫੁਲਤ ਹੁੰਦਾ ਹੈ, ਵਧੇਰੇ ਧਿਆਨ ਜੁੜਦਾ ਹੈ।

ਬ੍ਰਹਮ ਮਹੂਰਤ ਸਵੇਰ ਦੇ ਤਿੰਨ ਵਜੇ ਤੋਂ ਲੈ ਕੇ ਸਾਢੇ ਚਾਰ ਵਜੇ ਤਕ ਹੁੰਦਾ ਹੈ, ਇਹ ਸਮਾਂ ਬਹੁਤ ਹੀ ਪਵਿੱਤਰ ਸਮਾਂ, ਬਹੁਤ ਹੀ ਸ਼ਕਤੀਸ਼ਾਲ ਸਮਾਂ ਹੁੰਦਾ ਹੈ। ਉਸ ਸਮੇਂ ਬਹੁਤ ਸਾਰੇ ਅਪਰਾਧ ਕੀਤੇ ਜਾਂਦੇ ਹਨ। ਹਸਪਤਾਲਾਂ ਵਿਚ ਦੇਖਿਆ ਗਿਆ ਹੈ, ਬਹੁਤ ਸਾਰੇ ਮਰੀਜ਼ ਇਸ ਸਮੇਂ ਹੀ ਪ੍ਰਾਣ ਤਿਆਗਦੇ ਹਨ, ਇਹ ਉਹ ਸਮਾਂ ਹੈ ਜਦੋਂ ਸ਼ਕਤੀ ਦਾ ਪ੍ਰਵਾਹ ਬਹੁਤ ਜ਼ਿਆਦਾ ਹੁੰਦਾ ਹੈ, ਇਹ ਧਿਆਨ ਸਿਮਰਨ ਲਈ ਉਤਮ ਸਮਾਂ ਹੈ, ਤਪਸਿਆ ਲਈ ਬਹੁਤ ਹੀ ਚੰਗਾ ਹੈ, ਅਭਿਆਸ ਕਰਨ ਲਈ ਬਹੁਤ ਹੀ ਵਧੀਆ ਹੈ। ਤੁਸੀਂ ਆਪਣੀਆਂ ਸ਼ਕਤੀਆਂ ਨੂੰ ਸਮੇਟ ਕੇ ਅਪਰਾਧ ਵੀ ਕਰਦੇ ਹੋ, ਭੋਗ ਵਿਲਾਸ ਵੀ ਕਰਦੇ ਹੋ। ਸਭ ਤੋਂ ਵੱਡੀ ਬਖਸ਼ਿਸ਼ ਤਾਂ ਹੈ ਜੇ ਵਾਹਿਗੁਰੂ ਦੀ ਯਾਦ ਸਿਮਰਨ ਵਿਚ ਬੈਠਿਆ ਜਾਵੇ।

ਸਾਰੇ ਯੋਗੀ ਇਸ ਸਮੇਂ ਧਿਆਨ ਵਿਚ ਨਹੀਂ ਬੈਠਦੇ, ਪਰ ਬਹੁਤ ਸਾਰੇ ਆਸ਼ਰਮਾਂ ਵਿਚ ਇਹ ਹੀ ਸਮਾਂ ਹੈ - ਉਠਣ ਦਾ, ਇਸ਼ਨਾਨ ਕਰਨ ਦਾ, ਅਭਿਆਸ ਕਰਨ ਦਾ। ਇਸ ਤਰ੍ਹਾਂ ਹੀ ਪ੍ਰਵਿਰਤੀ ਬਣਾਈ ਜਾਂਦੀ ਹੈ। ਇਸ ਨੂੰ ਇਕ ਕਾਨੂੰਨ ਦੀ ਤਰ੍ਹਾਂ ਨਹੀਂ ਲੈਣਾ ਚਾਹੀਦਾ। ਕਈ ਲੋਕੀ ਕਹਿਣਗੇ ਕਿ ਅਸੀਂ ਤਾਂ ਸਵੇਰੇ ਨਹੀਂ ਉਠ ਸਕਦੇ, ਮੈਂ ਸੋਚਦਾ ਹਾਂ ਮੈਂ ਤਾਂ ਹੱਠ ਯੋਗ ਨਹੀਂ ਕਰ ਸਕਦਾ। ਇਹ ਗੱਲ ਨਹੀਂ, ਤੁਸੀਂ ਸਵੇਰੇ ਉਠੋ, ਸੂਰਜ ਵਲ ਮੂੰਹ ਕਰਕੇ ਖੜ੍ਹੇ ਹੋਵੋ। ਸੰਸਕ੍ਰਿਤ ਵਿਚ ਪੂਜਾ ਨੂੰ ਸੰਧਿਆ ਕਹਿੰਦੇ ਹਨ ਭਾਵ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਤੇ ਸ਼ਾਮ ਸੂਰਜ ਅਸਤ ਹੁੰਦੇ ਸਮੇਂ, ਜਦੋਂ ਸਵੇਰੇ ਤੇ ਸ਼ਾਮ ਨੂੰ ਦੋਨੋਂ ਸਮੇਂ ਮਿਲਦੇ ਹੋਣ।

ਜਦੋਂ ਤੁਸੀਂ ਸੂਰਜ ਦੇ ਸਾਮ੍ਹਣੇ ਖੜ੍ਹੇ ਹੁੰਦੇ ਹੋ, ਸਾਧਾਰਣ ਤਰ੍ਹਾਂ ਖੜ੍ਹੇ ਨਹੀਂ ਹੋਣਾ ਚਾਹੀਦਾ, ਪ੍ਰਕ੍ਰਿਤਕ ਘਟਨਾ ਸਮਝ ਕੇ ਹੀ ਨਹੀਂ ਕਰਨਾ ਚਾਹੀਦਾ। ਯੋਗ ਦਾ ਸਾਰਾ ਤਰੀਕਾ ਫਿਲੌਸਫੀ ਦੇ ਸਮਝਣ ਤੇ ਹੈ। ਇਹ ਗੱਲ ਅਸੀਂ ਬਾਰ-ਬਾਰ ਕਹੀ ਹੈ ਕਿ ਜੋ ਸਰੀਰ ਵਿਚ ਹੈ ਉਹ ਹੀ ਬ੍ਰਹਿਮੰਡ ਵਿਚ ਹੈ ਕਿ 'ਜੋ ਬ੍ਰਹਿਮੰਡੇ ਸੋਈ ਪਿੰਡੇ' ਸਰੀਰ ਦੀ ਰੂਪ ਰੇਖਾ, ਬੈਠ ਕੇ ਧਿਆਨ ਲਾਉਣਾ, ਇਹ ਸਭ ਬ੍ਰਹਿਮੰਡ ਦਾ ਹੀ ਭਾਗ ਹੈ, ਵਿਚਾਰ ਸਾਰੀ ਯੋਗ ਦੀ ਹੈ, ਯੋਗ ਤੋਂ ਭਾਵ ਹੈ ਜੋੜਨਾ, ਦੋ ਧਿਰਾਂ ਨੂੰ ਜੋੜਨਾ, ਭਾਵ ਸਰੀਰ ਤੇ ਮਨ ਨੂੰ ਜੋੜਨਾ।

ਜਿਵੇਂ ਸੂਰਜ ਤੇ ਚੰਦਰਮਾ ਚਮਕਦੇ ਹਨ, ਅੰਦਰ ਦੇ ਸੂਰਜ ਚੰਦ ਕਿਥੇ ਹਨ? ਮੇਰਾ ਲਹੂ ਕਿਉਂ ਨਦੀ ਦੇ ਕੰਢੇ ਜਾਂਦਾ ਹੈ? ਮੇਰੀਆਂ ਨਾੜੀਆਂ ਤੇ ਨਦੀ ਦਾ ਕੀ ਰਿਸ਼ਤਾ ਹੈ? ਜੋ ਚਾਨਣ; ਜੋ ਮਹਾਨਤਾ ਮੈਂ ਉਪਰ ਦੇਖਦਾ ਹਾਂ, ਉਹ ਹੀ ਮੇਰੇ ਅੰਦਰ ਹੈ, ਮੇਰੀਆਂ ਅੱਖਾਂ ਵਿਚ ਹੈ; ਜੋ ਗੌਰਵਤਾ ਮੇਰੀਆਂ ਅੱਖਾਂ ਵਿਚ ਹੈ, ਉਹ ਮੇਰੇ ਕਰਕੇ ਨਹੀਂ, ਮੇਰੇ ਅੰਦਰ ਪ੍ਰਾਣਾਂ ਦੀ ਹੈ। ਮਨ ਦੇ ਅੰਦਰ ਜੋ ਪ੍ਰਾਣ ਹਨ, ਪ੍ਰਾਣਾਂ ਦਾ ਚਾਨਣ ਮੇਰੀ ਦੇਹੀ ਅੰਦਰ ਹੈ, ਪ੍ਰਾਣ ਸ਼ਕਤੀ ਮੇਰੀ ਦੇਹ ਅੰਦਰ ਹੈ, ਸੂਰਜ ਅੰਦਰ ਦੇ ਪ੍ਰਾਣਾਂ ਦਾ ਪ੍ਰਤੀਕ ਹੈ। ਪ੍ਰਾਣਾਂ ਉਤੇ ਇਕ ਗ੍ਰੰਥ ਹੈ, ਜਿਹੜਾ ਪੜ੍ਹਨਾ ਚਾਹੀਦਾ ਹੈ, ਗਿਆਰ੍ਹਾਂ ਉਪਨਿਸ਼ਦਾਂ ਵਿਚੋਂ ਇਕ ਉਪਨਿਸ਼ਦ ਹੈ ਉਹ ਹੈ ਪ੍ਰਸ਼ਨ ਉਪਨਿਸ਼ਦ।

ਪ੍ਰਾਣਾਂ ਦੀ ਅੰਦਰ ਦੀ ਸ਼ਕਤੀ ਦਾ ਤੇ ਸੂਰਜ ਦਾ ਕੀ ਸਬੰਧ ਹੈ? ਕੇਵਲ ਇਹ ਹੀ ਨਹੀਂ ਕਿ ਸਾਨੂੰ ਜਾਗ੍ਰਤੀ ਮਿਲਦੀ ਹੈ, ਸੂਰਜ ਦੀਆਂ ਕਿਰਨਾਂ ਦੀ ਸੋਝੀ ਮਿਲਦੀ ਹੈ, ਇਸ ਤੋਂ ਕਿਤੇ ਵੱਧ ਜੋ ਸੂਰਜ ਚਮਕਦਾ ਹੈ, ਜਿਹੜੇ ਪ੍ਰਾਣ, ਜੋ ਸ਼ਕਤੀ, ਜੋ ਜੀਵਨ ਸਾਡੇ ਅੰਦਰ ਹੈ, ਇਹ ਦੋਨੋਂ ਇਕੋ ਹੀ ਹਨ, ਦੋਨੋਂ ਹੀ ਅਗੰਮੀ ਚਾਨਣ ਹਨ। ਇਹ ਅਗੰਮੀ ਚਾਨਣ ਹੀ ਦੋਨਾਂ ਵਿਚ ਚਮਕ ਰਿਹਾ ਹੈ ਤਾਂ ਹੀ ਦੋਨੋਂ ਇਕ ਦੂਸਰੇ ਵਲ ਆਕਰਸ਼ਕ ਹੁੰਦੇ ਹਨ। ਇਹ ਹੀ ਨਹੀਂ ਕਿ ਦੋਨਾਂ ਦਾ ਸਰੋਤ ਇਕ ਹੈ, ਦੋਨੋਂ ਇਕ ਹੀ ਹਨ। ਜਦੋਂ ਤੁਸੀਂ ਸੂਰਜ ਨੂੰ ਦੇਖਦੇ ਹੋ, ਇਸ ਦਾ ਚਾਨਣ, ਤੁਹਾਨੂੰ ਆਪਣੇ ਅੰਦਰ ਦੇ ਚਾਨਣ, ਦੱਸ ਹਜ਼ਾਰ ਸੂਰਜਾਂ ਦੇ ਚਾਨਣ ਦੀ ਯਾਦ ਦਿਵਾਉਂਦਾ ਹੈ। ਉਹ ਰੋਸ਼ਨੀ ਜਿਹੜੀ ਮਹਾਂਪੁਰਖਾਂ ਨੇ ਆਪਣੇ ਅਨੁਭਵ ਦੁਆਰਾ ਦੱਸੀ ਹੈ, ਉਨ੍ਹਾਂ ਨੇ ਆਪਣੀ ਆਤਮ ਸਿੱਧੀ ਬਾਰੇ ਲਿਖਿਆ ਹੈ, ਕਿਉਂਕਿ ਜੋ ਅੰਦਰ ਹੈ ਸੋ ਬਾਹਰ ਹੈ -

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥***

***ਪੰਨਾ - 695***

ਜੀਵਨ ਵਿਚ ਇਹੋ ਜਿਹਾ ਕੋਈ ਕਰਮ ਹੁੰਦਾ ਹੀ ਨਹੀਂ ਜਿਹੜਾ ਆਤਮਾ ਨਾਲ ਨਾ ਜੁੜਿਆ ਹੋਵੇ।

ਸਵੇਰ ਵੇਲੇ ਹੱਠ ਯੋਗ ਕਰਨਾ, ਵਿਸ਼ਵ ਨਾਲ ਸਬੰਧ ਜੋੜਨਾ ਹੈ। ਤੁਸੀਂ ਉਠਦੇ ਹੋ, ਸੂਰਜ ਦੇ ਸਾਮ੍ਹਣੇ ਖੜ੍ਹੇ ਹੋ ਕੇ ਦੇਖਦੇ ਹੋ, ਤੁਸੀਂ ਸੂਰਜ ਦੇ ਚਾਨਣ ਨੂੰ ਸਰੀਰ ਵਿਚ ਹੌਲੀ ਹੌਲੀ ਪ੍ਰਵੇਸ਼ ਕਰਨ ਦਿੰਦੇ ਹੋ, ਅਧਿਆਤਮਕ ਚਾਨਣ, ਪ੍ਰਾਣ ਸ਼ਕਤੀ ਸਭ ਕੁਝ ਵਿਸ਼ਵ ਦਾ ਹੀ ਹੈ, ਇਸ ਵਿਸ਼ਵ ਨਾਲ ਤੁਸੀਂ ਆਪਣਾ ਸਬੰਧ ਬਣਾਉਂਦੇ ਹੋ। ਵਿਸ਼ਵ ਨਾਲ ਸਬੰਧ ਜੋੜੇ ਬਿਨਾਂ, ਇਸ ਪ੍ਰਵਿਰਤੀ ਤੋਂ ਬਿਨਾਂ ਤੁਸੀਂ ਯੋਗ ਅਭਿਆਸ ਨਹੀਂ ਕਰ ਸਕਦੇ ਕਿਉਂਕਿ ਯੋਗ ਮਨ ਤੇ ਸਰੀਰ ਦਾ ਜੋੜ ਹੈ। ਜਦੋਂ ਤੁਸੀਂ ਯੋਗ ਕਰਦੇ ਹੋ ਤੇ ਸੂਰਜ ਨੂੰ ਨਮਸ਼ਕਾਰ ਕਰਦੇ ਹੋ ਇਸ ਤਰ੍ਹਾਂ ਕਰਨ ਵਿਚ ਕੀ ਮੇਲ ਹੈ? ਕਿਸ ਦਾ ਜੋੜ, ਕਿਸ ਦਾ ਮੇਲ, ਕਿਸ ਨਾਲ ਹੁੰਦਾ ਹੈ? ਇਹ ਮੇਲ ਸਮੁੱਚੀ ਜੋਤ ਦਾ ਮਾਨਸਿਕ ਚਾਨਣ ਨਾਲ ਮੇਲ ਹੈ, ਸੂਰਜ ਦੇ ਚਾਨਣ ਦਾ ਮੇਲ, ਵਿਸ਼ਵ ਦੇ ਚਾਨਣ ਦਾ ਮੇਲ ਤੁਹਾਡੇ ਨਾਲ ਹੁੰਦਾ ਹੈ। ਸੂਰਜ ਦੇ ਸਾਮ੍ਹਣੇ ਖੜ੍ਹੇ ਹੋਵੋ ਸੂਰਜ ਤੁਹਾਡੇ ਲਈ ਪੂਜਨੀਯ ਹੋ ਜਾਂਦਾ ਹੈ। ਸੂਰਜ ਚੜ੍ਹਦਾ ਹੈ ਤੇ ਮੇਰੇ ਅੰਦਰ ਚਮਕਦਾ ਹੈ, ਉਸੇ ਸਮੇਂ ਸਰੀਰ ਤੇ ਮਨ ਪ੍ਰਾਣਾਂ ਨਾਲ ਭਰਪੂਰ ਹੋ ਜਾਂਦੇ ਹਨ, ਤੁਸੀਂ ਦੇਖ ਕੇ ਕੁਝ ਹੋਰ ਕਰ ਹੀ ਨਹੀਂ ਸਕਦੇ, ਤੁਸੀਂ ਅਦਬ ਨਾਲ ਸਿਰ ਨੀਵਾਂ ਕਰੋਗੇ ਹੀ।

ਅਰਦਾਸ ਕਰਨ ਲਈ ਅਨਾਹਦ ਚੱਕਰ ਹੈ, ਚੇਤਨਤਾ ਦਾ ਬਿੰਦੂ, ਸ਼ਰਧਾ, ਅਰਦਾਸ ਦਾ ਕੇਂਦਰ, ਹਿਰਦਾ ਹੈ। ਬਹੁਤ ਸਾਰੇ ਲੋਕ ਆਪਣੇ ਹੱਥ ਇਕੱਠੇ ਕਰਕੇ ਜੋੜਦੇ ਹਨ ਕਿਉਂਕਿ ਇਹ ਹੀ ਮਰਿਆਦਾ ਹੈ ਪਰ ਹੱਥ ਜੋੜਨ ਤੋਂ ਕੀ ਭਾਵ ਹੈ? ਹੱਥ ਜੋੜਨ ਨਾਲ ਕੀ ਲਾਭ ਹੈ? ਕੀ ਹੱਥ ਜੋੜਨ ਨਾਲ ਉਂਗਲੀਆਂ ਨੂੰ ਤਾਕਤ ਮਿਲਦੀ ਹੈ ਜਾਂ ਕਿ ਗੁੱਟ ਨੂੰ ਤਾਕਤ ਮਿਲਦੀ ਹੈ? ਜੇ ਇਸ ਤਰ੍ਹਾਂ ਬਾਹਰ ਦੇ ਗੁਣਾਂ ਨੂੰ ਦੇਖਦੇ ਹਾਂ ਤਾਂ ਹੱਠ ਯੋਗ ਦਾ ਅਭਿਆਸ ਸਾਨੂੰ ਬਹੁਤ ਅੱਗੇ ਨਹੀਂ ਲਿਜਾ ਸਕਦਾ। ਜਦੋਂ ਸੂਰਜ ਨੂੰ ਨਮਸਕਾਰ ਕੀਤੀ ਜਾਂਦੀ ਹੈ ਤਾਂ ਦੱਸਿਆ ਜਾਂਦਾ ਹੈ ਕਿ ਹੱਥਾਂ ਦੇ ਅੰਗੂਠੇ ਹਿਰਦੇ ਦੇ ਸਾਮ੍ਹਣੇ ਆਉਣੇ ਚਾਹੀਦੇ ਹਨ, ਹਲਕਾ ਜਿਹਾ ਦਬਾਅ ਪਾਇਆ ਜਾਂਦਾ ਹੈ, ਭਾਵਨਾ ਜਾਗਰਣ ਕੀਤੀਆਂ ਜਾਂਦੀਆਂ ਹਨ। ਜਦੋਂ ਹਿਰਦੇ ਨੂੰ ਹਲਕਾ ਜਿਹਾ ਦਬਾਇਆ ਜਾਂਦਾ ਹੈ ਆਪਣੇ ਆਪ ਹੀ ਸਿਰ ਝੁਕ ਜਾਂਦਾ ਹੈ। ਸਰੀਰ ਦਾ ਮਹਿਸੂਸ ਕਰਨਾ, ਕੇਵਲ ਸਰੀਰ ਦਾ ਪ੍ਰਤੀਕਰਮ ਨਹੀਂ ਪਰ ਇਕ ਅਦਬ ਦੀ ਭਾਵਨਾ ਹੈ। ਚੁਸਤ ਹੋ ਕੇ ਹੱਠ ਯੋਗ ਦਾ ਅਭਿਆਸ ਸ਼ੁਰੂ ਕਰਦੇ ਹੋ।

ਇਹ ਹੱਠ ਯੋਗ ਦੇ ਅਭਿਆਸ ਲਈ ਕੋਈ ਖਾਸ ਗੱਲ ਨਹੀਂ। ਭਾਰਤੀ ਪੁਰਾਤਨ ਨ੍ਰਿਤ ਸਦਾ ਹੀ ਨਮਸ਼ਕਾਰ ਨਾਲ ਸ਼ੁਰੂ ਹੁੰਦਾ ਹੈ, ਨ੍ਰਿਤ ਪਹਿਲਾਂ ਮੰਦਰਾਂ ਵਿਚ ਹੀ ਸ਼ੁਰੂ ਹੋਇਆ ਹੈ ਕਿਉਂਕਿ ਨ੍ਰਿਤ ਪੂਜਾ ਦਾ, ਨਮਸ਼ਕਾਰ ਦਾ ਇਕ ਤਰੀਕਾ ਹੈ। ਸਰੀਰ ਨਾਲ ਉਹ ਨਮਸ਼ਕਾਰ ਕਰਦੇ ਸੀ ਤੇ ਵੱਡੇ-ਵੱਡੇ ਅਵਤਾਰਾਂ ਦੀਆਂ ਕਥਾਵਾਂ ਨ੍ਰਿਤ ਰਾਹੀਂ ਪ੍ਰਗਟ ਕਰਦੇ ਸੀ। ਕ੍ਰਿਸ਼ਨ ਜੀ ਦੀ ਭਗਤੀ ਨ੍ਰਿਤ ਤੋਂ ਬਿਨਾਂ ਸੰਪੂਰਨ ਨਹੀਂ ਕਹੀ ਜਾ ਸਕਦੀ। ਭਗਤੀ ਪੂਜਾ ਕੇਵਲ ਬੋਲ ਕੇ ਨਹੀਂ, ਗਾ ਕੇ ਹੀ ਨਹੀਂ, ਨ੍ਰਿਤ ਰਾਹੀਂ ਵੀ ਕੀਤੀ ਜਾਂਦੀ ਹੈ।

ਹੱਠ ਯੋਗ ਸਰੀਰ ਰਾਹੀਂ ਭਗਤੀ ਹੈ, ਹਰੇਕ ਹਾਵ ਭਾਵ ਦਾ ਸਬੰਧ ਮਨ ਨਾਲ ਹੈ। ਹੱਥ ਜੋੜ ਕੇ ਅੱਧੇ ਖੋਲ੍ਹੇ, ਫੁਲ ਬਣ ਜਾਂਦਾ ਹੈ। ਫੁੱਲ ਦਾ ਸੰਕੇਤ ਹੈ ਇਸ ਫੁੱਲ ਨੂੰ ਹਿਰਦੇ ਦੇ ਅੱਗੇ ਰੱਖੋ, ਸੰਸਾਰ ਦੇ ਹਰ ਫੁੱਲ ਦੀ ਖੁਸ਼ਬੂ ਹਿਰਦੇ ਵਿਚ ਹੈ, ਮੇਰੀ ਅਰਦਾਸ ਨਾਲ ਇਹ ਖੁਸ਼ਬੂ ਮਿਲ ਕੇ ਬਾਹਰ ਨਿਕਲਣ ਲਈ ਬਿਹਬਲ ਹੈ।

ਜੇ ਤੁਸੀਂ ਮਹਾਨ ਸ਼ਕਤੀ ਨੂੰ ਪ੍ਰਮਾਤਮਾ ਨਹੀਂ ਕਹਿਣਾ ਚਾਹੁੰਦੇ, ਤੁਸੀਂ ਸੂਰਜ ਕਹਿ ਸਕਦੇ ਹੋ, ਮਹਾਨ ਆਤਮਾ ਕਹਿ ਸਕਦੇ ਹੋ, ਮਹਾਨ ਚੇਤਨਤਾ ਕਹਿ ਸਕਦੇ ਹੋ। ਜੋ ਤੁਸੀਂ ਕਹਿਣਾ ਚਾਹੋ ਉਹ ਕਹਿ ਸਕਦੇ ਹੋ, ਅੰਤਰ ਵਗਦਾ ਝਰਨਾ, ਜੋ ਮਰਜ਼ੀ ਆਵੇ ਕਹੋ ਪਰ ਸਭ ਤੋਂ ਵੱਧ ਭਗਤੀ ਦੀ ਰੁਚੀ ਹੋਣੀ ਅਤਿ ਜ਼ਰੂਰੀ ਹੈ ਤਾਂ ਹੀ ਹੱਠ ਯੋਗ ਚਲ ਸਕਦਾ ਹੈ। ਤੁਸੀਂ ਉਠ ਕੇ ਸੂਰਜ ਦੇ ਸਾਮ੍ਹਣੇ ਖੜ੍ਹੇ ਹੋਣਾ ਚਾਹੁੰਦੇ ਹੋ, ਮੈਂ ਸੂਰਜ ਦੇ ਸਾਮ੍ਹਣੇ ਉਠਦਾ ਹਾਂ, ਅੱਖਾਂ ਖੋਲ੍ਹਦਾ ਹਾਂ, ਮੈਂ ਤੁਰ ਕੇ ਜਾਂਦਾ ਹਾਂ, ਆਪਣੀਆਂ ਬਾਹਾਂ ਉਲਾਰਦਾ ਹਾਂ, ਮੇਰੀ ਆਤਮਾ ਖੁਸ਼ ਹੁੰਦੀ ਹੈ, ਮੇਰੀ ਰੂਹ ਖੁਸ਼ ਹੁੰਦੀ ਹੈ, ਸੂਰਜ ਨੂੰ ਦੇਖ ਕੇ ਮੈਂ ਚੜ੍ਹਦੀਆਂ ਕਲਾ ਵਿਚ ਮਹਿਸੂਸ ਕਰਦਾ ਹਾਂ, ਮੈਂ ਨਿਮਰਤਾ ਵਿਚ ਆ ਜਾਂਦਾ ਹਾਂ, ਮੈਂ ਆਪਣੇ ਆਪ ਨੂੰ ਤੁਛ ਮਹਿਸੂਸ ਕਰਦਾ ਹਾਂ, ਮੈਂ ਪ੍ਰਣਾਮ ਕਰਦਾ ਹਾਂ।

ਸੂਰਜ ਨੂੰ ਮੇਰਾ ਪਹਿਲਾ ਪ੍ਰਣਾਮ ਹੈ ਮੇਰੀਆਂ ਅੱਖਾਂ ਖੋਲ੍ਹਣੀਆਂ, ਬਾਹਵਾਂ ਉਪਰ ਚੁਕ ਕੇ ਸੂਰਜ ਵਲ ਮੂੰਹ ਕਰਕੇ, ਅੰਦਰ ਪ੍ਰਾਣਾਂ ਦੀ ਛੋਹ ਮਹਿਸੂਸ ਕਰਕੇ ਮੈਂ ਆਪਣੇ ਸਾਮ੍ਹਣੇ ਜੀਵਨ ਦੀ ਲਹਿਰ ਮਹਿਸੂਸ ਕਰਦਾ ਹਾਂ। ਮੇਰੀਆਂ ਬਾਹਵਾਂ ਸਾਰੇ ਬ੍ਰਹਿਮੰਡ ਨੂੰ ਛੂਹ ਰਹੀਆਂ ਹੁੰਦੀਆਂ ਹਨ, ਮੇਰੀਆਂ ਉਂਗਲੀਆਂ ਉਸ ਪ੍ਰਕਾਸ਼ ਦੀ ਛੋਹ ਲੈ ਰਹੀਆਂ ਹੁੰਦੀਆਂ ਹਨ, ਜਿਹੜਾ ਪ੍ਰਕਾਸ਼ ਸਾਰੀ ਆਕਾਸ਼ ਗੰਗਾ ਵਿਚ ਪਸਰਿਆ ਹੁੰਦਾ ਹੈ। ਜਦੋਂ ਮੈਂ ਉਥੇ ਪਹੁੰਚਦਾ ਹਾਂ, ਉਸ ਮਹਾਨ ਪ੍ਰਕਾਸ਼ ਦੀ ਛੋਹ ਪ੍ਰਾਪਤ ਕਰਦਾ ਹਾਂ, ਮੈਂ ਉਸ ਅੱਗੇ ਸੀਸ ਨਿਵਾਉਂਦਾ ਹਾਂ, ਮੈਂ ਧਰਤੀ ਨੂੰ ਪ੍ਰਣਾਮ ਕਰਦਾ ਹਾਂ, ਉਹ ਧਰਤੀ ਜਿਸ ਉਤੇ ਮੈਂ ਖੜ੍ਹਾ ਹਾਂ, ਉਹ ਧਰਤੀ ਤੋਂ ਹੋ ਕੇ ਪ੍ਰਾਣ ਮੇਰੇ ਅੰਦਰ ਪ੍ਰਵੇਸ਼ ਕਰ ਰਹੇ ਹਨ, ਮੈਂ ਧਰਤੀ ਨੂੰ ਹੱਥ ਲਗਾਉਂਦਾ ਹਾਂ, ਮੈਂ ਥੱਲੇ ਸੀਸ ਨਿਵਾਉਂਦਾ ਹਾਂ, ਮੈਂ ਸਾਰੀ ਸ੍ਰਿਸ਼ਟੀ ਦੇਖਦਾ ਹਾਂ, ਮੈਂ ਕੇਵਲ ਦੇਵਤਾ ਤੇ ਉਨ੍ਹਾਂ ਦੇ ਅਵਤਾਰ ਹੀ ਨਹੀਂ ਦੇਖਦਾ, ਮੈਂ ਉਨ੍ਹਾਂ ਨਾਲ ਗੱਲਬਾਤ ਵੀ ਕਰਦਾ ਹਾਂ। ਮੈਂ ਵੀ ਇਸ ਧਰਤੀ ਨੂੰ ਉਸ ਤਰ੍ਹਾਂ ਹੀ ਦੇਖਣ ਦੀ ਕੋਸ਼ਿਸ਼ ਕਰਦਾ ਹਾਂ ਜਿਸ ਤਰ੍ਹਾਂ ਉਹ ਦੇਖਦੇ ਹਨ। ਜਿਵੇਂ ਇਹ ਧਰਤੀ ਉਨ੍ਹਾਂ ਦਾ ਬੋਝ ਸਹਾਰਦੀ ਹੈ ਉਸ ਤਰ੍ਹਾਂ ਹੀ ਮੇਰਾ ਬੋਝ ਸਹਾਰਦੀ ਹੈ ਇਸ ਤਰ੍ਹਾਂ ਨਾਲ ਮੈਂ ਥੋੜ੍ਹਾ ਸਮਾਂ ਉਨ੍ਹਾਂ ਨਾਲ ਵੀ ਬਿਤਾਉਂਦਾ ਹਾਂ।

ਸਰੀਰ ਦੀ ਇਹ ਸਾਰੀ ਗਤੀ ਬੜੀ ਹੀ ਕਵਿਤਾ ਰੂਪੀ ਹੁੰਦੀ ਹੈ। ਜੇ ਤੁਹਾਡਾ ਮਨ ਉਸ ਕਵਿਤਾ ਵਿਚ ਨਾ ਹੋਵੇ ਤਾਂ ਹੱਠ ਯੋਗ ਹੋ ਹੀ ਨਹੀਂ ਸਕਦਾ। 'ਹ' ਤੋਂ ਭਾਵ ਹੈ ਸੂਰਜ, 'ਠ' ਤੋਂ ਭਾਵ ਹੈ ਚੰਦਰਮਾ। ਚੰਦ ਸੂਰਜ ਦੋਨੋਂ ਹੀ ਹਾਜ਼ਰ ਹੋਣੇ ਚਾਹੀਦੇ ਹਨ, ਚਾਨਣ ਤੇ ਠੰਡ, ਥੋੜ੍ਹੀ ਖੇਚਲ ਤੇ ਆਰਾਮ ਉਹ ਜੋ ਸਾਡੇ ਅੰਦਰ ਹੈ ਤੇ ਉਹ ਜੋ ਬਾਹਰ ਹੈ, ਉਹ ਜੋ ਸਰਬ ਜੋਤ ਹੈ ਤੇ ਉਹ ਚਾਨਣ ਜਿਹੜਾ ਪ੍ਰਕਾਸ਼ ਕਰਨ ਨਾਲ ਹੀ ਚਾਨਣ ਦਿੰਦਾ ਹੈ, ਸੱਜੀ ਤੇ ਖੱਬੀ ਨਾਸਕਾ ਵਿਚੋਂ ਸ੍ਵਾਸਾਂ ਨੂੰ ਇਕਸਾਰ ਕਰਨਾ ਤੇ ਹੋਰ ਬਹੁਤ ਕੁਛ। ਜੇ ਕੋਈ ਇਹ ਵਿਸ਼ਵ ਕਵਿਤਾ ਸਵੇਰ ਦੇ ਸਮੇਂ ਆਪਣੇ ਸਰੀਰ ਰਾਹੀਂ ਕਰ ਲੈਂਦਾ ਹੈ, ਉਹ ਸਾਰਾ ਦਿਨ ਭਰਪੂਰ ਰਹਿੰਦਾ ਹੈ, ਉਹ ਹੱਠ ਯੋਗ ਨਾਲ ਭਰਪੂਰ ਰਹਿੰਦਾ ਹੈ, ਉਹ ਹੀ ਪੂਜਾ ਹੈ। ਸਾਰੀਆਂ ਕਸਰਤਾਂ ਸਾਰਾ ਅਭਿਆਸ ਪੂਜਾ ਦੀ ਮਨੋਵਿਰਤੀ ਨਾਲ ਹੀ ਕਰਨਾ ਚਾਹੀਦਾ ਹੈ। ਸਾਰੇ ਆਸਨ ਇਸ ਮਨੋਵਿਰਤੀ ਨਾਲ ਹੀ ਕਰਨੇ ਚਾਹੀਦੇ ਹਨ ਕਿ ਇਹ ਕੀ ਦਰਸਾਉਂਦਾ ਹੈ, ਇਥੋਂ ਤਕ ਕਿ ਵੱਖ-ਵੱਖ ਕਸਰਤਾਂ ਦੇ ਨਾਮ ਵੀ ਓਨੇ ਹੀ ਜ਼ਰੂਰੀ ਹਨ।

ਬਹੁਤ ਸਾਰੇ ਇਹ ਨਹੀਂ ਜਾਣਦੇ ਕਿ ਪੁਰਾਤਨ ਸਮੇਂ ਵਿਚ ਇਹ ਸਾਰੇ ਅਭਿਆਸ ਪੂਜਾ ਦਾ ਹੀ ਹਿੱਸਾ ਹੁੰਦੇ ਸਨ। ਹੁਣ ਵੀ ਜਿਹੜੇ ਲੋਕ ਹੱਠ ਯੋਗ ਦਾ ਅਭਿਆਸ ਨਹੀਂ ਕਰਦੇ, ਉਹ ਵੀ ਇਹ ਸਵੇਰੇ ਕਰਦੇ ਹਨ, ਇਹ ਇਕ ਰਸਮ ਜਾਣ ਕੇ ਕਰਦੇ ਹਨ, ਇਹ ਹਿਰਦੇ ਵਿਚੋਂ ਨਿਕਲੀ ਕਵਿਤਾ ਦਾ ਗਾਇਨ ਕਰਦੇ ਹਨ। ਇਕ ਗੜਵੀ ਵਿਚ ਜਾਂ ਲੋਟੇ ਵਿਚ ਪਾਣੀ ਲਿਆ ਜਾਂਦਾ ਹੈ, ਉਸ ਨਾਲ ਸੂਰਜ ਨੂੰ ਜਲ ਚੜ੍ਹਾਇਆ ਜਾਂਦਾ ਹੈ। ਬਚਪਨ ਤੋਂ ਹੀ ਬੱਚੇ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਗੜਵੀ ਭਰ ਕੇ ਪੂਜਾ ਕਰਨ ਨਦੀ ਦੇ ਕੰਢੇ ਬੈਠੋ, ਪਹਿਲਾਂ ਇਸ਼ਨਾਨ ਕਰੋ ਫੇਰ ਸਿਮਰਨ ਕਰੋ। ਇਹ ਭਰੀ ਹੋਈ ਗੜਵੀ ਮਨੁੱਖ ਦੇ ਸਿਰ ਦਾ ਸਰੂਪ ਹੈ, ਉਹ ਸਿਰ ਜਿਹੜਾ ਸਦਾ ਹੀ ਵਿਚਾਰਾਂ ਨਾਲ ਭਰਿਆ ਰਹਿੰਦਾ ਹੈ ਜਾਂ ਭਾਵਨਾ ਸੰਵੇਗਾਂ ਨਾਲ ਭਰਿਆ ਰਹਿੰਦਾ ਹੈ, ਜਾਂ ਇਹ ਕਹੋ ਜਿਵੇਂ ਬੱਚਾ ਸਦਾ ਮਾਂ ਦੇ ਪਿਆਰ ਦਾ ਭਰਿਆ ਰਹਿੰਦਾ ਹੈ, ਕਦੀ ਵੀ ਖਾਲੀ ਨਹੀਂ ਹੁੰਦਾ। ਜੇ ਕਦੀ ਕਿਸੇ ਬਿਮਾਰ ਲਈ ਅਰਦਾਸ ਕਰਨੀ ਹੋਵੇ ਤਾਂ ਇਸ ਗੜਵੀ ਨੂੰ ਪਾਣੀ ਦੀ ਭਰ ਕੇ ਉਪਰ ਹੱਥ ਰੱਖ ਕੇ ਸਿਮਰਨ ਕਰਨ ਤੋਂ ਬਾਅਦ ਅਰਦਾਸ ਕਰਨੀ ਤੇ ਕਹਿਣਾ ਕਿ ਜੋ ਮੈਂ ਭਜਨ ਸਿਮਰਨ ਕੀਤਾ ਹੈ ਉਸ ਦਾ ਫਲ ਬਿਮਾਰ ਨੂੰ ਲੱਗੇ, ਉਹ ਪਾਣੀ ਬਿਮਾਰ ਨੂੰ ਪਿਲਾਉਣਾ ਤੇ ਉਸ ਦੇ ਛਿੱਟੇ ਵੀ ਉਸ ਨੂੰ ਦੇਣੇ।

ਸਵੇਰ ਦੇ ਸਿਮਰਨ ਤੋਂ ਬਾਅਦ ਉਹ ਗੜਵੀ ਭਰ ਕੇ ਘਰ ਲੈ ਕੇ ਆਉਣੀ, ਗੜਵੀ ਕਦੀ ਵੀ ਖਾਲੀ ਨਹੀਂ ਮੋੜ ਕੇ ਲੈ ਕੇ ਆਉਣੀ। ਇਤਿਹਾਸ ਵਿਚ ਇਹ ਦੱਸਿਆ ਗਿਆ ਹੈ ਕਿ ਜੇ ਕੋਈ ਚੰਗਾ ਕੰਮ ਕਰਨ ਲੱਗਾ ਹੋਵੇ ਜਾਂ ਕੋਈ ਬਾਹਰ ਜਾ ਰਿਹਾ ਹੋਵੇ ਤੇ ਅੱਗੋਂ ਜਲ ਲੈ ਕੇ ਮਿਲੇ ਤਾਂ ਚੰਗਾ ਸ਼ਗਨ ਸਮਝਿਆ ਜਾਂਦਾ ਸੀ, ਇਸ ਨੂੰ ਚੰਗੀ ਯਾਤਰਾ ਦਾ ਪ੍ਰਤੀਕ ਅਤੇ ਕੰਮ ਹੋ ਜਾਣ ਲਈ ਸ਼ੁਭ ਕਿਹਾ ਜਾਂਦਾ ਸੀ ਤੇ ਬਹੁਤ ਵਾਰੀ ਹਰੀਆਂ ਪੱਤੀਆਂ ਵੀ ਵਿਚ ਪਾ ਦਿਤੀਆਂ ਜਾਂਦੀਆਂ ਸਨ ਜਾਂ ਕੋਈ ਹਰੀ ਟਹਿਣੀ ਤੋੜ ਕੇ ਘਰ ਦੇ ਬੂਹੇ ਅੱਗੇ ਲਟਕਾ ਦਿਤੀ ਜਾਂਦੀ ਸੀ। ਇਸ ਗੜਵੀ ਨੂੰ ਕਲਸ਼ ਕਿਹਾ ਜਾਂਦਾ ਸੀ, ਹੁਣ ਵੀ ਕਿਸੇ ਨੂੰ ਪੁੱਛਣਾ ਹੋਵੇ ਕਿ ਤੁਸੀਂ ਠੀਕ ਹੋ? ਹਿੰਦੀ ਵਿਚ ਕਿਹਾ ਜਾਂਦਾ ਹੈ ਆਪ ਕੁਸ਼ਲ ਹੋ? ਇਸ ਤੋਂ ਇਹ ਭਾਵ ਹੈ ਜਿਹੜਾ ਸਵੇਰੇ ਬਾਹਰ ਜਾ ਕੇ ਭਜਨ ਸਿਮਰਨ ਕਰਕੇ ਪਾਣੀ ਦਾ ਕਲਸ਼ ਨਾਲ ਭਰ ਕੇ ਲੈ ਕੇ ਆਉਂਦਾ ਹੈ ਉਹ ਬਿਲਕੁਲ ਠੀਕ ਸਵਸਥ ਅਵਸਥਾ ਵਿਚ ਹੈ ਤਾਂ ਹੀ ਇਹ ਸਾਰਾ ਕਰਮ ਕਰ ਸਕਦਾ ਹੈ, ਇਹ ਸਾਰਾ ਕਰਮ ਉਸ 'ਕੁਸ਼ਲ' ਸ਼ਬਦ ਦੇ ਅੰਦਰ ਦਾ ਭਾਵ ਹੈ।

ਬੱਚਿਆਂ ਨੂੰ ਵੀ ਸਵੇਰੇ ਉਠ ਕੇ ਸੂਰਜ ਨੂੰ ਜਲ ਦੇਣਾ ਸਿਖਾਇਆ ਜਾਂਦਾ ਹੈ ਤੇ ਨਾਲ ਹੀ ਸ੍ਵਾਸ ਅੰਦਰ ਬਾਹਰ ਕਰਨ ਦੀ ਵਿਧੀ ਵੀ ਦੱਸੀ ਜਾਂਦੀ ਹੈ। ਇਹ ਸਾਰੇ ਚਿੰਨ੍ਹ ਹਨ, ਹੱਠ ਯੋਗ ਦੇ ਚਿੰਨ੍ਹ। ਬਾਂਹ ਨੂੰ ਹਿਲਾਉਣਾ, ਸੂਰਜ ਨੂੰ ਬਾਂਹ ਭੇਟਾ ਕਰਨੀ ਹੈ, ਇਹ ਕੇਵਲ ਪੱਠੇ ਮਜ਼ਬੂਤ ਕਰਨੇ ਨਹੀਂ ਹਨ ਸਗੋਂ ਇਹ ਤਾਂ ਇਹ ਭਾਵਨਾ ਪ੍ਰਗਟ ਕਰਨਾ ਹੈ ਕਿ ਮੈਂ ਆਪਣੀ ਬਾਂਹ ਅਰਪਣ ਕਰਦਾ ਹਾਂ, ਮੈਂ ਵਿਸ਼ਵ ਤੋਂ, ਬ੍ਰਹਿਮੰਡ ਤੋਂ ਸ਼ਕਤੀ ਗਤੀ ਪ੍ਰਾਪਤ ਕਰਦਾ ਹਾਂ। ਬਾਂਹ ਅੱਗੇ ਕਰਦਿਆਂ ਸ੍ਵਾਸ ਬਾਹਰ ਕੱਢਣੇ ਹਨ, ਥੱਲੇ ਨੂੰ ਹੋਣਾ ਨਿਮਰਤਾ ਦਾ ਪ੍ਰਤੀਕ ਹੈ, ਨੀਚੇ ਨਿਵਣਾ ਧਰਤੀ ਨੂੰ ਤੇ ਉਪਰ ਉਠਣਾ ਪਿਛੇ ਨੂੰ ਹੋਣਾ ਤੇ ਆਕਾਸ਼ ਵਲ ਦੇਖਣਾ, ਸੂਰਜ ਦੇ ਚਾਨਣ ਨਾਲ ਆਪਣੇ ਆਪ ਨੂੰ ਭਰਪੂਰ ਕਰਨਾ, ਉਸ ਚਾਨਣ ਦੇ ਲਈ ਸੋਚਣਾ ਜੋ ਮੇਰੇ ਅੰਦਰ ਹੈ ਤੇ ਬ੍ਰਹਿਮੰਡ ਦੇ ਚਾਨਣ ਦੇ ਸੰਪਰਕ ਵਿਚ ਆਉਣਾ, ਫੇਰ ਸ੍ਵਾਸ ਬਾਹਰ ਕਢਦਿਆਂ ਧਰਤੀ ਤੇ ਆਉਣਾ, ਇਸੇ ਤਰ੍ਹਾਂ ਰਹਿਣਾ, ਇਸੇ ਪੋਸਚਰ ਵਿਚ ਰਹਿਣ ਤੋਂ ਭਾਵ ਹੈ ਜੋ ਕੁਝ ਤੁਸੀਂ ਅੰਦਰ ਲੈ ਕੇ ਗਏ ਹੋ, ਭਰਿਆ ਹੈ, ਉਸ ਨੂੰ ਉਸੇ ਤਰ੍ਹਾਂ ਰਖਣਾ।

ਬ੍ਰਹਿਮੰਡ ਦਾ ਨਿਯਮ ਹੈ - ਸਿਰਜਨਾ, ਪਾਲਨਾ, ਖਤਮ ਹੋਣਾ। ਇਹ ਲੜੀ ਚਲਦੀ ਆਈ ਹੈ, ਇਸ ਪਰੰਪਰਾ ਦੀ ਸਾਰੀ ਪੂਜਾ ਇਸ ਹੀ ਲੜੀ ਵਿਚ ਹੁੰਦੀ ਰਹੀ ਹੈ 'ਤ੍ਰੀ ਮੂਰਤੀ' ਜਿਹੜੀ ਹਿੰਦੂ ਮਜ਼ਹਬ ਵਿਚ ਲਈ ਗਈ ਹੈ, ਉਹ ਹੈ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ - ਸਿਰਜਨਹਾਰ, ਪਾਲਨਹਾਰ, ਮੇਟਣਹਾਰ। ਯੋਗ ਆਸਨਾਂ ਵਿਚ ਵੀ ਇਸ ਤਰ੍ਹਾਂ ਹੀ ਹੈ - ਸਿਰਜਨਹਾਰ, ਪਾਲਨਹਾਰ, ਮੇਟਣਹਾਰ। ਇਹ ਚੱਕਰ ਇਸ ਤਰ੍ਹਾਂ ਹੀ ਚਲਦਾ ਹੈ। ਯੋਗ ਆਸਨਾਂ ਦਾ ਚੱਕਰ ਵੀ ਤੁਹਾਨੂੰ ਇਹ ਯਾਦ ਕਰਾਉਂਦਾ ਹੈ, ਸ੍ਵਾਸ ਬਾਹਰ ਕੱਢਣੇ ਅਰਥਾਤ ਮਰਨਾ, ਸ੍ਵਾਸ ਅੰਦਰ ਲੈਣੇ ਅਰਥਾਤ ਜਨਮ ਤੇ ਅੰਦਰ ਰਖਣੇ ਸਥਿਰ ਰਹਿਣਾ। ਚੌਰਾਸੀ ਦੇ ਗੇੜ ਤੇ ਮੁੜ ਕੇ ਜਨਮ ਲੈਣਾ, ਇਕ ਤਰ੍ਹਾਂ ਨਾਲ ਦੇਰ ਤਕ ਬੈਠਣਾ ਇਕ ਐਸਣ (posture) ਵਿਚ ਰਹਿਣ ਤੋਂ ਭਾਵ ਹੈ ਜੀਵਨ ਨੂੰ ਲੰਮਾ ਕਰਨਾ, ਇਸ ਤਰ੍ਹਾਂ ਕਰਨ ਨਾਲ ਜੀਵਨ ਲੰਮਾ ਸਚਮੁੱਚ ਹੁੰਦਾ ਵੀ ਹੈ।

ਸਵੇਰੇ ਸਭ ਤੋਂ ਪਹਿਲਾਂ ਉਠ ਕੇ ਜੰਗਲ ਪਾਣੀ ਜਾਣਾ, ਬਚਪਨ ਤੋਂ ਹੀ ਇਸ ਲਈ ਸਿਖਿਆ ਦਿਤੀ ਜਾਂਦੀ ਹੈ। ਪੇਟ ਸਾਫ ਕਰਨਾ। ਅਭਿਆਸ ਕਰਨਾ, ਕਸਰਤ ਕਰਨੀ। ਇਹ ਤਾਂ ਹੀ ਹੋ ਸਕਦੀ ਹੈ ਜੇ ਪੇਟ ਪੂਰੀ ਤਰ੍ਹਾਂ ਨਾਲ ਸਾਫ ਹੋਵੇ। ਉਸ ਤੋਂ ਬਾਅਦ ਇਸ਼ਨਾਨ ਕਰਨਾ, ਸਰੀਰਕ ਯੋਗ ਕਰਨਾ ਫੇਰ ਭਜਨ ਸਿਮਰਨ ਕਰਨਾ, ਸਰੀਰ ਨਾਲ ਯੋਗ ਕਰਕੇ ਸਰੀਰ ਆਰਾਮ ਵਿਚ ਹੋ ਜਾਂਦਾ ਹੈ, ਨਿਸਲ ਹੋ ਜਾਂਦਾ ਹੈ ਤੇ ਸਿਮਰਨ ਕਰਨਾ ਸੌਖਾ ਹੋ ਜਾਂਦਾ ਹੈ। ਜੇ ਤੁਹਾਡਾ ਅੰਦਰ ਸਾਫ ਹੋਵੇ, ਤੁਹਾਡਾ ਸਰੀਰ ਸੁਅਸਥ ਹੋਵੇ ਤੁਹਾਡਾ ਮਨ ਉਦਾਸ ਨਹੀਂ ਹੋਵੇਗਾ, ਤੁਸੀਂ ਸੰਸਾਰ ਵਿਚ ਅਨੰਦ ਨਾਲ ਵਿਚਰੋਗੇ, ਤੁਸੀਂ ਸਾਰਾ ਦਿਨ ਉਸ ਅਨੰਦ ਵਿਚ ਹੀ ਰਹੋਗੇ। ਬਹੁਤ ਵਾਰੀ ਆਸ਼ਰਮ ਵਿਚ ਮੁੰਡੇ ਮੈਨੂੰ ਏਧਰ ਉਧਰ ਲੈ ਜਾਂਦੇ ਹਨ, ਕੁੜੀਆਂ ਕਹਿੰਦੀਆਂ ਹਨ, ਤੁਹਾਨੂੰ ਇਸ ਤਰ੍ਹਾਂ ਨਾਲ ਪੰਡਤ ਜੀ ਨਾਲ ਵਧੇਰੇ ਸਮਾਂ ਮਿਲ ਜਾਂਦਾ ਹੈ। ਮੁੰਡੇ ਅੱਗੋਂ ਜਵਾਬ ਦਿੰਦੇ ਹਨ ਕਿ ਪੰਡਤ ਜੀ ਤਾਂ ਕਾਰ ਵਿਚ ਬੈਠ ਕੇ ਜਾਂ ਤਾਂ ਸਿਮਰਨ ਕਰਦੇ ਹਨ ਜਾਂ ਗਾਉਂਦੇ ਹਨ, ਮੈਂ ਤਾਂ ਅਨੰਦ ਵਿਚ ਹੁੰਦਾ ਹੈ, ਮੇਰੇ ਜੀਵਨ ਵਿਚ ਬਹੁਤ ਹੀ ਘੱਟ ਕਾਰਣ ਹਨ ਜਿਨ੍ਹਾਂ ਤੋਂ ਮੈਂ ਖੁਸ਼ ਨਹੀਂ। ਅਨੰਦ ਵਿਚ ਰਹੋ, ਅਸੀਂ ਜਦੋਂ ਅਸੀਸ ਦਿੰਦੇ ਹਾਂ ਤਾਂ ਕਹਿੰਦੇ ਹਾਂ, ਖੁਸ਼ ਰਹੋ, ਸੰਸਾਰ ਨੂੰ ਦੇਖ ਕੇ ਹੱਸੋ।

ਭਾਰਤ ਦੇ ਵਿਧਾਨ ਵਿਚ ਇਸ ਤਰ੍ਹਾਂ ਹੈ ਕਿ ਤੁਹਾਨੂੰ

ਕੁਝ ਸਭਿਆਚਾਰਕ, ਕਲਾਆਤਮਕ ਗਤੀ ਵਿਧੀਆਂ ਕਰਨੀਆਂ ਹੀ ਪੈਂਦੀਆਂ ਹਨ, ਰਾਜ ਸਭਾ ਵਿਚ ਵੀ, ਅਮਰੀਕਾ ਵਿਚ ਵੀ ਇਸ ਤਰ੍ਹਾਂ ਹੈ। ਭਾਰਤ ਦੇ ਬਹੁਤ ਉਚ ਕੋਟੀ ਦੇ ਅਭੀਨੇਤਾ ਪ੍ਰਿਥਵੀ ਰਾਜ ਕਪੂਰ ਨੂੰ ਜਦੋਂ ਇਹ ਕਰਨ ਦਾ ਸੁਭਾਗ ਮਿਲਿਆ ਤਾਂ ਉਨ੍ਹਾਂ ਨੇ ਗੀਤਾ ਦਾ ਕ੍ਰਿਸ਼ਨ ਜੀ ਦਾ ਅਭੀਨਯ ਕੀਤਾ ਤੇ ਉਨ੍ਹਾਂ ਨੂੰ ਪੁਛਿਆ ਗਿਆ ਕਿ ਉਨ੍ਹਾਂ ਦੀ ਸਫਲਤਾ ਦਾ ਰਾਜ਼ ਕੀ ਹੈ? ਉਹ ਕਹਿਣ ਲੱਗੇ, "ਰਾਜ਼! ਰਾਜ਼ ਤਾਂ ਮੈਨੂੰ ਪਤਾ ਨਹੀਂ ਪਰ ਜਦੋਂ ਮੈਂ ਕ੍ਰਿਸ਼ਨ ਜੀ ਦਾ ਅਭੀਨਯ ਕਰ ਰਿਹਾ ਸੀ, ਉਨ੍ਹਾਂ ਦਾ ਰੋਲ ਕਰ ਰਿਹਾ ਸੀ ਤਾਂ ਮੈਂ ਸਟੇਜ ਉਤੇ ਨਹੀਂ ਸੀ, ਮੈਂ ਤਾਂ 5000 ਸਾਲ ਪਹਿਲਾਂ ਕੁਰਕਸ਼ੇਤਰ ਦੇ ਯੁੱਧ ਦੇ ਮੈਦਾਨ ਵਿਚ ਸੀ ਤੇ ਮੈਂ ਕ੍ਰਿਸ਼ਨ ਜੀ ਸੀ। ਮੈਨੂੰ ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਕ੍ਰਿਸ਼ਨ ਜੀ ਨੇ ਮੈਨੂੰ ਸਿਰ ਤੋਂ ਪੈਰ ਤਕ ਪਕੜ ਲਿਆ ਹੋਵੇ, ਉਹ ਹੀ ਮੇਰੇ ਮੂੰਹ ਵਿਚੋਂ ਬੋਲ ਰਹੇ ਸੀ, ਉਹ ਹੀ ਮੇਰੇ ਸਰੀਰ ਵਿਚੋਂ ਹੋ ਕੇ ਅਭੀਨਯ ਕਰਾ ਰਹੇ ਸਨ। ਇਹ ਮੇਰੇ ਜੀਵਨ ਦਾ ਸਭ ਤੋਂ ਉਤਮ ਅਨੁਭਵ ਹੈ। ਉਹ ਮੈਨੂੰ ਇਸ ਤਰ੍ਹਾਂ ਲਗ ਰਿਹਾ ਸੀ ਕਿ ਮੈਂ ਸਿਮਰਨ ਹੀ ਕਰ ਰਿਹਾ ਹਾਂ, ਮੈਂ ਸਮਾਧੀ ਲਾਈ ਬੈਠਾ ਹਾਂ, ਮੈਨੂੰ ਕੋਈ ਪਤਾ ਨਹੀਂ ਕਿ ਕੈਮਰੇ ਲੱਗੇ ਹੋਏ ਹਨ ਤੇ ਮੈਂ ਕੈਮਰੇ ਅੱਗੇ ਖੜ੍ਹਾ ਹਾਂ ਜਾਂ ਅਰਜਨ ਮੇਰੇ ਅੱਗੇ ਖੜ੍ਹਾ ਹੈ ਤੇ ਮੈਂ ਪ੍ਰਵਚਨ ਕਰ ਰਿਹਾ ਹਾਂ, ਅਰਜਨ ਗਿਆਨ ਦਾ ਪਾਤਰ ਮੇਰੇ ਅੱਗੇ ਖੜ੍ਹਾ ਹੈ ਤੇ ਮੈਂ ਉਸ ਨੂੰ ਉਪਦੇਸ਼ ਕਰ ਰਿਹਾ ਹਾਂ। ਇਹ ਹੀ ਹੱਠ ਯੋਗ ਦਾ ਰਹੱਸ ਹੈ। ਕੇਵਲ ਹੱਠ ਯੋਗ ਹੀ ਤੁਹਾਨੂੰ ਮੁਕਤੀ ਦੁਆ ਸਕਦਾ ਹੈ।

ਹਰੇਕ ਆਸਣ ਵਿਚ ਚੇਤਨ ਹੋਣ ਦੀ ਲੋੜ ਹੈ, ਹਰੇਕ ਪੋਸਚਰ ਵਿਚ ਅੰਦਰੋਂ ਵਿਆਖਿਆ ਆਉਣੀ ਚਾਹੀਦੀ ਹੈ, ਅਰਦਾਸ ਆਉਣੀ ਚਾਹੀਦੀ ਹੈ, ਪੂਜਾ ਹੋਣੀ ਚਾਹੀਦੀ ਹੈ, ਚੇਤਨਤਾ ਹੋਣੀ ਚਾਹੀਦੀ ਹੈ। ਜਦੋਂ ਸਰੀਰ ਇਸ ਖਾਸ ਤਰ੍ਹਾਂ ਮੋੜਦਾ ਹਾਂ, ਬੈਠਦਾ ਹਾਂ, ਝੁਕਦਾ ਹਾਂ ਉਹ ਭਾਵਨਾ ਆ ਹੀ ਜਾਂਦੀ ਹੈ ਜਾਂ ਇਹ ਕਹਿ ਲਓ ਕਿ ਕਿਹੜੀ ਭਾਵਨਾ ਮੈਨੂੰ ਮੇਰੇ ਸਰੀਰ ਦਾ ਇਕ ਖਾਸ ਤਰ੍ਹਾਂ ਬੈਠਣ ਜਾਂ ਮੁੜਨ ਲਈ ਅੰਦਰੋਂ ਮਜ਼ਬੂਰ ਕਰਦੀ ਹੈ? ਇਸ ਗੱਲ ਨੂੰ ਦੋਨੋਂ ਤਰ੍ਹਾਂ ਨਾਲ ਹੀ ਦੇਖਿਆ ਜਾ ਸਕਦਾ ਹੈ। ਸਰੀਰ ਦੀ ਕਿਹੜੀ ਦਸ਼ਾ, ਕਿਹੜੀ ਭਾਵਨਾ ਜਗਾਉਂਦੀ ਹੈ? ਕਿਹੜੀ ਭਾਵਨਾ, ਕਿਹੜੀ ਦਸ਼ਾ ਨੂੰ ਜਨਮ ਦਿੰਦੀ ਹੈ? ਇਸ ਉਤੇ ਤੁਸੀਂ ਆਪ ਅਨੁਭਵ ਕਰ ਸਕਦੇ ਹੋ। ਤੁਸੀਂ ਆਪਣੇ ਸਰੀਰ ਨੂੰ ਜਾਣਦੇ ਹੋ, ਇਸ ਦੀ ਭਾਸ਼ਾ ਨੂੰ ਜਾਣਦੇ ਹੋ, ਤੁਸੀਂ ਜਾਣਦੇ ਹੋ ਕਿ ਜੇ ਤੁਸੀਂ ਇਕ ਖਾਸ ਤਰ੍ਹਾਂ ਬੈਠਦੇ ਹੋ ਤਾਂ ਉਸ ਦਾ ਕੀ ਭਾਵ ਹੈ? ਜਦੋਂ ਲੇਟਦੇ ਹੋ, ਉਦੋਂ ਕੀ ਭਾਵਨਾ ਹੈ? ਉਸ ਭਾਵਨਾ, ਉਸ ਵਿਚਾਰ ਦਾ ਇਸ ਤਰ੍ਹਾਂ ਬੈਠਣ ਨਾਲ, ਲੇਟਣ ਨਾਲ ਕੀ ਸਬੰਧ ਹੈ? ਇਸ ਨੂੰ ਜਾਂਚੋ, ਨਰੀਖਣ ਕਰੋ ਤੇ ਉਸ ਤੇ ਵਿਜੈ ਪ੍ਰਾਪਤ ਕਰੋ।

ਮਨ ਦੀ ਦਸ਼ਾ ਤੇ ਕਾਬੂ ਪਾਉਣਾ ਹੀ ਜੀਵਨ ਤੇ ਕਾਬੂ ਪਾਉਣਾ ਹੈ, ਇਸ ਤੋਂ ਭਾਵ ਹੈ ਕਿ ਤੁਸੀਂ ਕਦੀ ਵੀ ਮਨ ਦੀ ਦਸ਼ਾ ਦੇ ਅਧੀਨ ਨਹੀਂ ਹੋਵੋਗੇ। ਕੀ ਤੁਸੀਂ ਮਨ ਦੀ ਦਸ਼ਾ ਦਾ ਅਤਿਆਚਾਰ ਜਾਣਦੇ ਹੋ? ਇਹ ਕਹਿ ਦੇਣਾ ਕਿ ਮੈਂ ਇਹ ਨਹੀਂ ਕਰ ਸਕਦਾ ਕਿਉਂਕਿ ਮੇਰੇ ਮਨ ਦੀ ਦਸ਼ਾ ਠੀਕ ਨਹੀਂ, ਮੈਂ ਢਹਿੰਦੀ ਕਲਾ ਵਿਚ ਹਾਂ, ਮੈਂ ਉਦਾਸ ਹਾਂ। ਅਸੀਂ ਕਿਵੇਂ ਢਹਿੰਦੀ ਕਲਾ ਵਿਚ ਹੋ ਸਕਦੇ ਹਾਂ? ਜਦੋਂ ਅਸੀਂ ਸਵੇਰੇ ਉਠੇ ਸੀ, ਸੂਰਜ ਦੇਖਿਆ ਸੀ, ਆਪਣੀਆਂ ਅੱਖਾਂ ਨਾਲ ਆਕਾਸ਼ ਗੰਗਾ ਦੇਖੀ ਸੀ, ਉਨ੍ਹਾਂ ਸਭ ਦਾ ਚਾਨਣ ਆਪਣੇ ਸਰੀਰ ਵਿਚ ਲਿਆ ਸੀ ਤੇ ਇਸ ਧਰਤੀ ਤੇ ਲਿਆਂਦਾ ਸੀ, ਅਸੀਂ ਕਿਵੇਂ ਉਦਾਸ ਹੋ ਸਕਦੇ ਹਾਂ? ਉਸ ਧਰਤੀ ਤੋਂ ਅਸੀਂ ਉਠੇ, ਆਪਣੇ ਆਪ ਨੂੰ ਮੁੜ ਖੜ੍ਹੇ ਕੀਤਾ, ਫੇਰ ਅਸੀਂ ਕਿਸ ਤਰ੍ਹਾਂ ਢਹਿੰਦੀਆਂ ਕਲਾ ਵਿਚ ਹੋ ਸਕਦੇ ਹਾਂ? ਕਿਵੇਂ ਉਦਾਸ ਹੋ ਸਕਦੇ ਹਾਂ? ਅਸੀਂ ਸਾਰਾ ਦਿਨ ਉਦਾਸ ਰਹਿ ਹੀ ਨਹੀਂ ਸਕਦੇ। ਇਹ ਕਾਫੀ ਨਹੀਂ ਕਿ ਅਸੀਂ ਬੈਠ ਜਾਈਏ, ਮੋਢੇ ਨੀਵੇਂ ਪਾ ਲਈਏ; ਸਾਨੂੰ ਸਿੱਧੇ ਬੈਠਣ ਦੀ ਮਨੋਵ੍ਰਿਤੀ ਵਿਸਤ੍ਰਿਤ ਕਰਨੀ ਚਾਹੀਦੀ ਹੈ, ਸਾਨੂੰ ਆਪਣੇ ਅੰਦਰ ਸ਼ਕਤੀ ਤੇ ਵਿਜੈ ਹੋਣ ਦਾ ਅਹਿਸਾਸ ਰਖਣਾ ਚਾਹੀਦਾ ਹੈ।

ਮਨੋਵਿਗਿਆਨਕਾਂ ਕੋਲ, ਮਨੋਚਿਕਿਤਸਕਾਂ ਕੋਲ ਜਾਣ ਦੀ ਤਾਂ ਲੋੜ ਹੀ ਨਹੀਂ। ਉਦਾਸੀ ਕਿਉਂ ਆਵੇ? ਇਸ ਵਿਚੋਂ ਨਿਕਲੋ, ਹੱਠ ਯੋਗ ਵਿਚ ਇਹ ਹੀ ਕੀਤਾ ਜਾਂਦਾ ਹੈ। ਤੁਸੀਂ ਆਪਣੇ ਆਪ ਨੂੰ ਹਰੇਕ ਤਰ੍ਹਾਂ ਨਾਲ ਦੇਖਦੇ ਹੋ, ਆਪਣਾ ਨਰੀਖਣ ਕਰਦੇ ਹੋ। ਕਦੀ ਸੋਚਿਆ ਹੈ ਕਿ ਸੰਸਾਰ ਕਿਸ ਤਰ੍ਹਾਂ ਦਾ ਲਗੇਗਾ ਜੇ ਤੁਸੀਂ ਆਪਣੇ ਦੋ ਪੈਰਾਂ ਤੇ ਖੜ੍ਹੇ ਨਾ ਹੋਵੋਗੇ, ਜੇ ਰੱਬ ਨਾ ਕਰੇ ਤੁਹਾਡੇ ਹੱਥ ਨਹੀਂ ਹੋਣਗੇ? ਜੇ ਮੈਂ ਸੱਪ ਹੁੰਦਾ ਫੇਰ? ਫੇਰ ਮੈਂ ਸੰਸਾਰ ਨੂੰ ਕਿਵੇਂ ਦੇਖਦਾ? ਸੱਪ ਦੀ ਤਰ੍ਹਾਂ ਲੇਟ ਕੇ ਸੰਸਾਰ ਨੂੰ ਸੱਪ ਦੀਆਂ ਨਜ਼ਰਾਂ ਨਾਲ ਦੇਖਣ ਦੀ ਕੋਸ਼ਿਸ਼ ਕਰੋ, ਤੁਸੀਂ ਆਪਣੇ ਜਨਮ ਦਾਤੇ ਆਪ ਬਣੋ, ਆਪਣੇ ਸਾਰੇ ਪਿਛਲੇ ਜਨਮ ਦੇਖਣ ਦੀ ਕੋਸ਼ਿਸ਼ ਕਰੋ, ਫੇਰ ਕਹੋ – ਨਹੀਂ....ਸੱਪ ਦੀ ਤਰ੍ਹਾਂ ਠੀਕ ਹੈ ਪਰ ਮੈਂ ਸਰਪ ਨਹੀਂ ਰਹਿਣਾ ਚਾਹੁੰਦਾ, ਇਕ ਗੱਲ ਚੰਗੀ ਮੈਂ ਸੱਪ ਤੋਂ ਸਿੱਖੀ ਹੈ, ਉਹ ਹੈ ਆਪਣੀ ਰੀੜ੍ਹ ਦੀ ਹੱਡੀ ਨੂੰ ਸ਼ਕਤੀਸ਼ਾਲ ਕਰਨਾ, ਆਪਣੀ ਛਾਤੀ ਵਿਚ ਪੂਰੀ ਤਰ੍ਹਾਂ ਹਵਾ ਸ੍ਵਾਸ ਭਰ ਲੈਣਾ, ਹੁਣ ਮੈਂ ਫੇਰ ਉਠਦਾ ਹਾਂ ਇਕੋ ਵਾਰੀ ਹੱਠ ਯੋਗ ਕਰਕੇ ਤੁਸੀਂ ਪੂਰੀ ਚੌਰਾਸੀ ਦੇਖ ਸਕਦੇ ਹੋ, ਦਰਖਤ, ਮੱਛੀ, ਮਗਰਮੱਛ, ਸਰਪ, ਬਾਜ਼, ਊਠ, ਸ਼ੇਰ, ਇਕ ਬੱਚਾ, ਯੋਧਾ ਫੇਰ ਮ੍ਰਿਤਕ ਸਰੀਰ, ਫੇਰ ਮੁੜ ਜਨਮ ਲੈਣਾ, ਪਲਣਾ, ਨਾਸ਼ ਹੋਣਾ ਰੋਜ਼ ਸਵੇਰੇ ਮਨ ਦੀ ਦਸ਼ਾ ਨੂੰ ਜਨਮ ਦੇਣਾ, ਉਸ ਨੂੰ ਸਾਂਭਣਾ ਉਸ ਨੂੰ ਪਾਲਣਾ, ਫੇਰ ਉਸ ਵਿਚੋਂ ਕੁਝ ਪ੍ਰਾਪਤੀ ਕਰਨੀ, ਉਸ ਦੀ ਪੂਰਤੀ ਕਰਨੀ। ਇਕ ਨ੍ਰਿਤਕ ਨ੍ਰਤਕੀ ਤੁਹਾਨੂੰ ਦਸ ਸਕਦੇ ਹਨ ਕਿ ਨ੍ਰਿਤ ਮਨ ਦੀ ਦਸ਼ਾ ਵਿਚੋਂ ਹੀ ਨਿਕਲਦਾ ਹੈ, ਤੁਸੀਂ ਮਨ ਦੀ ਦਸ਼ਾ ਨੂੰ ਬਣਾਉਂਦੇ ਹੋ ਤੇ ਤੁਸੀਂ ਉਹ ਹੀ ਬਣ ਜਾਂਦੇ ਹੋ।

ਇਸ ਤਰ੍ਹਾਂ ਅਸੀਂ ਹੱਠ ਯੋਗ ਵਲ ਜਾਂਦੇ ਆਪਣੇ ਕਰਮ ਦੀ ਪੂਰਤੀ ਕਰਦੇ ਹਾਂ।

L L L L L L L

# ਰੰਗਲੇ ਸੱਜਣ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

## ਖੰਜਰ ਵਾਲੀਏ ਸੰਤ ਸਰੂਪ ਮਹੰਤ ਸੁੰਦਰ ਸਿੰਘ ਜੀ

ਜਦੋਂ ਅਸੀਂ ਅਖੰਡਪਾਠੀ ਅਤੇ ਅਖੰਡ ਕੀਰਤਨੀ ਜੱਥੇ ਸਮੇਤ ਗੁਰਮੁਖ ਪਿਆਰੇ ਸਿਰੀ ਭਾਈ ਬਾਬੂ ਮੱਲ ਸਿੰਘ ਜੀ ਅਤੇ ਪਿਆਰਾਨਾ-ਪਿਆਰ ਭਾਈ ਪਿਆਰਾ ਸਿੰਘ ਜੀ ਦੇ ਖਿੱਚੇ ਹੋਏ ਅੰਬਾਲਾ ਛਾਉਣੀ 1910 ਵਿਚ ਗਏ ਸਾਂ, ਅਤੇ ਅਖੰਡ ਪਾਠਾਂ ਅਤੇ ਅਖੰਡ ਕੀਰਤਨਾਂ ਦੇ ਪ੍ਰਵਾਹ ਉਥੇ ਚਲੇ ਸਨ, ਤਾਂ 18 ਨੰਬਰ ਰਸਾਲੇ ਵਿਚ ਇਹ ਭਾਈ ਸੁੰਦਰ ਸਿੰਘ ਜੀ ਗ੍ਰੰਥੀ ਸਨ। ਅਜੇ ਥੋੜ੍ਹਾ ਥੋੜ੍ਹਾ ਦਾੜ੍ਹਾ ਚਾਰ ਚੁਫੇਰੇ ਸੁਡੌਲ ਚਿਹਰੇ ਤੇ ਉਤਰ ਰਿਹਾ ਸੀ। ਜੱਥੇ ਦੇ ਕੀਰਤਨ ਅਖੰਡਪਾਠ ਦੇ ਫੱਟੇ ਹੋਏ ਇਹ ਵੀਰ ਸੁੰਦਰ ਸਿੰਘ ਜੀ ਗ੍ਰੰਥੀ ਭੀ ਨਵਯੁੱਗ ਵੀਰ ਅਰਜਨ ਸਿੰਘ (ਜੋ ਪਿਛੋਂ ਭੂਰੀ ਵਾਲੇ ਸੰਤ ਦੇ ਨਾਮ ਤੇ ਪ੍ਰਸਿੱਧ ਹੋਏ) ਦੇ ਨਾਲ ਨਾਲ ਹੀ ਬੈਰਾਗੀ ਬੌਰੇ ਹੋਏ ਹੋਏ ਨਾਮ ਰਸੀਅੜਿਆਂ ਦੇ ਪਿਛੇ ਪਿਛੇ ਫਿਰਦੇ ਸਨ। ਪੁੱਜ ਕੇ ਵੈਰਾਗ ਅੰਦਰੋਂ ਉਪਜਿਆ ਹੋਇਆ ਸੀ, ਨੀਰ ਨੀਰ ਪ੍ਰੇਮ-ਤੀਰਾਂ ਦੇ ਬੇਧੇ ਹੋਏ ਦਿਨ ਰਾਤ ਨਹੀਂ ਸੁੱਤੇ। ਇਕੋ ਲਿੱਲ ਇਸ ਪ੍ਰੇਮ-ਪ੍ਰਬੇਧੇ ਵੈਰਾਗੀਅੜੇ ਵੀਰ ਸੁੰਦਰ ਸਿੰਘ ਜੀ ਨੂੰ ਲੱਗੀ ਹੋਈ ਸੀ ਕਿ ਕਦੋਂ ਇਸ ਗੁਰਮੁਖ ਜਥੇ ਪਾਸੋਂ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਜਿਆ ਜਾਵੇ ਤੇ ਨਾਮ ਦੇ ਰੰਗਾਂ ਵਿਚ ਰੰਗੀਜਿਆ ਜਾਵੇ।

ਗੁਰਮਤਿ ਮਰਯਾਦਾ ਪਰਸ਼ੋਤਮ ਸਿਰੀ ਭਾਈ ਪਿਆਰਾ ਸਿੰਘ ਜੀ ਨੇ (ਜੋ ਅੱਜਕਲ੍ਹ ਗੁਰਪੁਰ-ਵਾਸੀ ਹੋ ਗਏ ਹਨ) ਅਸਾਡੇ ਪਾਸ ਬੜੇ ਉਤਸ਼ਾਹ ਪੂਰਵਕ ਇਹ ਸਿਫਾਰਸ਼ ਕੀਤੀ ਕਿ ਗ੍ਰੰਥੀ ਸੁੰਦਰ ਸਿੰਘ ਜੀ ਨੂੰ ਭੀ ਅਖੰਡ ਪਾਠੀਆਂ ਵਿਚ ਲਿਆ ਜਾਵੇ, ਇਨ੍ਹਾਂ ਦਾ ਪਾਠ ਬੜਾ ਹੀ ਸ਼ੁਧ ਅਤੇ ਚਲੰਤ ਹੈ। ਅਸੀਂ ਉਤਰ ਵਿਚ ਪ੍ਰੇਮ-ਭਿੰਨੀ ਬੇਨਤੀ ਕੀਤੀ ਕਿ ਇਹ ਵੀਰ ਤਾਂ ਅੰਮ੍ਰਿਤ-ਅਭਿਲਾਖੀ ਬਣਿਆ ਫਿਰਦਾ ਹੈ, ਨਾਮ ਅੰਮ੍ਰਿਤ ਦਾ ਅਜੇ ਮੁਤਲਾਸ਼ੀ ਹੀ ਹੈ, ਤਿਆਰ-ਬਰ-ਤਿਆਰ ਸਿੰਘ ਨਹੀਂ ਸਜਿਆ, ਇਸ ਨੂੰ ਕਿਸ ਪ੍ਰਕਾਰ ਬਤੌਰ ਅਖੰਡ ਪਾਠੀ ਦੇ ਲਿਆ ਜਾ ਸਕਦਾ ਹੈ? ਕਿਉਂਕਿ ਜੱਥੇ ਦਾ ਅਸੂਲ ਹੈ, ਤਿਆਰ ਬਰ ਤਿਆਰ ਸਿੰਘ ਸਜੇ ਬਿਨਾਂ ਕਿਸੇ ਨੂੰ ਭੀ ਅਖੰਡ ਪਾਠੀਆਂ ਵਿਚ ਨਹੀਂ ਲਿਆ ਜਾ ਸਕਦਾ। ਆਪ ਨੂੰ ਇਹ ਸ਼ੌਕ ਪ੍ਰਬਲ ਹੈ ਕਿ ਇਸਦੇ ਮੁਖੋਂ ਗੁਰਬਾਣੀ ਦਾ ਅਖੰਡ ਪਾਠ ਸੁਣਿਆ ਜਾਵੇ ਤਾਂ ਸਤਿਗੁਰੂ ਆਪ ਦੀ ਇਹ ਹੁੱਬ ਜ਼ਰੂਰ ਪੂਰੀ ਕਰਨਗੇ, ਤਿਆਰ ਬਰ ਤਿਆਰ ਸਿੰਘ ਸਜ ਕੇ ਇਹ ਅਖੰਡ ਪਾਠ ਸੁਣਾ ਕੇ ਜ਼ਰੂਰ ਨਿਹਾਲ ਕਰਨਗੇ। ਅਜੇ ਇਨ੍ਹਾਂ ਦਾ ਪ੍ਰੇਮ ਵੈਰਾਗ ਵਧਣ ਦਿਓ। ਇਹ ਸੁਣ ਕੇ ਸ੍ਰੀ ਮਾਨ ਭਾਈ ਪਿਆਰਾ ਸਿੰਘ ਜੀ ਮਸ਼ਟ ਹੋ ਰਹੇ। ਪਿਛੇ ਬੈਠੇ ਭਾਈ ਸੁੰਦਰ ਸਿੰਘ ਇਨ੍ਹਾਂ ਗੱਲਾਂ ਨੂੰ ਸੁਣ ਰਹੇ ਸਨ। ਉਨ੍ਹਾਂ ਨੇ ਬੜੇ ਨਿਮਰੀ-ਭੂਤ ਹੋ ਕੇ ਦੋਏ ਕਰ ਜੋੜ ਬੇਨਤੀ ਕੀਤੀ ਕਿ ਸਚਮੁੱਚ ਮੈਂ ਅਜੇ ਇਸ ਜੱਥੇ ਦਾ ਅਖੰਡ ਪਾਠੀ ਬਣਨ ਦੇ ਯੋਗ ਨਹੀਂ, ਮੈਂ ਤਾਂ ਦਰ ਤੇ ਖਲੋਤਾ ਭਿਖਾਰੀ ਹਾਂ। ਮੈਂ ਬੜੇ ਬੜੇ ਅਖੰਡ ਪਾਠ ਵੇਖੇ ਸੁਣੇ ਤੇ ਅਨੇਕਾਂ ਅਖੰਡ ਪਾਠ ਕੀਤੇ, ਸੁਣਾਏ; ਜੋ ਅਨੰਦ ਇਥੋਂ ਅਖੰਡ ਪਾਠ ਸੁਣਨ ਦਾ ਆ ਰਿਹਾ ਹੈ, ਉਹ ਕਦੇ ਨਹੀਂ ਆਇਆ। ਇਕ ਇਕ ਅਖੰਡ ਪਾਠੀ ਦੇ ਮੁਖਾਰਬਿੰਦ ਵਿਚੋਂ ਗੁਰਬਾਨੀ ਸੱਚਮੁੱਚ ਬਾਣ ਹੋ ਕੇ ਨਿਕਲਦੀ ਹੈ। ਐਸੇ ਹਿਰਦੇ-ਬੇਧਵੇਂ ਤੀਰ ਲਗ ਰਹੇ ਹਨ, ਜਿਨ੍ਹਾਂ ਨੇ ਮੇਰਾ ਖੁਸ਼ਕ ਜੀਵਨ ਹੀ ਪਲਟਾ ਕੇ ਰਖ ਦਿਤਾ ਹੋਇਆ ਹੈ। ਐਸਾ ਜਾਪਦਾ ਹੈ ਕਿ ਮੇਰਾ ਤੱਤ ਗੁਰਮਤਿ ਅੰਮ੍ਰਿਤਾ ਜੀਵਨ ਦਾ ਛੇਤੀਂ ਨਵ-ਜਨਮਾ ਪਲਟਾ ਹੋਣ ਵਾਲਾ ਹੈ।

ਵੀਰ ਭਾਈ ਸੁੰਦਰ ਸਿੰਘ ਗ੍ਰੰਥੀ ਨੇ ਆਪਣੇ ਅੰਦਰੋਂ ਹੀ ਪੇਖ ਪਰਖ ਕੇ ਜਥੇ ਦੇ ਸਾਰੇ ਤੱਤ ਗੁਰਮਤਿ ਅਸੂਲ ਵਾਚ ਲਏ ਅਤੇ ਧਾਰਨੀ ਹੋਣ ਦਾ ਪੱਕਾ ਇਰਾਦਾ ਕਰ ਲਿਆ। ਦੋ ਚਾਰ ਅਖੰਡ ਪਾਠ ਸਮਾਗਮਾਂ ਪਿਛੋਂ ਇਨ੍ਹਾਂ ਦੀ ਵੀ ਅੰਮ੍ਰਿਤ ਛਕਣ ਦੀ ਪਿਉਂਦ ਚੜ੍ਹਨ ਦੀ ਵਾਰੀ ਆ ਗਈ। ਅੰਮ੍ਰਿਤ ਸੰਚਾਰ ਸਮਾਗਮ ਤਾਂ ਹਰ ਇਕ ਅਖੰਡ ਪਾਠ ਸਮਾਗਮ ਤੇ ਹੋਇਆ ਕਰਦਾ ਸੀ ਅਤੇ ਜਥੇ ਦੇ ਅੰਬਾਲਾ ਛਾਉਣੀ ਵਿਖੇ ਫੇਰੇ ਪੈਂਦੇ ਹੀ ਰਹਿੰਦੇ ਸਨ। ਜਦੋਂ ਗ੍ਰੰਥੀ ਸੁੰਦਰ ਸਿੰਘ ਜੀ ਦਾ ਸੰਜੋਗ ਸਾਹਾ ਅੰਮ੍ਰਿਤ ਛਕਣ ਦਾ ਆ ਜੁੜਿਆ ਤਾਂ ਇਸ ਹੋਣਹਾਰ ਗ੍ਰੰਥੀ ਜੀ ਨੇ, ਇਸ ਤੋਂ ਪਹਿਲਾਂ ਹੀ ਬਿਬੇਕ ਸਰਬ ਲੋਹ ਦੇ ਅਸੂਲਾਂ ਦੀ ਧਾਰਨਾ ਦ੍ਰਿੜ੍ਹ ਕਰਕੇ ਧਾਰ ਲਈ ਸੀ। ਮੁਬਾਰਕ ਮੌਕਾ ਜਦੋਂ ਅੰਮ੍ਰਿਤ ਦਾ ਆਇਆ, ਭਾਈ ਸੁੰਦਰ ਸਿੰਘ ਜੀ ਨੂੰ ਅੰਮ੍ਰਿਤ ਛਕਣ ਦੇ ਅਧਿਕਾਰੀਆਂ ਵਿਚ ਚੁਣ ਲਿਆ ਗਿਆ। ਇਸ ਵੀਰ ਦੀਆਂ ਖੁਸ਼ੀਆਂ ਦੀ ਕੋਈ ਹੱਦ ਨਾ ਰਹੀ। ਪਾਹ ਪੂਰਾ ਚੜ੍ਹ ਚੁਕਿਆ ਸੀ, ਪਾਣ ਚੜ੍ਹਨ ਵਿਚ ਵੀ ਕੋਈ ਕਸਰ ਨਾ ਰਹੀ। ਬਾਣ ਲਗਣ ਦੀ ਦੇਰ ਹੀ ਸੀ ਕਿ ਨਿਸ਼ਾਨਾ ਐਨ ਗੁਲਜ਼ਰੀ ਤੇ ਪਿਆ।

ਪੰਜਾਂ ਪਿਆਰਿਆਂ ਦੁਆਰਾ ਜਦੋਂ ਖੰਡੇ ਦੇ ਅੰਮ੍ਰਿਤ ਦੀ ਬੂੰਦ ਚਾਤ੍ਰਿਕ ਵਤ ਪਿਆਸੇ ਮੁਖਾਰਬਿੰਦ ਵਿਚ ਪਈ, ਜੋ ਗੁਰਮੰਤਰ ਦੀਖਿਆ ਦੀ ਕਣੀ ਪ੍ਰਾਪਤ ਹੋਈ, ਐਸੇ ਅਣੀਆਲੇ ਤੀਰ ਵੱਜੇ ਕਿ ਵੱਜਣ ਸਾਰ ਹੀ ਬੇੜਾ ਪਾਰ ਕਰ ਗਏ। ਐਸੇ ਰੰਗ ਚਲੂਲੇ ਚੜ੍ਹੇ ਕਿ ਵੀਰ ਪਿਆਰੇ ਸੁੰਦਰ ਸਿੰਘ ਜੀ ਦੇ ਮਸਤਕ ਦੀ ਝਾਲ ਝੱਲੀ ਨਾ ਜਾਵੇ। ਸੁੰਦਰ ਸਜੀਲਾ ਚਿਹਰਾ, ਅੰਮ੍ਰਿਤ ਕਲਾ ਨਾਲ ਭਿੱਜ ਕੇ ਅਤਿਅੰਤ ਰੰਗੀਲਾ ਹੋ ਗਿਆ। ਕੀਰਤਨ ਦੀ ਲੈਅ ਪਹਿਲੇ ਹੀ ਕਾਫੀ ਸੀ, ਜਦੋਂ ਅੰਮ੍ਰਿਤ ਛਕ ਕੇ ਨਾਮ ਬਾਣੀ ਵਿਚ ਲਿਵ ਜੁੜੀ ਤਾਂ ਹੋਰ ਹੀ ਅਦਭੁੱਤ ਖੇੜੇ ਖੇੜ ਗਈ। ਇਸ ਵੀਰ ਦੇ ਹਿਰਦੇ ਵਿਚੋਂ ਕੀਰਤਨ-ਮਈ-ਸ਼ਬਦ ਬਾਣ ਨਿਕਸਿਆ ਹੋਇਆ, ਅਨੇਕਾਂ ਹੀਰਿਆਂ ਨੂੰ ਬੇਧ ਜਾਇਆ ਕਰੇ। ਗ੍ਰੰਥੀ ਹੋਣ ਦਾ ਮਾਣ ਸਭ ਵਿਸਰ ਗਿਆ, ਫੌਜੀ ਗ੍ਰੰਥੀ ਦੇ ਹੁੰਦੇ ਦੀਆਂ ਸਾਰੀਆਂ ਵਡਿਆਈਆਂ ਭੁੱਲ ਗਈਆਂ। ਦਾਸਨ ਦਾਸ ਹੋਇ ਕੇ ਸੰਗਤ ਦੀ ਰੇਣਕਾ ਹੋਣ ਦਾ ਚਾਉ ਹੀ ਐਨ ਹਿਰਦੇ ਅੰਦਰ ਭਰਿਆ ਰਹੇ। ਗੁਰੂ ਘਰ ਦੇ ਪੂਰੇ ਸੂਰੇ ਸੱਚੇ ਸੇਵਕ ਬਣ ਗਏ। ਗ੍ਰੰਥੀ ਤੋਂ ਗੁਰ ਸੇਵਕ,

ਸੱਚੇ ਗੁਰ ਸੇਵਕ ਸਜਣ ਦਾ ਅੰਕੁਰ, ਜੋ ਪੂਰਬਲੇ ਜਨਮ ਤੋਂ ਹੀ ਮਸਤਕ ਤੇ ਲਿਖਿਆ ਹੋਇਆ ਸੀ, ਐਸਾ ਸੁਫੁਟ ਹੋਇਆ ਕਿ ਫੌਜੀ ਗ੍ਰੰਥੀ ਬਾਬਾ ਸਦਾਉਣ ਦੀਆਂ ਸੱਤੇ ਸੁਧਾਂ ਭੁਲ ਗਈਆਂ। ਨਾਮ ਦੇ ਨਸ਼ੇ ਨਾਲ ਮਖਮੂਰ ਹੋਈਆਂ ਅਖੀਆਂ ਅਠੋ ਪਹਿਰ ਅਦ੍ਰਿਸ਼ਟ ਰੰਗਾਂ ਵਿਚ ਹੀ ਰੰਗੀਆਂ ਰਹਿਣ, ਮਾਨੋ ਦ੍ਰਿਸ਼ਟਮਾਨ ਵਿਚ ਦੇਖਦੀਆਂ ਹੀ ਨਹੀਂ, ਕਿਸੇ ਅਗੰਮੀ ਰੰਗਾਂ ਦੀ ਸਾਖਸ਼ਾਤਕਾਰਤਾ ਦਾ ਅਖੰਡ ਅਨੰਦ ਮਾਣ ਰਹੀਆਂ ਸਨ। ਖਾਣ ਪੀਣ ਦੀ ਸੁਧ ਬੁਧ ਭੁੱਲ ਗਈ, ਪੁਸ਼ਾਕੇ ਸਜਾਉਣ ਦੀਆਂ ਸਾਰੀਆਂ ਸ਼ੁਕੀਨੀਆਂ ਵਿਸਰ ਗਈਆਂ, ਗੁਰਮੁਖੀ ਸਿੰਘਤ ਬਾਣਾ ਹੀ ਸਜਿਆ ਰਹੇ। ਤੇੜ ਕਛਹਿਰਾ, ਗਲ ਵਿਚ ਸੁਰਮਈ ਕਮੀਜ਼, ਉਪਰ ਦੀ ਗਾਤਰੇ ਵਾਲੀ ਕ੍ਰਿਪਾਲ, ਸੀਸ ਤੇ ਗੁਰਮੁਖੀ ਦੂਹਰਾ ਦਸਤਾਰਾ, ਹੇਠਲਾ ਦਸਤਾਰਾ ਬਸੰਤੀ, ਉਪਰਲਾ ਕਾਲੇ ਰੰਗ ਦਾ ਊਨੀ ਦਸਤਾਰਾ ਹੀ ਹਰ ਵਕਤ ਸਜਾਈ ਰੱਖਣ। ਗ੍ਰੰਥੀ ਬਾਬਿਆਂ ਵਾਲੇ ਸਰਦਾਰੀ ਚੋਗੇ ਤੇ ਚੂੜੀਦਾਰ ਪਜਾਮੇ ਸਭ ਵਿਸਰ ਗਏ। ਪ੍ਰੰਤੂ ਦੇਖਣ ਵਾਲਿਆਂ ਨੂੰ ਇਸ ਗੁਰਮੁਖੀ ਬਾਣੇ ਵਾਲੇ ਦਰਸ਼ਨੀ ਸੁੰਦਰ ਸਿੰਘ ਦੀ ਸੁੰਦਰਤਾ ਅਜਬ ਅਦੁੱਤੀ ਅਤਿ ਅਦਭੁਤੀ ਪ੍ਰਤੀਤ ਹੁੰਦੀ ਹੈ।

ਅੱਜ ਇਨ੍ਹਾਂ ਦਾ ਅਖੰਡ ਪਾਠ, ਜੋ ਸਰੋਤਿਆਂ ਨੂੰ ਅਨੰਦ-ਲਹਿਰੇ ਬਖਸ਼ ਰਿਹਾ ਹੈ, ਅਤੀ ਅਪਰ ਅਪਾਰ ਮਹਿਮਾ ਮਈ ਹੈ। ਅਖੰਡ ਪਾਠ ਕੀ, ਮੁਖਾਰਬਿੰਦ ਤੋਂ ਫੁਲ ਕਿਰ ਰਹੇ ਹਨ ਅਤੇ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਤੇਜ਼ ਤੋਂ ਤੇਜ਼ ਅਖੰਡ ਪਾਠ ਕਰਨ ਵਾਲਾ ਇਹ ਪਹਿਲਾ ਅਖੰਡ ਪਾਠੀ ਗੁਰਮੁਖ ਜਨ ਇਸ ਮੰਡਲ ਵਿਚ ਆਇਆ ਹੈ। ਤੇਜ਼ ਰਫਤਾਰ ਦੇ ਹੁੰਦਿਆਂ ਹੋਇਆਂ ਪਾਠ ਦਾ ਅਤੀ ਸ਼ੁਧ ਹੋਣਾ ਅਤੇ ਸਾਰੇ ਸਰੋਤੇ ਜਨਾਂ ਦੀ ਸਮਝ ਵਿਚ ਆਉਣਾ, ਗੁਰਮਤਿ-ਭਿੰਨੜੇ ਅਖੰਡ ਪਾਠ ਦੇ ਇਸ ਅਖੰਡਪਾਠੀ ਦਾ ਕੰਵਲ ਜਲਾਲ ਕਮਾਲ ਸੀ। ਘੰਟਿਆਂ ਬੱਧੀ ਇਕੋ ਲੈਅ-ਤਾਰ ਵਿਚ ਅਖੰਡ ਪਾਠ ਕਰੀ ਜਾਣਾ, ਕਦੇ ਥੱਕਣਾ ਨਹੀਂ, ਕਦੇ ਅੱਕਣਾ ਨਹੀਂ। ਜਿਉਂ-ਜਿਉਂ ਪਾਠ ਕਰਨਾ ਤੇ ਜ਼ੋਰ ਜ਼ੋਰ ਕਰੀ ਜਾਣਾ, ਤਿਉਂ ਤਿਉਂ ਮੁਖਾਰਬਿੰਦ 'ਚੋਂ ਅਨੰਦ ਜੋਤੀ ਕਿਰਨਾਂ ਦੀ ਕਿਰਨਾਰ ਭੀ ਜ਼ੋਰੋ ਜ਼ੋਰ ਬਰਸਦੀ ਰਹਿਣੀ। ਚਿਹਰੇ ਤੇ ਆਈ ਲਾਲੀ ਇਸ ਨਾਮ ਜਪੰਦੜੇ, ਅਖੰਡ ਪਾਠ ਕਰੰਦੜੇ ਗੁਰਮੁਖ ਵੀਰ ਦੀ ਝਾਲ ਝੱਲੀ ਨਾ ਜਾਣੀ। ਅਖੰਡ ਪਾਠ ਕਰਦਿਆਂ ਨਾਲੋ ਨਾਲ ਨਾਮ ਦਾ ਖੰਡਾ ਵੀ ਅੰਦਰਗਤੀ ਬੜੇ ਜ਼ੋਰਾਂ ਤੇ ਖੜਕਦਾ ਰਹਿਣਾ। ਇਸੇ ਕਰਕੇ ਮਹਿਤਾਬ ਮੁਖੜੇ ਦੀ ਸ਼ਾਦਾਬੀ ਸਦਾ ਸਰਸ਼ਾਰ ਅਤੇ ਸਰਸਬਜ਼ ਰਹਿਣੀ, ਜਿਸ ਨੇ ਸਮੂੰਹ ਸਰੋਤੇ ਜਨਾਂ ਨੂੰ ਸਰਸਬਜ਼ ਤੇ ਸਾਵਧਾਨ ਕਰੀ ਰਖਣਾ।

ਇਕ ਬੜਾ ਹੀ ਅਦਭੁੱਤ ਲਾਲ, ਅਮੋਲ ਲਾਲ ਜਥੇ ਵਿਚ ਆ ਜੁੜਿਆ। ਅਜਬ ਹੀ ਸ਼ਾਨ ਸੀ। 18 ਨੰਬਰ ਦੇ ਰਸਾਲੇ ਅੰਦਰ ਇਕ ਚੜ੍ਹਦੀਆਂ ਕਲਾਂ ਵਾਲਾ ਅਖੰਡ ਕੀਰਤਨੀ ਅਖੰਡਪਾਠੀ ਅਤੇ ਅੰਮ੍ਰਿਤ ਸੰਚਾਰੀਆ ਨਾਮ ਨਿਰੰਕਾਰੀ ਦੇ ਅਹਾਰੀਆਂ ਦਾ ਬਣਿਆ ਤਣਿਆ ਜਥਾ ਅਮਰੋਂ ਹੀ ਜੁੜ ਗਿਆ। ਅੰਬਾਲਾ ਛਾਉਣੀ ਦੀ ਦੈਵੀ ਬਹਾਰ ਉਸ ਸਮੇਂ ਐਸੀ ਬਣੀ, ਜਿਸ ਨੂੰ ਨਿਹਾਰ ਨਿਹਾਰ ਕੇ ਦੇਵ-ਲੋਕ ਵੀ ਤਰਸਦੇ ਹੋਣਗੇ। ਸਿੱਖਾਂ ਦੀਆਂ ਪਲਟਨਾਂ, ਰਸਾਲੇ, ਰਜਮੈਂਟਾਂ, ਤੋਪਖਾਨੇ ਐਸੇ ਸੰਜੋਗ ਨਾਲ ਇਸ ਛਾਉਣੀ ਵਿਚ ਆ ਜੁੜੇ ਸਨ ਕਿ ਜਿਸ ਨੂੰ ਦੇਖ ਕੇ ਸ਼ਾਇਦ ਸੰਜੋਗੀ ਨਛੱਤਰਾਂ ਨੂੰ ਰਸ਼ਕ ਹੀ ਆਇਆ ਹੋਣਾ ਹੈ ਕਿ ਅਨੰਦ-ਮੰਗਲੀ ਮੰਡਲ ਥੋੜ੍ਹਾ ਚਿਰ ਹੀ ਇਸ ਛਾਉਣੀ ਵਿਖੇ ਜੁੜੇ ਰਹੇ। ਸਮੇਂ ਦੇ ਫੇਰ ਅਨੁਸਾਰ ਕੁਝ ਕਾਲ ਪਿਛੋਂ ਇਥੇ ਜੁੜੀਆਂ ਸਾਰੀਆਂ ਪਲਟਨਾਂ, ਰਜਮੈਂਟਾਂ ਦੀਆਂ ਤਬਦੀਲੀਆਂ ਹੋ ਗਈਆਂ। ਸਾਡੇ ਫੇਰੇ ਭੀ ਇਸ ਛਾਉਣੀ ਦੇ ਘੇਰ ਨਜ਼ਾਰੜੇ ਵਿਚੋਂ ਪਰੇਡੇ ਹੋ ਗਏ। ਫੌਜੀ ਪ੍ਰੇਮੀ ਜਨਾਂ ਦੀਆਂ ਬਦਲੀਆਂ ਦੇ ਨਾਲ ਹੀ ਜਥੇ ਦੇ ਪ੍ਰੇਮ-ਅਘਾਵਨੀ-ਆਗਮਨ ਵੀ ਇਥੋਂ ਰਹਿ ਖੜੋਤੇ, ਫਿਰ ਜੋ ਕੁਝ ਬਤੀਤਿਆ, ਉਹ ਭਾਣੇ ਦੇ ਚੱਕਰ ਅੰਦਰ ਬਤੀਤਿਆ।

ਜੇਲ੍ਹ ਯਾਤਰਾ ਤੋਂ ਵਾਪਸ ਆਉਣ ਪਰ, ਕੇਵਲ ਇੰਨੀ ਕੁ ਸੁੰਧਕ ਕੰਨਾਂ ਵਿਚ ਪਈ ਕਿ ਖੰਜਰ ਵਾਲੀਆ ਵੀਰ ਸੁੰਦਰ ਸਿੰਘ ਹੁਣ ਫੌਜ ਵਿਚ ਗ੍ਰੰਥੀ ਨਹੀਂ ਰਿਹਾ ਬਲਕਿ ਰਾਇਕੋਟ ਦੇ ਪਾਸ ਲੋਹਗੜ੍ਹ ਨਾਮੇ ਪਿੰਡ ਵਿਚ ਇਕ ਨਿਰਮਲ ਅਖਾੜੇ ਦਾ ਮਹੰਤ ਬਣ ਗਿਆ ਹੈ। ਇਹ ਜੱਦੀ ਮਹੰਤਤਾ ਇਨ੍ਹਾਂ ਦੇ ਵਿਰਸੇ ਵਿਚ ਆਈ ਤੇ ਖ਼ੂਬ ਗੁਰਮਤਿ ਤੱਤ ਪ੍ਰਚਾਰੀ ਮਹੱਤ ਵਿਚ ਸੰਤ ਵੀਰ ਮਹੰਤ ਸੁੰਦਰ ਸਿੰਘ ਜੀ ਨੇ ਨਿਬਾਹੀ। ਲੋਹਗੜ੍ਹ ਤੋਂ ਪਿੰਡ 'ਲੋਹਟ ਵਦੀ' ਵਿਖੇ ਇਨ੍ਹਾਂ ਗੁਰਮਤਿ ਅਖਾੜੇ ਆ ਜਮਾਏ। ਇਥੇ ਪਿੰਡ 'ਲੋਹਟ ਵਦੀ' ਵਿਚ ਦੂਰ ਨੇੜਿਓਂ ਬੜੀਆਂ ਹੀ ਸੰਗਤਾਂ ਜੁੜਿਆ ਕਰਨ ਅਤੇ ਅੰਮ੍ਰਿਤ-ਅਨੰਦ-ਭੌਰਿਆਂ ਦੇ ਅਲੌਕਿਕ ਇਕੱਠ ਹੋਣ ਲੱਗੇ। ਸਾਲਾਨਾ ਸਮਾਗਮਾਂ ਦੀ ਲਹਿਰ ਬਹਿਰ ਨੇ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਲਹਿਰ ਬਹਿਰ ਵੀ ਬੜੀ ਗੰਭੀਰਤਾ ਸਹਿਤ ਕਾਇਮ ਕੀਤੀ, ਅਣ-ਗਣਿਤ ਰੂਹਾਂ ਵਰੋਸਾਈਆਂ।

ਅਸਾਡੇ ਜੇਲ੍ਹ ਯਾਤਰਾ ਤੋਂ ਵਾਪਸ ਆਉਣ ਪਰ ਨਾਰੰਗਵਾਲ ਵਿਖੇ ਲਗਾਤਾਰ ਅਣਗਿਣਤ ਸੰਗਤਾਂ ਆਉਂਦੀਆਂ ਰਹੀਆਂ ਅਤੇ ਸਤਿਸੰਗ ਮੰਡਲ ਜੁੜਦੇ ਰਹੇ। ਓਦੋਂ ਲੋਹਟ ਵਦੀ ਤੋਂ ਚਲ ਕੇ ਇਕ ਜਲਾਲ ਕੀਰਤਨੀ ਜਥੇ ਨਾਲ ਬੜੀ ਸ਼ਾਨ ਸਹਿਤ ਕੀਰਤਨ ਕਰਦੇ ਹੋਏ ਵੀਰ ਭਾਈ ਸੁੰਦਰ ਸਿੰਘ ਜੀ ਭੀ ਆ ਜੁੜੇ। ਉਹੋ ਕ੍ਰਾਂਤ, ਉਹੋ ਸ਼ਾਂਤ, ਉਹੋ ਜਲਵਾਤ ਤੇ ਚਿਹਰੇ ਦੇ ਚਾਰ ਚੁਫੇਰੇ ਗੁਰਮੁਖੀ ਕਾਲਾ ਦਾੜ੍ਹਾ ਘਟਾਂ ਬੰਨ੍ਹ ਕੇ ਆਇਆ ਹੋਇਆ ਸੀ, ਸਰੀਰ ਅੱਗੇ ਵਰਗਾ ਸਡੌਲ ਨਹੀਂ ਰਿਹਾ ਸੀ, ਪੇਟ ਵਧ ਕੇ ਬੜੀ ਗੋਗੜ ਦੀ ਸ਼ਕਲ ਵਿਚ ਹੋਇਆ ਹੋਇਆ ਸੀ। ਚਿਰੀਂ ਵਿਛੁੰਨੀਆਂ ਰੂਹਾਂ ਗਲ-ਵੱਕੜੀਆਂ ਪਾ ਪਾ ਕੇ ਮਿਲੀਆਂ, ਮਿਲ ਕੇ ਫੇਰ ਵਿਛੜ ਗਈਆਂ। ਵਿਛੜਨ ਸਮੇਂ ਦੇ ਇਹ ਬਚਨ ਮੈਨੂੰ ਹੁਣ ਤਾਈਂ ਯਾਦ ਹਨ ਜੋ ਸਿਰੀ ਵੀਰ ਪਿਆਰੇ ਭਾਈ ਸੁੰਦਰ ਸਿੰਘ ਜੀ ਦੇ ਮੁੱਖੋਂ ਸਹਿਜ ਸੁਭਾਅ ਹੀ ਨਿਕਲੇ – 'ਕੋਈ ਦਿਨ ਦਾ ਹੀ ਚਮਤਕਾਰ ਹੈ, ਹੁਣ ਤਾਂ ਸੰਜੋਗੀ ਮੇਲੇ ਹੀ ਹੋਣਗੇ।' ਇਹ ਬਚਨ ਕਰ ਕੇ ਵਾਪਸ ਲੋਹਟ ਵੱਦੀ ਨੂੰ ਚਲੇ ਗਏ। ਅਖੰਡਾਕਾਰ ਅਭਿਆਸ-ਆਸਣ ਅੱਠੋ ਪਹਿਰ ਜਮਾਈ ਰੱਖਣ ਦੇ ਕਾਰਨ ਉਨ੍ਹਾਂ ਨੂੰ ਬਵਾਸੀਰ ਲਾਹੱਕ ਹੋ ਗਈ ਸੀ। ਓੜਕ ਏਸੇ ਸਰੀਰਕ

ਰੋਗ ਦੇ ਵਧ ਜਾਣ ਕਰਕੇ ਉਨ੍ਹਾਂ ਨੇ ਇਕ ਦਿਨ ਸਰੀਰ ਛੱਡ ਹੀ ਦਿਤਾ ਅਤੇ ਅਨੰਦ ਪ੍ਰਸੰਨ ਇਸ ਲੋਕ ਨੂੰ ਛੱਡ ਕੇ, ਪਾਰ ਲੋਕ ਗੁਰਪੁਰੀ ਜਾ ਪਧਾਰੇ।

***ਆਇਆ ਸਫਲੁ ਤਾਹੂ ਕੋ ਗਨੀਐ॥***

***(ਗਉ. ਬਾਵਨ ਅਖਰੀ ਮ: ੫, ਪੰਨਾ - 252)***

## ਸੁਵਰਨ-ਰੰਗੀ ਭਾਈ ਸਰਵਣ ਸਿੰਘ

ਇਨ੍ਹਾਂ ਦੇ ਸਾਰੇ ਸਰੀਰ ਦਾ ਰੰਗ ਤਾਂ ਨਿਰੋਲ ਸੁਰਮਈ 'ਸਿਆਹ ਫ਼ਾਮ' ਸੀ, ਪ੍ਰੰਤੂ ਇਨ੍ਹਾਂ ਦੇ ਨਾਮ-ਰੰਗਾਂ ਨਾਲ ਦਗ ਦਗ ਕਰਦੇ ਮਸਤਕ ਅਤੇ ਚਿਹਰੇ ਵਿਚੋਂ ਸੂਵਰਨ (ਸੋਨੇ) ਦੇ ਰੰਗਾਂ ਦੀਆਂ ਕਿਰਨਾਂ ਹਰ ਵਕਤ ਪੈਂਦੀਆਂ ਰਹਿੰਦੀਆਂ ਸਨ। ਇਸ ਕਰਕੇ ਇਸ ਵੀਰ ਦਾ ਨਾਮ ਦਾਸ ਨੇ ਸੂਵਰਨ-ਰੰਗੀ ਭਾਈ ਸਰਵਣ ਸਿੰਘ ਪਾ ਲਿਆ ਸੀ। ਫੱਲੇਵਾਲੀਏ ਭਾਈ ਸਰਵਣ ਸਿੰਘ ਤੋਂ ਭਿੰਨ ਇਹ ਇਕ ਹੋਰ ਭਾਈ ਸਰਵਣ ਸਿੰਘ ਹੋਏ ਹਨ, ਜਿਨ੍ਹਾਂ ਦੇ ਥਾਨ ਮੁਕਾਮ ਅਤੇ ਨਿਵਾਸ ਥਾਨ ਦਾ ਕੋਈ ਪਤਾ ਨਹੀਂ। ਕਿਸੇ ਅਗਮਗੜ੍ਹ ਵਿਚੋਂ ਹੀ ਪ੍ਰਗਟ ਹੋ ਕੇ ਸਾਡੇ ਜੇਲ੍ਹ ਜਾਣ ਤੋਂ ਕੁਝ ਸਾਲ ਪਹਿਲਾਂ ਜੱਥੇ ਵਿਚ ਆ ਸ਼ਾਮਲ ਹੋਏ। ਆਵਣ ਸਾਰ ਹੀ ਅੰਮ੍ਰਿਤ ਛਕ ਲਿਆ ਅਤੇ ਅੰਮ੍ਰਿਤ ਛਕਣ ਸਾਰ ਹੀ ਅਮਰ ਅਟਾਰੀਆਂ ਤੇ ਜਾ ਚੜ੍ਹੇ। ਗੁਰਮੁਖੀ ਦਾ ਇਕ ਅੱਖਰ ਨਹੀਂ ਜਾਣਦੇ ਸਨ। ਗੁਰਬਾਣੀ ਦਾ ਕੋਈ ਸ਼ਬਦ ਵੀ ਉਨ੍ਹਾਂ ਦੇ ਕੰਠਾਗਰ ਨਹੀਂ ਸੀ। ਇਹ ਵੀਰ ਉਕਾ ਹੀ ਅਨਪੜ੍ਹ ਸੀ, ਪ੍ਰੰਤੂ ਗੁਰਬਾਣੀ ਦੇ ਇਸ ਵਾਕ ਅਨੁਸਾਰ -

***ਜੋ ਪ੍ਰਾਣੀ ਗੋਬਿੰਦ ਧਿਆਵੈ।***

***ਪੜਿਆ ਅਣਪੜਿਆ ਪਰਮ ਗਤਿ ਪਾਵੈ॥ ਪੰਨਾ - 197***

ਇਸ ਨੂੰ ਬੜੀ ਅਗਮ ਗੁਰਮਤਿ ਵਿਵਸਥਾ ਦੀ ਗੰਮਤਾ ਪ੍ਰਾਪਤ ਸੀ। ਸੇਵਾ ਦਾ ਪੁਤਲਾ ਸੀ, ਮਾਨੋ ਸੇਵਾ ਦਾ ਸਰੂਪ ਹੀ ਬਣ ਕੇ ਅਵਤਰਿਆ ਸੀ। ਅਜੇ ਚਿਹਰੇ ਉਤੇ ਲੂਈ ਨਹੀਂ ਫੁੱਟੀ ਸੀ, ਅਣਦਾੜ੍ਹੀਆ ਹੀ ਸੀ। ਜਿਉਂ ਆ ਕੇ ਸੇਵਾ ਵਿਚ ਜੁਟਿਆ, ਦਿਨੇ ਰਾਤ ਜੁਟਿਆ ਹੀ ਰਿਹਾ ਕਰੇ। ਨਾਮ ਅਭਿਆਸ ਦਾ ਬੜਾ ਹੀ ਧਨੀ ਸੀ, ਸ੍ਵਾਸ ਸ੍ਵਾਸ ਨਾਮ ਕਲਾ ਵਿਚ ਨਿਪੁੰਨ ਸੀ। ਅਖੰਡਪਾਠ ਤੇ ਅਖੰਡ ਕੀਰਤਨੀ ਸਮਾਗਮਾਂ ਵਿਚ ਹਰ ਪ੍ਰਕਾਰ ਦੀ ਸੇਵਾ ਨਿਸ਼ਕਾਮਤਾ ਸਹਿਤ ਸਿਰ ਤੇ ਚੁੱਕੀ ਹੋਈ ਸੀ। ਸਾਰੀ ਸੰਗਤ ਦੇ ਲੰਗਰ ਸਜਾਵਣੇ, ਚਾਹੇ ਕਿਤਨੀਆਂ ਹੀ ਸੰਗਤਾਂ ਆ ਜਾਣ, ਹੱਥੀਂ ਸਾਰੀ ਸੰਗਤ ਦੀ ਸੇਵਾ ਹਰ ਪ੍ਰਕਾਰ ਕਰਨੀ। ਸਾਰੀ ਸੰਗਤ ਦੇ ਜੂਠੇ ਭਾਂਡੇ ਮਾਂਜਣੇ, ਮਜਾਲ ਹੈ ਕੋਈ ਹੋਰ ਮਾਂਜ ਜਾਵੇ। ਲੰਗਰ ਦੇ ਸਰਬ-ਲੋਹੀ ਬਰਤਨਾਂ ਨੂੰ ਮਾਂਜ ਸਵਾਰ ਕੇ ਚਮਕਾ ਕੇ ਰਖਣਾ। ਹਰ ਇਕ ਸਮਾਗਮੀ ਅਸਥਾਨ ਉਤੇ ਬਰਤਨਾਂ ਦੀ ਬੋਰੀ ਸਿਰ ਤੇ ਚੁੱਕ ਕੇ ਲੈ ਜਾਣੀ, ਜੋੜੀ ਵਾਜੇ ਨੂੰ ਭੀ ਗਹੇ ਮਾਰ ਲੈਣਾ, ਮੋਢੇ ਤੇ ਹੋਰ ਸਾਰਾ ਸਮਾਨ ਵੀ ਚੁੱਕ ਤੁਰਨਾ। ਕਿਸੇ ਨੂੰ ਕੱਖ ਵੀ ਖੜਨ ਨਾ ਦੇਣਾ। ਇਸ ਦੀ ਪਰਮ ਅਧੀਨਗੀ ਸਹਿਤ ਬੇਨਤੀ ਅਨੁਸਾਰ ਅਖੰਡ ਪਾਠ ਸਮਾਗਮਾਂ ਦੇ ਐਨ ਨਿਕਟ ਹੀ ਲੰਗਰ-ਅਸਥਾਨ ਰੱਖਿਆ ਹੋਇਆ ਹੁੰਦਾ ਸੀ, ਜਿਥੇ ਕਿ ਅਖੰਡ ਪਾਠ ਦੀ ਧੁਨੀ ਸੁਗਮਤਾ ਸਹਿਤ ਹੀ ਇਸ ਵੀਰ ਦੇ ਕੰਨਾਂ ਵਿਚ ਪੈਂਦੀ ਰਹਿੰਦੀ। ਬਸ ਇਸ ਵੀਰ ਦਾ ਇਹੋ ਇਕੋ ਇਕ ਪ੍ਰੇਮ ਭਰਿਆ ਸ਼ੌਕ ਸੀ ਕਿ ਨਾਲੇ ਅਖੰਡ ਪਾਠ ਸੁਣੇ, ਨਾਲੇ ਹੀ ਲੰਗਰ ਦੀ ਸੇਵਾ ਨਿਬਾਹੇ।

ਸਾਲਾਂ ਬੱਧੀ ਸੇਵਾ ਇੰਞ ਨਿਭਦੀ ਰਹੀ ਕਿ ਸਾਰੀ ਸੰਗਤ ਵਿਖੇ ਇਹ ਸੱਜਣ ਗੁਪਤ ਲੁਪਤ ਹੀ ਵਰਤਦਾ ਰਿਹਾ। ਕਿਸੇ ਨੂੰ ਵੀ ਇਸ ਦੀ ਗੂੜ੍ਹ ਆਤਮ ਬਿਰਤੀ ਦੀ ਅਪਾਰ ਪਹੁੰਚ ਦਾ ਕੁਝ ਪਤਾ ਨਹੀਂ ਸੀ, ਪਰੰਤੂ ਜਿਨ੍ਹਾਂ ਨੂੰ ਇਸ ਦੇ ਨਾਲ ਗਹਿਰ ਗੰਭੀਰਾ ਵਾਹ ਪਿਆ ਸੀ ਉਹੀ ਜਾਣਦੇ ਸਨ। ਇਸ ਦੀ ਸਾਰ ਨਿਰਮਾਣ ਅਤੇ ਨਿਸ਼ਕਾਮ ਅਤੁੱਟ ਸੇਵਾ ਦਾ ਸੁਤੇ ਸੁਭਾਵ ਹੀ ਫਲ ਇਸ ਨੂੰ ਇਹ ਪ੍ਰਾਪਤ ਹੋਇਆ ਕਿ ਨਾਮ-ਰੰਗਾਂ ਵਿਚ ਇਸ ਦੀ ਬਿਰਤੀ ਐਸੀ ਅਰੂੜ੍ਹ ਹੋਈ ਕਿ ਬੜੇ ਬੜੇ ਗਿਆਨੀਆਂ ਗੁਣੀਆਂ ਦੀ ਵੀ ਨਹੀਂ ਸੀ। ਆਗਮ ਨਿਗਮ ਦੀਆਂ ਗੱਲਾਂ ਇਸ ਨੂੰ ਸੁਤੇ ਸੁਭਾਵ ਹੀ ਸੁਫੁਰਨ ਹੋਣ ਲਗ ਪਈਆਂ। ਉਠਦਾ ਬੈਠਦਾ, ਤੁਰਦਾ ਫਿਰਦਾ ਹਰ ਛਿਨ ਹੀ ਇਹ ਪਿਆਰਾ ਅਖੰਡਾਕਾਰ ਅਭਿਆਸ ਦੇ ਰੰਗਾਂ ਵਿਚ ਸੰਧੂਰਤ ਰਹਿੰਦਾ ਸੀ। ਕਿਸੇ ਨੂੰ ਜਣਾਉਣ ਦਾ ਕੁਛ ਖਿਆਲ ਨਹੀਂ ਸੀ। ਨਾ ਕੋਈ ਇਸ ਦੀ ਵਡਿਆਈ ਉਪਮਾ ਕਰਦਾ ਸੀ ਅਤੇ ਨਾ ਹੀ ਇਸ ਨੂੰ ਵਡਿਆਈ ਉਪਮਾ ਕਰਾਉਣ ਦਾ ਭੁਸ ਹੀ ਸੀ। ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਸਾਰੇ ਸਿੰਘਾਂ ਨੂੰ ਇਸ਼ਨਾਨ ਕਰਵਾਣੇ, ਪਿਛੋਂ ਆਪ ਇਸ਼ਨਾਨ ਕਰਨਾ। ਫੇਰ ਇਕ ਗੁੱਠੇ ਬੈਠ ਕੇ ਗੁਪਤੋ ਗੁਪਤ ਹੀ ਗੁਰਬਾਣੀ ਦਾ ਨਿਤਨੇਮ ਸੁਣਨਾ, ਨਾਲੋ ਨਾਲ ਹੀ ਸ੍ਵਾਸ ਸ੍ਵਾਸ ਨਾਮ ਅਭਿਆਸ ਕਰੀ ਜਾਣਾ, ਇਹ ਇਸ ਦਾ ਨਿਤ ਦਾ ਕੰਮ ਸੀ। ਅਸੀਂ ਕਦੇ ਇਸ ਨੂੰ ਸੌਂਦਾ ਨਹੀਂ ਦੇਖਿਆ। ਸਤਸੰਗਤ ਬਿਨਾਂ, ਕੁਸੰਗਤ ਵਿਚ ਭੌਂਦਾ ਨਹੀਂ ਦੇਖਿਆ। ਇਕੋ ਵਿਹਾਰ ਇਸ ਦਾ ਨਾਮ ਸੇਵਾ ਦੀ ਕਾਰ ਹੀ ਸੀ। ਅਖੰਡ ਪਾਠ ਸਮਾਗਮਾਂ ਅੰਦਰ ਜਿੰਨਾ ਚਿਰ ਲੰਗਰ ਦੀ ਸੇਵਾ ਰਹਿਣੀ, ਉਨਾਂ ਚਿਰ ਲੰਗਰ ਵਿਚ ਹੀ ਇਸ ਨੇ ਰਹਿਣਾ। ਹੱਥ ਪੈਰ ਸੇਵਾ ਵਿਚ ਲੱਗੇ ਰਹਿਣ, ਸ੍ਵਣਾਂ ਕਰਕੇ ਸਰੋਤ ਸੁਰਤੀ ਅਖੰਡ ਪਾਠ ਦੇ ਸੁਣਨ ਵਿਚ ਹੀ ਲੱਗੀ ਰਹਿਣੀ। ਜਦੋਂ ਲੰਗਰ ਦਾ ਕੰਮ ਕਾਜ ਮੁਕ ਜਾਣਾ ਤਾਂ ਨਿਰੋਲ ਸਮਾਧੀ-ਸਥਿਤ ਹੋ ਕੇ ਅਖੰਡ ਪਾਠ ਮੰਡਲ ਦੇ ਸਰੋਤਿਆਂ ਵਿਚ ਜੁੜ ਕੇ ਬੈਠ ਜਾਣਾ; ਬੈਠਣਾ ਐਸੀ ਜਗ੍ਹਾ 'ਤੇ, ਜਿਥੇ ਆਮ ਜਨਤਾ ਦੀ ਨਿਗ੍ਹਾ ਨਾ ਪੈ ਸਕੇ। ਆਮ ਲੋਕਾਂ ਦੀਆਂ ਨਜ਼ਰਾਂ ਵਿਚ ਇਹ ਐਵੇਂ ਔਲਾ ਮੌਲਾ ਸਿੱਖ ਹੀ ਜਾਪਦਾ ਸੀ। ਰਤਨਾਂ ਜਵਾਹਰਾਂ ਦੀ ਸਾਰ ਜੌਹਰੀ ਹੀ ਜਾਣਦੇ ਹਨ, ਆਮ ਅਣਜਾਣਾਂ ਨੂੰ ਕੀ ਪਤਾ। ਨਿਹਕਾਮ ਹੋ ਕੇ ਸੇਵਾ ਕਰਨ ਦਾ ਅਤੇ ਨਿਹਕਾਮ ਸੇਵਾ ਦੇ ਕਾਰਨ, ਨਾਮ ਦੀਆਂ ਅਤਿ ਚੜ੍ਹਦੀਆਂ ਕਲਾਂ ਦੇ ਹੋਣ ਦਾ ਪ੍ਰਤਾਪ ਇਹ ਵਰਤਿਆ ਕਿ ਰਿਧੀ ਸਿਧੀ ਇਸ ਨੂੰ ਸੁਤੇ ਹੀ ਸਫੁਰਨ ਹੋਣ ਲਗ ਪਈ। ਪਰ ਇਸ ਦੀ ਰਿਧੀ ਸਿਧੀ ਫੁਰਨ ਦਾ ਨਾ ਹੀ ਇਸ ਨੂੰ ਗਰਬ ਗੁਮਾਨ ਸੀ, ਨਾ ਹੀ ਕਿਸੇ ਹੋਰ ਨੂੰ ਕੁਝ ਪਤਾ ਸੀ। ਹੋਰ ਤਾਂ ਹੋਰ, ਇਸ ਦਾਸਰੇ ਨੂੰ ਵੀ ਕੁਝ ਪਤਾ ਨਹੀਂ ਸੀ ਕਿ ਇਹ ਕਿਹੜੀਆਂ ਗੁਪਤ ਖੇਡਾਂ ਵਿਚ ਖੇਡਦਾ ਸੀ।

ਇਕ ਦਿਨ ਇਸ ਦੀ ਗੁਪਤ ਖੇਡ ਦਾ ਸੁਤੇ ਹੀ ਪਤਾ ਲਗ ਗਿਆ ਅਤੇ ਉਹ ਇਉਂ ਲਗਾ ਕਿ ਜੇਠ ਹਾੜ੍ਹ ਦੇ ਦਿਨਾਂ

ਵਿਚ ਸਾਰੇ ਜੱਥੇ ਨੇ ਨਾਭੇ ਤੋਂ ਹੋ ਕੇ ਇਕ ਪਿੰਡ ਵਿਖੇ ਕਿਸੇ ਗੁਰਮੁਖ ਦੇ ਗ੍ਰਹਿ ਵਿਚ ਰੱਖੇ ਅਖੰਡ ਪਾਠ ਤੇ ਜਾਣ ਦੀ ਤਿਆਰੀ ਕੀਤੀ। ਨਾਲ ਇਹ ਵੀਰ ਭਾਈ ਸਰਵਣ ਸਿੰਘ ਸੂਰਨ-ਰੰਗੀ ਵੀ ਤਿਆਰ ਹੋ ਪਿਆ। ਦਾਸ ਦੇ ਦਸਤਾਰਾ ਸਜਾਂਵਦੇ ਸਜਾਂਵਦੇ ਇਹ ਮੰਜੇ ਤੇ ਬੈਠਾ ਬੈਠਾ ਠੋਸਾਂ ਲਾਣ ਲਗ ਪਿਆ, ਐਵੇਂ ਤੁਰਦਾ ਫਿਰਦਾ ਹੀ ਕਿਧਰੇ ਅੱਖ ਲਾ ਜਾਂਦਾ ਸੀ। ਅੱਜ ਪੰਜ ਦਸ ਮਿੰਟ ਹੀ ਹੋਏ ਸਨ ਕਿ ਵਾਹਿਗੁਰੂ ਵਾਹਿਗੁਰੂ ਕਰਦਾ ਅਬੜਵਾਹੇ ਉਠਿਆ ਤੇ ਉਠ ਖਲੋਤਾ ਹੋਇਆ। ਇਸ ਦੇ ਚਿਹਰੇ ਉਤੇ ਹੈਰਾਨਗੀ ਅਤੇ ਪਰੇਸ਼ਾਨਗੀ ਦੇ ਚਿਨ੍ਹ ਦੇਖ ਕੇ ਦਾਸ ਨੇ ਇਸ ਨੂੰ ਪੁਛਿਆ ਕਿ ਭਾਈ ਸਰਵਣ ਸਿੰਘ ਜੀ, ਕੀ ਕੋਈ ਚਮਤਕਾਰ ਦੇਖਿਆ ਹੈ? ਤਾਂ ਉਤਰ ਵਿਚ ਭੋਲੇ-ਭਾਅ ਹੀ ਇਉਂ ਆਖਨ ਲੱਗੇ, "ਕੀ ਦੱਸਾਂ ਜੀ, ਐਸਾ ਚਮਤਕਾਰ ਦੇਖਿਆ ਹੈ ਕਿ ਇਕ ਜਗ੍ਹਾ ਅਖੰਡ ਪਾਠ ਹੋ ਰਿਹਾ ਹੈ। ਮੈਂ ਵੀ ਲੰਗਰ ਦੇ ਅਸਥਾਨ ਤੇ ਲੰਗਰ ਦੀ ਸੇਵਾ ਕਰ ਰਿਹਾ ਹਾਂ ਕਿ ਇਤਨੇ ਨੂੰ ਇਕ ਅਖੰਡਪਾਠੀ ਸੱਜਣ ਲੰਗਰ ਵਿਚ ਆਉਂਦਾ ਹੈ। ਮੈਨੂੰ ਤਾਂ ਉਹ ਤੁਹਾਡੇ ਵਰਗਾ ਹੀ ਜਾਪਦਾ ਹੈ। ਲੰਗਰ ਵਲ ਆਉਂਦੇ ਹੀ ਇਕ ਕੁੱਤੇ ਨੇ ਉਸ ਦੀ ਟੰਗ ਫੜ ਲਈ, ਐਸਾ ਦੰਦ ਖੁਭੋਇਆ ਕਿ ਲਹੂ ਦੀ ਤਤੀਰੀ ਹੀ ਵਗਣ ਲਗ ਗਈ। ਮੈਂ ਹੀ ਕੁੱਤੇ ਨੂੰ ਲੱਕੜ ਮਾਰ ਕੇ ਹਟਾਇਆ। ਇਹ ਦੇਖਣ ਸਾਰ ਹੀ ਮੇਰੀ ਅੱਖ ਖੁਲ੍ਹ ਗਈ। ਮੈਨੂੰ ਇਹ ਭਾਸਿਆ ਕਿ ਜਿਵੇਂ ਇਹ ਪ੍ਰਤੱਖ ਵਰਤਾਰਾ ਹੀ ਵਰਤਿਆ ਹੁੰਦਾ ਹੈ।"

ਅਸੀਂ ਇਹ ਗੱਲ ਕਰਦੇ ਹੀ ਤੁਰ ਪਏ। ਸਾਰਾ ਜਥਾ ਹੀ ਪੈਦਲ ਤੁਰ ਪਿਆ। ਨਾਭੇ ਤੋਂ ਛੇ ਸੱਤ ਕੋਸ ਦੇ ਫਾਸਲੇ ਤੇ ਉਹ ਪਿੰਡ ਸੀ, ਜਿਥੇ ਜਥੇ ਨੇ ਅਖੰਡ ਪਾਠ ਕਰਨ ਜਾਣਾ ਸੀ। ਜਾਣ ਸਾਰ ਅਖੰਡ ਪਾਠ ਦੇ ਤਿਆਰੇ ਅਰੰਭ ਦਿਤੇ, ਅਖੰਡ ਕੀਰਤਨ ਅੰਮ੍ਰਿਤ ਵੇਲੇ ਹੋਏ। ਦੂਜੇ ਦਿਨ ਸਵੇਰੇ ਹੀ ਅਖੰਡ ਪਾਠ ਆਰੰਭ ਹੋ ਗਏ। ਮੈਂ ਖੁਦ ਅਖੰਡ ਪਾਠ ਕਰ ਰਿਹਾ ਸਾਂ। ਦੂਜੇ ਪਾਠੀ ਨੇ ਆ ਕੇ ਮੈਨੂੰ ਬਦਲ ਦਿਤਾ। ਲੰਗਰ ਵਿਚ ਕੁਛ ਗਫੇ ਲਾਉਣ ਲਈ ਜਾਣ ਦਾ ਮੈਨੂੰ ਇਸ਼ਾਰਾ ਹੋਇਆ। ਬਾਣੀ ਦੇ ਰੰਗ ਚਲੂਲੇ ਚੜ੍ਹੇ ਹੋਏ ਸਨ। ਨਾਮ ਦੀ ਲਟਕ ਵਿਚ ਝੂਲਦਾ ਹੋਇਆ ਅਧ-ਮੀਟੀਆਂ ਅੱਖਾਂ ਨਾਲ ਪਊਏ ਪਾ ਕੇ ਮੈਂ ਲੰਗਰ ਵਲ ਜਾ ਰਿਹਾ ਸਾਂ। ਅੱਗੇ ਲੰਗਰ ਦੇ ਐਨ ਕਰੀਬ ਹੀ ਇਕ ਪੱਕਾ ਥਮਲਾ ਸੀ। ਥਮਲੇ ਦੇ ਓਹਲੇ ਇਕ ਕੁੱਤਾ ਬੈਠਾ ਹੋਇਆ ਸੀ, ਜਿਸ ਦਾ ਮੈਨੂੰ ਕੁਛ ਪਤਾ ਨਹੀਂ ਸੀ। ਅਜਾਣੇ ਹੀ ਮੇਰੇ ਪੈਰ ਦਾ ਪਊਆ ਉਸ ਦੇ ਪੌਂਚੇ ਉਪਰ ਟਿਕ ਗਿਆ ਅਤੇ ਕੁੱਤੇ ਨੇ ਮੇਰਾ ਗਿੱਟਾ ਮੂੰਹ ਨਾਲ ਆ ਫੜਿਆ, ਐਸੇ ਦੱਬ ਕੇ ਦੰਦ ਮਾਰੇ ਕਿ ਲਹੂ ਦੀ ਤਤੀਰੀ ਵਗ ਤੁਰੀ। ਚੁਲ੍ਹੇ ਕੋਲ ਬੈਠੇ ਲੰਗਰ ਸਜਾ ਰਹੇ ਉਸੇ ਭਾਈ ਸਰਵਣ ਸਿੰਘ ਨੇ ਲੱਕੜੀ ਚੁੱਕ ਕੇ ਕੁੱਤੇ ਦੇ ਮਾਰੀ ਤਾਂ ਕੁੱਤੇ ਨੇ ਮੇਰੀ ਟੰਗ ਛੱਡੀ। ਪਰ ਮੈਨੂੰ ਕੋਈ ਦਰਦ ਨਹੀਂ ਜਾਪਿਆ, ਕੁਛ ਦੁਖ ਦਰਦ ਨਹੀਂ ਪ੍ਰਤੀਤ ਹੋਇਆ। ਉਧਰ ਲਹੂ ਦੀ ਤਤੀਰੀ ਪੈਂਦੀ ਸੀ, ਉਧਰ ਮੇਰੀ ਜ਼ੁਬਾਨ ਤੋਂ ਵਾਹੋ ਦਾਹ ਇਕ ਅਵਾਜ਼ੇ ਨਿਕਲ ਰਹੇ ਸਨ ਤੇ ਬੜੀ ਖੁਸ਼ੀ ਭਰੇ ਵਾਜੇ ਨਿਕਲ ਰਹੇ ਸਨ -

'ਸਿੰਘ ਦਾ ਸੁਪਨਾ ਪੂਰਾ ਹੋ ਗਿਆ, ਵਾਹ! ਵਾਹ! ਖੂਬ ਚਮਤਕਾਰ ਪੂਰਾ ਹੋਇਆ!!' ਕਿਉਂਕਿ ਕਲ੍ਹ ਵਾਲੀ ਸੱਜਰੀ ਵਾਰਤਾ ਮੈਨੂੰ ਯਾਦ ਸੀ, ਮੈਂ ਪੁਕਾਰਨੋਂ ਨਾ ਰਹਿ ਸਕਿਆ। ਪਰ ਬੜੇ ਅਨੂਪਮ ਭਾਣੇ ਦੀ ਗੱਲ ਇਹ ਹੋਈ ਕਿ ਭਾਈ ਸਰਵਣ ਸਿੰਘ ਨੂੰ ਇਹ ਵਾਰਤਾ ਉਕੀ ਹੀ ਵਿਸਰ ਗਈ। ਸਿੰਘ ਮੈਨੂੰ ਪੁੱਛਣ ਕਿ ਕਿਹੜਾ ਸੁਪਨਾ ਸੱਚ ਹੋ ਗਿਆ, ਕੀ ਚਮਤਕਾਰ ਦੇਖਿਆ ਪੂਰਾ ਹੋਇਆ ਦਸਦੇ ਹੋ? ਮੈਂ ਉਤਰ ਦਿਤਾ ਕਿ ਕਹਿਣ ਕਥਨ ਦੀ ਗੱਲ ਹੀ ਕੁਛ ਨਹੀਂ ਹੈ। ਚਲੋ ਵਖਰੇ ਚਲ ਕੇ ਦਸਦੇ ਹਾਂ। ਨਾਲੇ ਤੇ ਮੇਰਾ ਜ਼ਖਮ ਬੰਨ੍ਹਣ ਵਾਸਤੇ ਸਿੰਘ ਤੁਰ ਪਏ, ਨਾਲੇ ਵਖਰੇ ਹੋ ਕੇ ਮੇਰੇ ਪਾਸੋਂ ਅਸਲ ਗੱਲ ਪੁਛਣ ਲਈ ਤਤਪਰ ਹੋ ਗਏ। ਭਾਈ ਸਰਵਣ ਸਿੰਘ ਜੀ ਤੋਂ ਲਾਂਭੇ ਹੋ ਕੇ ਮੈਂ ਸਾਰੀ ਗੱਲ ਦੱਸੀ ਤੇ ਇਹ ਵੀ ਨਾਲੇ ਤਾਕੀਦ ਕਰ ਦਿਤੀ ਕਿ ਇਸ ਭੋਲੇ ਵੀਰ ਨੂੰ ਪਤਾ ਨਾ ਲੱਗੇ, ਇਹ ਭੋਲੇ-ਭਾ ਹੀ ਰਹੇ ਤਾਂ ਠੀਕ ਹੈ। ਇਸ ਦੇ ਮੂੰਹ ਤੇ ਕੋਈ ਗੱਲ ਨਹੀਂ ਕਰਨੀ। ਇਸ ਨੂੰ ਗੁਪਤ ਰੰਗ ਵਿਚ ਹੀ ਖੇਡਣ ਦਿਓ।

ਸ਼ੋਰਮ ਸ਼ੋਰੀ ਇਸ ਗੱਲ ਦਾ ਹੌਲੀ ਹੌਲੀ ਸਾਰੇ ਜਥੇ ਨੂੰ ਪਤਾ ਲਗ ਗਿਆ। ਫਿਰ ਤਾਂ ਲੱਗੇ ਉਨ੍ਹਾਂ ਦੀ ਸਾਰੇ ਕਦਰ ਕਰਨ। ਪਰ ਕਿਸੇ ਦੀ ਇਹ ਜੁਰਅਤ ਨਹੀਂ ਪਈ ਕਿ ਵੀਰ ਸਰਵਣ ਸਿੰਘ ਜੀ ਨੂੰ ਅਸਲੀ ਗੱਲ ਦਾ ਪਤਾ ਦੇਣ। ਗੁਰੂ ਘਰ ਦੀ ਇਹੀ ਤਾਂ ਗੌਰਵਤਾ ਹੈ ਕਿ ਗਹਿਰ ਗੰਭੀਰ ਆਤਮ-ਅਵਸਥਾ ਨੂੰ ਅਪੜੇ ਹੋਏ ਵੀ ਅਜਰ ਨੂੰ ਜਰਨ ਦੀ ਜੀਰਾਂਦ ਰਖਦੇ ਹਨ। ਸੁਤੇ ਹੀ ਜਾਣਕਾਰੀਆਂ ਦੀ ਇਹ ਜਾਣਤਾ ਬਣਾਉਂਦੀ ਹੈ। ਉਹ ਬਫਾਵਣੇ ਹੀ ਨਹੀਂ ਪਾਉਂਦੇ, ਨਾ ਹਉਮੈ ਦੇ ਪੱਠੇ ਉਨ੍ਹਾਂ ਨੂੰ ਪੈਂਦੇ ਹਨ, ਨਾ ਉਹ ਹਉਮੈ ਵਿਚ ਆਫਰਦੇ ਹਨ। ਇਸ ਔਲੇ ਮੌਲੇ ਸੂਧੇ ਸਾਦੇ ਵੀਰ ਸਰਵਣ ਸਿੰਘ ਨੂੰ ਦੇਖ ਕੇ ਕਿਸੇ ਨੂੰ ਵੀ ਇਹ ਯਕੀਨ ਨਹੀਂ ਆ ਸਕਦਾ ਸੀ ਕਿ ਐਸੇ ਉਤਮ ਪੌੜੇ ਨੂੰ ਪਹੁੰਚੇ ਹੋਏ ਹਨ। ਸਹਿਜ ਸਰਲਤਾ ਇਹ ਲਖਸ਼ ਗੁਰੂ ਘਰ ਦੇ ਨਿਰਮਾਣ ਤੇ ਨਿਰਬਾਣ ਪਦ ਨੂੰ ਪਹੁੰਚੇ ਹੋਏ ਗੁਰਮਖ ਸੱਜਣ ਅੰਦਰ ਪੇਖਣ ਵਿਚ ਆਇਆ ਹੈ। ਬਸ ਨਮੂਨੇ ਮਾਤਰ ਇਸ ਵੀਰ ਪਰਥਾਇ ਇਹੀ ਉਦਾਹਰਣ ਕਾਫੀ ਹੈ। ਗੁਪਤ ਗੋਝਿਆਂ ਦੇ ਗੁਪਤ ਗੋਝ ਗੁਣਾਂ ਦਾ ਪਾਰਾਵਾਰ ਕੀ ਪਾਇਆ ਜਾ ਸਕਦਾ ਹੈ?

ਥੋੜ੍ਹੇ ਦਿਨਾਂ ਪਿਛੋਂ ਹੀ ਅਸੀਂ ਤਾਂ ਜੇਲ੍ਹਾਂ ਅੰਦਰ ਡੱਕੇ ਗਏ ਤੇ ਅਜਿਹੇ ਗੁਰ ਸੱਜਣਾਂ ਨੂੰ ਅਸੀਂ ਪਿਛੇ ਹੀ ਛੱਡ ਗਏ, ਸਾਨੂੰ ਪਤਾ ਨਹੀਂ ਕਿਥੇ ਕਿਥੇ ਤਿੱਤਰ ਬਿੱਤਰ ਹੋ ਗਏ, ਤੇ ਸੂਰਨ ਰੰਗੀ ਭਾਈ ਸਰਵਣ ਸਿੰਘ ਜੀ ਕਿਧਰ ਪਧਾਰ ਗਏ, ਤਦ ਪਸ਼ਚਾਤ ਸਾਨੂੰ ਉਹ ਅੱਜ ਤਾਈਂ ਨਹੀਂ ਮਿਲੇ। ਐਸਾ ਹੀ ਜਾਪਦਾ ਹੈ ਕਿ ਉਹ ਪਰਲੋਕ ਨੂੰ ਪਧਾਰ ਗਏ ਹੋਣਗੇ, ਨਹੀਂ ਤਾਂ ਜ਼ਰੂਰ ਮਿਲਦੇ। ਨਾ ਹੀ ਸਾਨੂੰ ਉਨ੍ਹਾਂ ਦੇ ਹੋਰ ਕਿਸੇ ਨਸਬ ਦਾ ਹੀ ਪਤਾ ਹੈ। ਬਸ ਕੇਵਲ ਉਪਰ ਅੰਕਰੀ ਯਾਦ ਹੀ ਸਾਡੇ ਸੀਨੇ ਅੰਦਰ ਉਕਰੀ ਰਹਿ ਗਈ ਹੈ। ਸੋ ਸਮਾਪਤੰ ਸੁਭਮ ਸਤ ਹੈ।

***'ਚਲਦਾ'***

**L L L L L L L**

# Book of Wisdom
# ਵਿਵੇਕ ਬੋਧ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਮਨ ਤੇ ਸਾਧਨਾ

ਜਿਸ ਤਰੀਕੇ ਨਾਲ ਇਕ ਸਾਧਕ ਦਾ ਵਿਕਾਸ ਹੁੰਦਾ ਹੈ, ਉਸ ਨੂੰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਉਹ ਉਸੇ ਤਰ੍ਹਾਂ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਇਸ ਸਾਰੀ ਵਿਧੀ ਨੂੰ ਸਾਧਨਾ ਕਹਿੰਦੇ ਹਨ। ਸਾਧਨਾ ਉਹ ਅਭਿਆਸ ਹੈ ਜਿਹੜਾ ਸਾਧਕ ਨੂੰ ਉਸ ਦੇ ਮੰਤਵ ਤਕ ਪਹੁੰਚਾ ਦਿੰਦਾ ਹੈ। ਸਾਡਾ ਆਦਰਸ਼ ਸਤਿ ਦੀ ਪ੍ਰਾਪਤੀ ਹੈ। ਅਸੀਂ ਵੱਧ ਤੋਂ ਵੱਧ ਆਪਣਾ ਵਿਕਾਸ ਕਰਨਾ ਹੈ ਤੇ ਆਪਣੇ ਅੰਦਰ ਸੁੱਤੀਆਂ ਸ਼ਕਤੀਆਂ ਨੂੰ ਜਗਾਉਣਾ ਹੈ, ਉਹ ਸ਼ਕਤੀਆਂ ਜਿਹੜੀਆਂ ਸਾਡੇ ਅੰਦਰ ਹਨ ਤੇ ਅਸੀਂ ਨਹੀਂ ਜਾਣਦੇ। ਇਹ ਕੇਵਲ ਸਾਧਨਾ ਰਾਹੀਂ ਹੀ ਹੋ ਸਕਦਾ ਹੈ। ਜੀਵਨ ਨੂੰ ਹੀ ਇਕ ਸਾਧਨਾ ਦਾ ਰੂਪ ਦੇਣਾ ਚਾਹੀਦਾ ਹੈ। ਅਸੀਂ ਆਪਣੇ ਆਦਰਸ਼ ਦੀ ਪ੍ਰਾਪਤੀ ਕਰ ਸਕਦੇ ਹਾਂ। ਜੇ ਮਨ, ਸਰੀਰ ਅਤੇ ਹੋਰ ਜੋ ਕੁਝ ਵੀ ਜਿਸਨੂੰ ਅਸੀਂ ਆਪਣਾ ਕਹਿੰਦੇ ਹਾਂ, ਉਸ ਨੂੰ ਸਾਧਨਾ ਬਣਾ ਲਈਏ ਤੇ ਆਪਣੇ ਮੰਤਵ ਦੀ ਪ੍ਰਾਪਤੀ ਲਈ ਇਕ ਸਾਧਨ ਬਣਾ ਲਈਏ। ਸਾਡਾ ਮੰਤਵ ਸ਼ਾਂਤੀ, ਨਿਰੋਲ ਅਨੰਦ, ਸਥਾਈ ਅਨੰਦ ਦੀ ਪ੍ਰਾਪਤੀ ਹੈ ਇਹ ਤਾਂ ਹੀ ਸੰਭਵ ਹੈ ਜਦੋਂ ਅਸੀਂ ਸਭ ਕੁਝ ਏਸ ਪਾਸੇ ਲਗਾ ਦੇਈਏ, ਚੰਗਾ ਮੰਦਾ, ਦੁਖ ਦਰਦ, ਖੁਸ਼ੀ ਸਭ ਕੁਝ ਸਾਧਨਾ ਵਲ ਲਗਾਉਣ ਨਾਲ ਹੀ ਸਥਾਈ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਜੀਵਨ ਦੇ ਹਾਲਾਤ ਤਾਂ ਅਸੀਂ ਆਪਣੇ ਅਨੁਸਾਰ ਹੀ ਢਾਲ ਸਕਦੇ ਹਾਂ ਪਰ ਨਿਰੰਤਰ ਸਾਧਨਾ ਕਰਨ ਨਾਲ ਅਸੀਂ ਇਹ ਜ਼ਰੂਰ ਜਾਣ ਲੈਂਦੇ ਹਾਂ ਕਿ ਜੋ ਕੁਝ ਵੀ ਸਾਡੇ ਵਿਰੁੱਧ ਹੋ ਰਿਹਾ ਹੈ ਜਾਂ ਸਾਨੂੰ ਚੰਗਾ ਨਹੀਂ ਲਗ ਰਿਹਾ, ਉਹ ਕੇਵਲ ਸਾਡੀ ਉਨਤੀ ਲਈ ਹੈ, ਸਾਡੇ ਆਤਮ ਮਾਰਗ ਦੇ ਵਿਕਾਸ ਲਈ ਹੀ ਹੈ। ਸਾਧਨਾ ਨਾਲ ਇਕਾਗਰਤਾ ਆਉਂਦੀ ਹੈ ਤੇ ਇਕਾਗਰਤਾ ਨਾਲ ਪ੍ਰਾਪਤੀ ਹੁੰਦੀ ਹੈ। ਜਦੋਂ ਸਾਧਕ ਨੂੰ ਇਕ ਵਾਰੀ ਪ੍ਰਾਪਤੀ ਦੀ ਲਗਨ ਲਗ ਜਾਂਦੀ ਹੈ, ਉਸ ਦੇ ਸਾਰੇ ਸ਼ੰਕੇ ਨਵਿਰਤ ਹੋ ਜਾਂਦੇ ਹਨ ਤੇ ਉਸ ਦਾ ਕਦੀ ਨਾ ਟੁੱਟਣ ਵਾਲਾ ਭਰੋਸਾ ਬਣ ਜਾਂਦਾ ਹੈ; ਸਾਧਨਾ ਤੋਂ ਬਿਨਾਂ, ਪ੍ਰਾਪਤੀ ਦੀ ਲਗਨ ਤੋਂ ਬਿਨਾਂ ਮਨ ਸਦਾ ਹੀ ਡੋਲਦਾ ਰਹਿੰਦਾ ਹੈ। ਜੋ ਕੁਝ ਵੀ ਗ੍ਰੰਥਾਂ ਵਿਚ ਲਿਖਿਆ ਹੈ ਜਾਂ ਜੋ ਕੁਝ ਵੀ ਮਹਾਂਪੁਰਖਾਂ ਦਾ ਕਹਿਣਾ ਹੈ ਉਸ ਉਤੇ ਵਿਸ਼ਵਾਸ਼ ਸਾਧਨਾ ਕਰਨ ਨਾਲ ਹੀ ਬੱਝਦਾ ਹੈ। ਉਸ ਭਰੋਸੇ ਦਾ ਕੀ ਫਾਇਦਾ ਜਿਹੜਾ ਜੀਵਨ ਭਰ ਤੁਹਾਡੇ ਜੀਵਨ ਦਾ ਮਾਰਗ ਦਰਸ਼ਨ ਨਹੀਂ ਕਰ ਸਕਦਾ। ਖੋਜ ਦੇ ਨਤੀਜਿਆਂ ਅਨੁਸਾਰ ਤੇ ਆਪਣੇ ਅਨੁਭਵ ਨਾਲ ਮੈਂ ਇਹ ਕਹਿ ਸਕਦਾ ਹਾਂ ਕਿ ਸਾਧਨਾ ਦਾ ਜੀਵਨ ਹੀ ਸਭ ਤੋਂ ਉਤਮ ਜੀਵਨ ਹੈ, ਸਾਧਨਾ ਦਾ ਅੰਤ ਹੀ ਜੀਵਨ ਦੀ ਪ੍ਰਾਪਤੀ ਹੈ, ਜੀਵਨ ਦੇ ਮੰਤਵ ਦੀ ਪ੍ਰਾਪਤੀ ਹੈ। ਅਸੀਂ ਇਸ ਕੰਢੇ ਤੇ ਖੜ੍ਹੇ ਹਾਂ, ਸਾਧਨਾ ਸਾਨੂੰ ਦੂਸਰੇ ਕੰਢੇ ਤੇ ਲੈ ਜਾਵੇਗੀ ਉਥੇ ਪਹੁੰਚਾ ਦੇਵੇਗੀ। ਕੋਈ ਵੀ ਕਾਰਜ ਜਦੋਂ ਅਸੀਂ ਆਰੰਭ ਕਰਦੇ ਹਾਂ ਸਾਨੂੰ ਉਸ ਦੀ ਪੂਰਤੀ ਲਈ ਸਾਧਨ ਵੀ ਚਾਹੀਦੇ ਹੁੰਦੇ ਹਨ ਤਾਂ ਜੋ ਅਸੀਂ ਉਸ ਨੂੰ ਨੇਪਰੇ ਚਾੜ੍ਹ ਸਕੀਏ। ਮਨੁੱਖ ਵਾਹਿਗੁਰੂ ਦੀ ਸਭ ਤੋਂ ਉਤਮ ਰਚਨਾ ਹੈ ਇਸ ਕੋਲ ਅਥਾਹ ਸ਼ਕਤੀਆਂ ਹਨ। ਫਰਕ ਕੇਵਲ ਇਹ ਹੈ ਕਿ ਦੂਸਰੇ ਜੀਵ ਆਪਣੀਆਂ ਸ਼ਕਤੀਆਂ ਨੂੰ ਵਰਤ ਨਹੀਂ ਸਕਦੇ। ਮਨੁੱਖ ਆਪਣੀਆਂ ਸ਼ਕਤੀਆਂ ਦੀ ਵਰਤੋਂ ਆਪਣੇ ਲਈ ਕਰ ਸਕਦਾ ਹੈ। ਮਨੁੱਖ ਦੇ ਸਾਧਨ ਬਹੁਤ ਮਹੱਤਵਪੂਰਨ ਹਨ।

ਸਾਧਨਾ ਲਈ ਸਭ ਤੋਂ ਪਹਿਲਾਂ ਸਾਧਕ ਦੀ ਰੁਚੀ ਹੋਣੀ ਚਾਹੀਦੀ ਹੈ। ਦੂਸਰੇ ਸੰਸਾਰਕ ਪਦਾਰਥਾਂ ਨਾਲ ਸਾਧਕ ਦਾ ਰਿਸ਼ਤਾ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਜੇ ਉਹ ਸਭ ਸਾਧਨਾ ਵਿਚ ਉਸ ਦੇ ਸਹਾਇਕ ਨਹੀਂ ਹੋ ਸਕਦਾ ਤਾਂ ਘੱਟੋ ਘੱਟ ਇਹ ਸੰਸਾਰਕ ਪਦਾਰਥ ਉਸ ਦੀ ਸਾਧਨਾ ਵਿਚ ਬਾਧਾ ਨਾ ਬਣਨ। ਇਹ ਪ੍ਰਾਪਤ ਕਰਨ ਲਈ ਸਾਧਕ ਨੂੰ ਚਾਹੀਦਾ ਹੈ ਕਿ ਜੇ ਉਹ ਆਪਣੇ ਲਈ ਨਿਯਮ ਬਣਾਏ ਤੇ ਫੇਰ ਕਦੀ ਵੀ ਉਨ੍ਹਾਂ ਦੀ ਉਲੰਘਨਾ ਨਾ ਕਰੇ। ਮਿਸਾਲ ਵਜੋਂ ਜੇ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਸੀਂ ਚੰਗੇ ਕਰਮ ਨਹੀਂ ਕਰ ਸਕਦੇ, ਤੁਸੀਂ ਪ੍ਰਮਾਤਮਾ ਦੀ ਭਗਤੀ ਨਹੀਂ ਕਰ ਸਕਦੇ, ਜਦੋਂ ਤੁਸੀਂ ਇਹ ਕਹੋਗੇ ਤਾਂ ਤੁਸੀਂ ਕਰ ਹੀ ਨਹੀਂ ਸਕੋਗੇ। ਪਰ ਜੇ ਤੁਸੀਂ ਇਹ ਨਿਯਮ ਬਣਾ ਲਓ ਕਿ ਤੁਸੀਂ ਕਦੇ ਝੂਠ ਨਹੀਂ ਬੋਲੋਗੇ, ਕਦੀ ਕੋਈ ਗਲਤ ਕੰਮ ਨਹੀਂ ਕਰੋਗੇ, ਜੋ ਗਿਆਨ ਤੁਹਾਨੂੰ ਹੈ ਜੋ ਪ੍ਰਾਪਤੀ ਤੁਹਾਨੂੰ ਹੈ, ਤੁਸੀਂ ਸਾਰੀਆਂ ਬੁਰਾਈਆਂ ਤੋਂ ਛੁਟਕਾਰਾ ਪਾ ਸਕਦੇ ਹੋ ਤੇ ਇਕ ਚੰਗੇ ਮਨੁੱਖ ਬਣ ਸਕਦੇ ਹੋ। ਸਾਧਨਾ ਕਰਨ ਲਈ ਤੁਹਾਨੂੰ ਸਾਰੀਆਂ ਕਮਜ਼ੋਰੀਆਂ ਛੱਡਣੀਆਂ ਚਾਹੀਦੀਆਂ ਹਨ ਤਾਂ ਹੀ ਤੁਹਾਡੇ ਅੰਦਰ ਵਧ ਤੋਂ ਵੱਧ ਸ਼ਕਤੀ ਆਏਗੀ। ਸਾਧਕ ਨੂੰ ਚਾਹੀਦਾ ਹੈ ਕਿ ਉਹ ਇਸ ਗੱਲ ਦਾ ਧਿਆਨ ਰੱਖੇ ਕਿ ਉਸ ਦੇ ਅੰਦਰ ਕਦੀ ਵੀ ਪਸ਼ੂ ਬਿਰਤੀ ਨਾ ਆਏ ਤਾਂ ਜੋ ਉਸ ਦੇ ਸਾਧਨਾ ਦੇ ਮਾਰਗ ਤੇ ਰੁਕਾਵਟ ਨਾ ਆ ਜਾਏ। ਸਭ ਤੋਂ ਪਹਿਲੀ ਡਿਊਟੀ ਇਹ ਹੈ ਕਿ ਸਾਧਕ ਆਪਣੇ ਅੰਦਰ ਮਾਨਵਤਾ ਦੇ ਗੁਣ ਵਿਕਸਿਤ ਕਰੇ, ਕਦੀ ਵੀ ਆਪਣੇ ਅੰਦਰ ਪਸ਼ੂਆਂ ਵਾਲਾ ਵਿਨਾਸ਼ਕਾਰੀ ਪੱਖ ਨਾ ਆਉਣ ਦੇਵੇ - ਨਾ ਦਿਲ ਵਿਚ, ਨਾ ਦਿਮਾਗ ਵਿਚ, ਨਾ ਸੋਚਣੀ ਵਿਚ, ਨਾ ਹੀ ਕਰਮ ਵਿਚ। ਪਵਿੱਤਰਤਾ ਤਾਂ ਹੀ ਆਉਂਦੀ ਹੈ ਜੇ ਝੂਠ ਤੋਂ ਦੂਰ ਰਹੋ, ਮਾੜੇ ਕੰਮਾਂ ਤੋਂ ਦੂਰ ਰਹੋ, ਹਰੇਕ ਬੁਰਾਈ ਤੋਂ ਦੂਰ ਰਹੋ। ਇਸ ਸਭ ਕੁਝ ਤੋਂ ਬਚਣ ਲਈ ਸਾਧਨਾ ਦੀ ਲੋੜ ਹੈ, ਸਾਧਨਾ ਕਰਕੇ ਅਸੀਂ ਮੁਕਤੀ ਦੇ ਸਿਖਰ ਤੇ ਪਹੁੰਚ ਜਾਂਦੇ ਹਾਂ। ਜਿਸ ਤਰ੍ਹਾਂ ਪਵਿੱਤਰਤਾ ਵਧਦੀ ਜਾਂਦੀ ਹੈ; ਸ਼ਕਤੀ ਵਧਦੀ ਜਾਂਦੀ ਹੈ, ਜਦੋਂ ਸ਼ਕਤੀ ਵਧ ਜਾਂਦੀ ਹੈ, ਗਿਆਨ ਦਾ ਪ੍ਰਕਾਸ਼ ਹੁੰਦਾ ਹੈ,

ਗਿਆਨ ਦੇ ਪ੍ਰਕਾਸ਼ ਨਾਲ ਰੱਬੀ ਅਨੰਦ ਪ੍ਰਾਪਤ ਹੁੰਦਾ ਹੈ।

ਸਾਧਕ ਨੂੰ ਆਪਣੇ ਮੰਤਵ ਤੋਂ ਨਿਖੇੜਨ ਵਾਲੀ ਚੀਜ਼ ਹੈ - ਅਪਵਿੱਤਰਤਾ, ਅਗਿਆਨ, ਮਨ ਦੀ ਖੋਟ, ਹਿਰਦੇ ਦੀ ਖੋਟ। ਸਾਧਨਾ ਦਾ ਆਦਰਸ਼ ਹੈ ਮਨ ਤੇ ਹਿਰਦੇ ਨੂੰ ਪਵਿੱਤਰ ਕਰਨਾ ਅਤੇ ਪ੍ਰਾਪਤੀ ਵਲ ਲੈ ਜਾਣਾ। ਗਿਆਨ ਦਾ ਚਾਨਣ ਕੇਵਲ ਪਵਿੱਤਰ ਹਿਰਦੇ, ਪਵਿੱਤਰ ਮਨ ਵਿਚ ਹੀ ਹੋ ਸਕਦਾ ਹੈ, ਪਵਿੱਤਰਤਾ ਲਈ ਸਾਧਨਾ ਦੇ ਕਈ ਤਰੀਕੇ ਹਨ। ਬਿਨਾਂ ਪਵਿੱਤਰਤਾ ਤੋਂ ਪ੍ਰਾਪਤੀ ਦੀ ਗੱਲ ਕੇਵਲ ਹਉਮੈ ਦਾ ਹੀ ਪ੍ਰਗਟਾਵਾ ਹੈ। ਨਿਰੰਤਰ ਪਵਿੱਤਰਤਾ ਦਾ ਅਭਿਆਸ ਕਰਨ ਨਾਲ ਹਉਮੈ ਹੌਲੀ ਹੌਲੀ ਮਰਨੀ ਸ਼ੁਰੂ ਹੋ ਜਾਂਦੀ ਹੈ ਤੇ ਫੇਰ ਇਕ ਸਮਾਂ ਉਹ ਆ ਜਾਂਦਾ ਹੈ ਜਦੋਂ ਹਉਮੈ ਜੀਵਨ ਵਿਚੋਂ ਖਤਮ ਹੋ ਜਾਂਦੀ ਹੈ।

ਜੀਵਨ ਦੇ ਤਿਕੋਨ ਵਿਚ ਜਦੋਂ ਅਸੀਂ ਇਕਸਾਰਤਾ ਲਿਆਉਣ ਦੀ ਗੱਲ ਕਰਦੇ ਹਾਂ ਤਾਂ ਸਭ ਤੋਂ ਮਹੱਤਵਪੂਰਨ ਕੋਨ ਅੰਤਹਕਰਨ ਦੀ ਹੈ। ਅੰਤਰ ਦੀ ਹੋਂਦ, ਜੋ ਕੁਝ ਵੀ ਅਸੀਂ ਇਸ ਸੰਸਾਰ ਵਿਚ ਕਰਦੇ ਹਾਂ ਉਹ ਪਹਿਲਾਂ ਸਾਡੇ ਵਿਚਾਰਾਂ ਵਿਚ ਆਉਂਦਾ ਹੈ। ਅੰਤਹਕਰਣ ਮਨੁੱਖ ਦਾ ਸੂਖਮ ਸੰਸਾਰ ਹੈ, ਜਿਹੜਾ ਵੀ ਸੂਖਮ ਸੰਸਾਰ ਦੇ ਤਰੀਕੇ ਤੋਂ ਜਾਣੂ ਹੋ ਜਾਂਦਾ ਹੈ, ਉਸ ਦੇ ਭੇਦਾਂ ਨੂੰ ਜਾਣ ਲੈਂਦਾ ਹੈ, ਉਹ ਅੰਦਰ ਬਾਹਰ ਦੋਨੋਂ ਤਰ੍ਹਾਂ ਦੇ ਜੀਵਨ ਤੇ ਕਾਬੂ ਪਾ ਲੈਂਦਾ ਹੈ ਤੇ ਉਹ ਐਸੀ ਪ੍ਰਾਪਤੀ ਕਰ ਲੈਂਦਾ ਹੈ ਜਿਸ ਲਈ ਉਹ ਇਸ ਸੰਸਾਰ ਵਿਚ ਆਇਆ ਹੈ।

ਪੂਰਬ ਅਤੇ ਪੱਛਮ ਦੇ ਪਾਵਨ ਗ੍ਰੰਥਾਂ ਵਿਚ ਅੰਤਹਕਰਣ ਬਾਰੇ ਦੱਸਿਆ ਗਿਆ ਹੈ, ਅੰਦਰ ਦੀ ਹੋਂਦ ਦੇ ਬਾਰੇ ਦੱਸਿਆ ਗਿਆ ਹੈ, ਬੜੇ ਹੀ ਵਿਸਤਾਰ ਨਾਲ ਦੱਸਿਆ ਗਿਆ ਹੈ। ਪੱਛਮ ਦੀ ਫਿਲੌਸਫੀ ਵਿਚ ਸਾਧਨਾ ਦੀ ਕਮੀ ਹੋਣ ਕਰਕੇ ਇਸ ਦਾ ਵਿਸ਼ਲੇਸ਼ਨ ਨਹੀਂ ਕੀਤਾ ਗਿਆ। ਸਾਡੇ ਰਿਸ਼ੀਆਂ ਮੁਨੀਆਂ ਨੇ ਆਪਣੇ ਅਨੁਭਵ ਨਾਲ ਬਹੁਤ ਹੀ ਸੋਹਣੀ ਵਿਆਖਿਆ ਕੀਤੀ ਹੈ। ਉਪਨਿਸ਼ਦ ਤੇ ਹੋਰ ਗਿਆਨ ਪੁਸਤਕਾਂ ਨੇ ਮਨ ਦੇ ਵੱਖ ਵੱਖ ਪੱਖਾਂ ਬਾਰੇ ਦੱਸਿਆ ਹੈ ਤੇ ਇਸ ਨੂੰ ਕਾਬੂ ਕਰਨ ਬਾਰੇ ਦੱਸਿਆ ਹੈ। ਯੋਗ ਵਿਚ ਮਨ ਤੇ ਕਾਬੂ ਪਾਉਣਾ, ਸਾਧਨਾ ਕਰਨੀ, ਬੁੱਧੀ ਤੇ ਹਉਮੈ ਤੇ ਕਾਬੂ ਪਾਉਣਾ ਤੇ ਚੇਤਨਤਾ ਨਾਲ ਇਕ ਇਸ ਦੇ ਵੱਖ-ਵੱਖ ਗੁਣ ਗਾਉਣੇ ਬੜੇ ਹੀ ਵਿਗਿਆਨਕ ਤਰੀਕੇ ਨਾਲ ਦੱਸੇ ਹਨ। ਅੰਤਹਕਰਨ ਤੋਂ ਭਾਵ ਹੈ ਉਹ ਜਿਹੜਾ ਅੰਦਰ ਕੰਮ ਕਰਦਾ ਹੈ। ਜਿਵੇਂ ਸਾਡੀਆਂ ਪੰਜ ਇੰਦ੍ਰੀਆਂ ਹਨ ਜਿਹੜੀਆਂ ਸਾਨੂੰ ਪ੍ਰਤੱਖ ਗਿਆਨ ਦਿੰਦੀਆਂ ਹਨ, ਜੋ ਬਾਹਰ ਦੇ ਸਮੁੱਚੇ ਦਾ ਗਿਆਨ ਦਿੰਦੀਆਂ ਹਨ, ਇਸੇ ਤਰ੍ਹਾਂ ਅੰਦਰ ਦੇ ਸੂਖਮ ਕਾਰਜ ਹਨ। ਅੰਤਸ਼ਕਰਨ ਦੇ ਚਾਰ ਅੰਗ ਹਨ - ਮਨ, ਬੁੱਧੀ, ਚਿੱਤ ਤੇ ਹਉਮੈ। ਮਨ ਪ੍ਰਸ਼ਨ ਕਰਦਾ ਹੈ, ਅਸੀਂ ਕੀ ਕਰੀਏ, ਕੀ ਨਾ ਕਰੀਏ, ਸ਼ੰਕੇ ਪੈਦਾ ਕਰਨੇ, ਬੁੱਧੀ ਨਾਲ ਅਸੀਂ ਵਰਗੀਕਰਨ ਕਰਦੇ ਹਾਂ, ਨਿਰਣਾ ਕਰਦੇ ਹਾਂ ਕਿ ਕੀ ਠੀਕ ਹੈ; ਚਿੱਤ ਅਰਧ ਚੇਤਨਤਾ ਨਾਲ ਭਰਪੂਰ ਹੈ, ਉਸ ਵਿਚ ਉਹ ਸੰਸਕਾਰ ਹਨ ਜਿਹੜੇ ਪਿਛਲੇ ਅਨੁਭਵ ਤੋਂ ਆਏ ਹਨ, ਇਹ ਸੰਸਕਾਰ ਉਦੋਂ ਅੱਗੇ ਆਉਂਦੇ ਹਨ ਜਦੋਂ ਅਸੀਂ ਕੁਝ ਸੋਚ ਵਿਚਾਰ ਕਰਦੇ ਹਾਂ, ਜਦੋਂ ਅਸੀਂ ਕੋਈ ਪ੍ਰਤਿੱਗਿਆ ਕਰਦੇ ਹਾਂ ਜਾਂ ਕੋਈ ਫੈਸਲਿਆਂ ਦਾ ਵਿਰੋਧ ਕਰਦੇ ਹਾਂ; ਹਉਮੈ ਉਹ ਤੱਤ ਹੈ ਜਿਹੜਾ ਸਾਨੂੰ ਮੈਂ ਦਾ ਭਾਵ ਦਿੰਦਾ ਹੈ, ਮੈਂ ਨੂੰ ਅੰਦਰ ਜਾਗਰਣ ਕਰਦਾ ਹੈ, ਮੈਂ ਤੇ ਮੇਰੀ ਦੀ ਭਾਵਨਾ।

ਮਨ ਇਸ ਸਰੀਰ ਦਾ ਮਾਲਕ ਹੈ। ਸਰੀਰ ਦਾ ਕੰਮ ਹੈ ਮਨ ਦੇ ਹੁਕਮ ਨੂੰ ਇੰਦ੍ਰੀਆਂ ਰਾਹੀਂ ਪ੍ਰਗਟ ਕਰਨਾ। ਮਨ ਉਹ ਜੰਤਰ ਹੈ ਜਿਸ ਤੋਂ ਬਿਨਾਂ ਸਾਧਨਾ ਹੋ ਹੀ ਨਹੀਂ ਸਕਦੀ। ਸਾਰੀ ਸਾਧਨਾ ਦਾ ਧੇਅ ਹੈ - ਮਨ ਦੀ ਪਵਿੱਤਰਤਾ, ਇਕਾਗਰਤਾ। ਮਨ ਦੀ ਪਵਿੱਤਰਤਾ ਤੇ ਮਨ ਦੀ ਇਕਾਗਰਤਾ ਪ੍ਰਮਾਤਮਾ ਦੀਆਂ ਅਤਿ ਉਤਮ ਬਖਸ਼ਿਸ਼ਾਂ ਹਨ, ਉਹ ਬਖਸ਼ਿਸ਼ਾਂ ਜਿਨ੍ਹਾਂ ਦੀ ਕੋਈ ਕੀਮਤ ਹੀ ਨਹੀਂ। ਇਨ੍ਹਾਂ ਦੀ ਸਹਾਇਤਾ ਨਾਲ ਹੀ ਮਨੁੱਖ ਸੰਸਾਰ ਦੀਆਂ ਖੁਸ਼ੀਆਂ ਮਾਣਦਾ ਹੈ। ਜੇ ਮਨ ਦੀਆਂ ਸ਼ਕਤੀਆਂ ਚੰਗੀ ਤਰ੍ਹਾਂ ਵਰਤੀਆਂ ਜਾਣ, ਸੰਜਮ ਤੇ ਇਕਾਗਰਤਾ ਨਾਲ ਵਰਤੀਆਂ ਜਾਣ ਤਾਂ ਮਨੁੱਖ ਆਤਮ ਸਾਧਨਾ ਪ੍ਰਾਪਤ ਕਰ ਲੈਂਦਾ ਹੈ। ਇਹੋ ਹੀ ਮਨ, ਜੇ ਇਸ ਨੂੰ ਸਾਧਿਆ ਨਾ ਜਾਵੇ, ਮਨੁੱਖ ਨੂੰ ਖਾਲੀਪਨ ਦੇ ਕੰਡੇ ਤੇ ਲੈ ਜਾ ਕੇ ਤਬਾਹੀ ਦੀ ਗਹਿਰੀ ਡੂੰਘਾਈ ਤਕ ਪਹੁੰਚਾ ਦਿੰਦਾ ਹੈ। ਮਨ ਜੀਵਨ ਦਾ ਸਾਰਥੀ ਹੈ ਇਸ ਦੇ ਰਾਹੀਂ ਹੀ ਸਾਰੀਆਂ ਗਿਆਨ ਇੰਦ੍ਰੀਆਂ ਆਪਣਾ ਕਾਰਜ ਕਰਦੀਆਂ ਹਨ। ਮਨ ਤੋਂ ਵੱਡਾ ਮਿੱਤਰ ਕੋਈ ਨਹੀਂ, ਮਨ ਤੋਂ ਵੱਡਾ ਦੁਸ਼ਮਨ ਕੋਈ ਨਹੀਂ। ਸਾਰੇ ਕਰਮਕਾਂਡ, ਸਾਰੇ ਮਜ਼ਹਬ, ਸਾਰੀ ਸਾਧਨਾ ਕੇਵਲ ਇਸ ਮਨ ਨੂੰ ਪਵਿੱਤਰ ਕਰਨ ਲਈ ਹੀ ਕੀਤੀ ਜਾਂਦੀ ਹੈ। ਮਨ ਜਿਹੜਾ ਅੰਦਰ ਵਸਦਾ ਹੈ, ਸਾਧੂ, ਮਹਾਤਮਾ, ਯੋਗੀ ਇਸ ਮਨ ਨੂੰ ਕਾਬੂ ਕਰਕੇ ਬਹੁਤ ਹੀ ਡੂੰਘੀ ਸੰਤੁਸ਼ਟੀ ਤੇ ਸੰਤੋਖ ਦਾ ਅਨੁਭਵ ਕਰਦੇ ਹਨ, ਇਹ ਸਭ ਕੁਝ ਉਹ ਮਨ ਦੀ ਪਵਿੱਤਰਤਾ ਤੇ ਇਕਾਗਰਤਾ ਤੋਂ ਹੀ ਪ੍ਰਾਪਤ ਕਰਦੇ ਹਨ। ਮਨ ਇਕ ਉਹ ਭਾਂਡਾ ਹੈ ਜਿਸ ਵਿਚ ਚੰਗੇ ਮੰਦੇ ਵਿਚਾਰਾਂ ਦਾ ਮਿਲਗੋਬਾ ਪਿਆ ਹੈ। ਧਿਆਨ ਲਗਾ ਕੇ ਇਕਾਗਰ ਹੋ ਕੇ ਇਸ ਮਨ ਨੂੰ ਚੰਗੇ ਮੰਦੇ ਵਿਚਾਰਾਂ ਤੋਂ ਛੁਟਕਾਰਾ ਮਿਲਦਾ ਹੈ ਇਸ ਲਈ ਲਗਾਤਾਰ ਅਭਿਆਸ ਦੀ ਲੋੜ ਹੈ। ਇਕ ਬਿੰਦੂ ਤੇ ਮਨ ਨੂੰ ਤਾਂ ਹੀ ਲਗਾਇਆ ਜਾ ਸਕਦਾ ਹੈ ਜਦੋਂ ਉਸ ਦਾ ਸਾਰਾ ਸੁਭਾਅ ਹੀ ਸਾਧਨਾ ਵਾਲਾ ਹੋ ਜਾਵੇ, ਸੁਭਾਅ ਵਿਚ ਸਾਧਨਾ ਆ ਜਾਵੇ। ਸਾਨੂੰ ਸਾਧਨਾ ਦੀ ਮਹੱਤਤਾ ਸਮਝਣੀ ਚਾਹੀਦੀ ਹੈ। ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਸਾਧਨਾ ਤੋਂ ਬਿਨਾਂ ਕੋਈ ਚਾਰਾ ਨਹੀਂ, ਉਸ ਤੋਂ ਬਿਨਾਂ ਜੀਵਨ ਬੋਝ ਹੈ, ਜੀਵਨ ਨੀਰਸ ਹੈ। ਆਤਮਾ ਤਾਂ ਮਨ ਤੋਂ ਕਿਤੇ ਡੂੰਘੀ ਹੈ। ਮਨ ਤਾਂ ਇਕ ਜੰਤਰ ਹੈ, ਸਾਨੂੰ ਮਨ ਨਾਲ ਘੋਲ ਨਹੀਂ ਕਰਨਾ ਚਾਹੀਦਾ, ਸਾਨੂੰ ਸੂਝ ਨਾਲ, ਨਰਮਾਈ ਨਾਲ, ਕਰੁਣਾ ਨਾਲ ਮਨ ਤੇ ਕਾਬੂ ਪਾਉਣਾ ਚਾਹੀਦਾ ਹੈ। ਜਿਹੜੇ ਮਨ ਨੂੰ ਦਬਾਉਣ ਵਿਚ ਵਿਸ਼ਵਾਸ਼ ਰਖਦੇ ਹਨ ਉਨ੍ਹਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਮਨ ਨੂੰ ਦਬਾ ਕੇ ਕਾਬੂ ਨਹੀਂ ਕੀਤਾ ਜਾ ਸਕਦਾ। ਮਨ ਕਾਬੂ ਕੀਤਾ ਜਾ ਸਕਦਾ ਹੈ, ਚੰਗੀ ਤਰ੍ਹਾਂ ਸਮਝ ਕੇ, ਪਵਿੱਤਰਤਾ ਤੇ ਨਿਮਰਤਾ ਦੇ ਨਿਯਮਾਂ ਦੀ ਪਾਲਨਾ ਕਰਕੇ ਤੇ ਆਤਮ ਮਾਰਗ ਤੇ ਚਲ ਕੇ ਅਤੇ ਇਨ੍ਹਾਂ ਦਾ ਨਿਰੰਤਰ ਅਭਿਆਸ ਕਰਕੇ।

## ਮਨ ਦੀ ਇਕਾਗਰਤਾ

ਮਨ ਦੀ ਇਕਾਗਰਤਾ ਪ੍ਰਾਪਤ ਕਰਨ ਲਈ ਵਿਧੀ ਪੂਰਵਕ ਸਿਮਰਨ, ਧਿਆਨ ਦੀ ਲੋੜ ਹੈ। ਧਿਆਨ, ਸਿਮਰਨ ਦੇ ਦੋ ਤਰੀਕੇ ਹਨ। ਇਕ ਤਰੀਕਾ ਤਾਂ ਹੈ ਕਿ ਇੰਦ੍ਰੀਆਂ ਤੋਂ ਮਨ ਨੂੰ ਬਿਲਕੁਲ ਮੁਕਤ ਕੀਤਾ ਜਾਵੇ, ਇੰਦ੍ਰੀਆਂ ਦੀ ਭੁੱਖ ਕੱਢ ਦਿਤੀ ਜਾਵੇ, ਮਨ ਨੂੰ ਸਾਰੀਆਂ ਵਸਤੂਆਂ ਤੋਂ ਰਹਿਤ ਕੀਤਾ ਜਾਵੇ; ਦੂਸਰਾ ਹੈ ਕਿ ਮਨ ਨੂੰ ਸਭ ਪਾਸਿਆਂ ਤੋਂ ਖਿੱਚ ਲਿਆ ਜਾਵੇ ਤੇ ਇਕ ਬਿੰਦੂ ਤੇ ਹੀ ਇਕਾਗਰ ਕੀਤਾ ਜਾਵੇ। ਦੋਨਾਂ ਵਿਚੋਂ ਪਹਿਲਾ ਤਰੀਕਾ ਵਧੇਰੇ ਵਿਗਿਆਨਕ ਹੈ ਤੇ ਚੰਗਾ ਹੈ। ਦੂਸਰਾ ਤਰੀਕਾ ਬਹੁਤ ਉਤਮ ਨਹੀਂ ਲਗਦਾ। ਜਦੋਂ ਮਨ ਕਿਸੇ ਵਸਤੂ ਤੇ ਇਕਾਗਰ ਕਰੀਦਾ ਹੈ ਤਾਂ ਉਹ ਉਸ ਵਸਤੂ ਦਾ ਸੁਭਾਅ ਵੀ ਲੈ ਲੈਂਦਾ ਹੈ, ਉਸ ਦੇ ਗੁਣਾਂ ਨਾਲ ਇਕ ਹੋ ਜਾਂਦਾ ਹੈ। ਇਸ ਕਰਕੇ ਸਾਧਕ ਨੂੰ ਅਭਿਆਸ ਦਾ ਉਹ ਤਰੀਕਾ ਅਪਨਾਉਣਾ ਚਾਹੀਦਾ ਹੈ ਜਿਸ ਨਾਲ ਉਸ ਨੂੰ ਆਤਮ ਮਾਰਗ ਤੇ ਚੱਲਣ ਦਾ ਅਨੁਭਵ ਹੋਵੇ। ਜਦੋਂ ਤਕ ਇਹ ਨਾ ਹੋਵੇ, ਸਾਧਕ ਆਪਣੀ ਸਾਧਨਾ ਵਿਚ ਸਫਲ ਨਹੀਂ ਹੋ ਸਕਦਾ ਤੇ ਸਾਧਨਾ ਸਫਲਤਾ ਨਾਲ ਨਹੀਂ ਕਰ ਸਕਦਾ। ਮਨ ਨੂੰ ਇਕਾਗਰ ਕਰਨ ਦੇ ਤਰੀਕੇ ਜਿਹੜੇ ਅੱਜਕਲ੍ਹ ਵਰਤੇ ਜਾਂਦੇ ਹਨ ਉਹ ਬੜੇ ਆਮ ਤਰੀਕੇ ਹਨ ਭਾਵ ਮੂਰਤੀ ਤੇ ਇਕਾਗਰ ਕਰਨਾ, ਇਸ਼ਟ ਤੇ ਇਕਾਗਰ ਕਰਨਾ, ਗੁਰੂ ਦੀ ਮੂਰਤ ਅੱਗੇ ਰੱਖ ਕੇ ਇਕਾਗਰ ਕਰਨਾ। ਭਾਵੇਂ ਗੁਰੂ ਹੀ ਸਾਧਨਾ ਤੇ ਚਲਾਉਂਦਾ ਹੈ, ਉਹ ਹੀ ਮਾਰਗ ਦਰਸ਼ਕ ਹੈ, ਫੇਰ ਵੀ ਗੁਰੂ ਦੇ ਬਚਨ ਵਧੇਰੇ ਪੂਜਨੀਯ ਹਨ, ਗੁਰੂ ਦੀ ਮੂਰਤ ਤੋਂ ਉਚੇ ਹਨ ਪਰ ਉਸ ਦੀ ਕਮਾਈ ਕੀਤੀ ਜਾਵੇ ਤਾਂ। ਗੁਰੂ ਦਾ ਤੱਤ, ਗੁਰੂ ਸਾਰ, ਗੁਰੂ ਦੀ ਸਰੀਰਕ ਹੋਂਦ ਤੋਂ ਵਖਰੀ ਵਸਤੂ ਹੈ। ਮੂਰਤੀ ਤੇ ਧਿਆਨ ਲਾਉਣਾ, ਇਸ਼ਟ ਜਾਂ ਗੁਰੂ ਦੀ ਮੂਰਤ ਅੱਗੇ ਰੱਖਣ ਨਾਲ ਬਾਅਦ ਵਿਚ ਕਈ ਵਿਘਨ ਵੀ ਆ ਸਕਦੇ ਹਨ। ਧਿਆਨ ਲਗਾਉਣ ਤੋਂ ਭਾਵ ਹੈ ਮਨ ਨੂੰ ਵਾਸ਼ਨਾ ਤੋਂ ਰਹਿਤ ਕਰਨਾ ਤੇ ਮਨ ਨੂੰ ਇਕਾਗਰ ਕਰਨਾ। ਜੇ ਮਨ ਇਕਾਗਰ ਹੋ ਵੀ ਗਿਆ ਹੈ ਪਰ ਵਾਸ਼ਨਾਵਾਂ ਤੋਂ ਰਹਿਤ ਨਹੀਂ ਹੋਇਆ, ਆਤਮ ਸਾਧਨਾ ਹੋ ਹੀ ਨਹੀਂ ਸਕਦੀ। ਇਸ ਤੋਂ ਵਿਪਰੀਤ ਮਨ ਨੂੰ ਇਕਾਗਰ ਕਰਕੇ ਜੋ ਸ਼ਕਤੀ ਪ੍ਰਾਪਤੀ ਹੁੰਦੀ ਹੈ ਉਹ ਭੋਗਾਂ ਵਿਚ ਖਪਤ ਹੋਣ ਲਗ ਪੈਂਦੀ ਹੈ।

ਬਚਪਨ ਤੋਂ ਹੀ ਸਾਨੂੰ ਸਿਖਾਇਆ ਜਾਂਦਾ ਹੈ ਕਿ ਮਨ ਇਕਾਗਰ ਕਰੋ। ਜੋ ਕਾਰਜ ਕਰੋ ਮਨ ਨੂੰ ਇਕਾਗਰ ਕਰਕੇ ਹੀ ਕਰੋ, ਪਰ ਨਾਲ ਦੀ ਨਾਲ ਇਹ ਨਹੀਂ ਦੱਸਿਆ ਜਾਂਦਾ ਕਿ ਮਨ ਨੂੰ ਇੰਦ੍ਰੀਆਂ ਵਿਚੋਂ ਕੱਢਿਆ ਜਾਵੇ, ਨਾ ਹੀ ਮਨ ਨੂੰ ਵਿਚਾਰ ਰਹਿਤ, ਚਿੰਤਾ ਰਹਿਤ ਕਰਨਾ ਸਿਖਾਇਆ ਜਾਂਦਾ ਹੈ। ਇਹ ਸਾਰਾ ਕੁਝ ਇਸ ਤਰ੍ਹਾਂ ਹੀ ਲਗਦਾ ਹੈ ਜਿਵੇਂ ਸਾਨੂੰ ਇਹ ਤਾਂ ਪਤਾ ਹੋਵੇ ਕਿ ਮੋਟਰ ਸਾਈਕਲ ਕਿਵੇਂ ਚਲਾਉਣਾ ਹੈ, ਕਿਵੇਂ ਅੱਗੇ ਲੈ ਕੇ ਜਾਣਾ ਹੈ ਪਰ ਉਸ ਨੂੰ ਕਿਵੇਂ ਰੋਕਣਾ ਹੈ, ਇਹ ਸਾਨੂੰ ਨਹੀਂ ਪਤਾ।

ਬਹੁਤ ਸਾਰੇ ਪ੍ਰਤੱਖ, ਅਪ੍ਰਤੱਖ ਗੁਣ, ਵਿਸ਼ੇਸ਼ਤਾ, ਸਾਡੇ ਸਿੱਖੇ ਹੋਏ ਗੁਣ, ਪ੍ਰਵਿਰਤੀਆਂ ਤੇ ਹੋਰ ਲਾਲਸਾਵਾਂ ਸਾਡੇ ਮਨ ਦਾ ਬਾਧਾ ਬਣਦੀਆਂ ਹਨ। ਮਨ ਵਿਚ ਇਹ ਸਭ ਕੁਝ ਪਿਆ ਰਹਿੰਦਾ ਹੈ। ਜੇ ਕਿਸੇ ਤਰ੍ਹਾਂ ਅਸੀਂ ਮਨ ਨੂੰ ਇਨ੍ਹਾਂ ਸਭ ਚੀਜ਼ਾਂ ਤੋਂ ਖਾਲੀ ਕਰ ਸਕੀਏ, ਅਸੀਂ ਵਧੇਰੇ ਸ਼ਾਂਤ ਹੋ ਸਕਾਂਗੇ, ਵਧੇਰੇ ਸ਼ਾਂਤੀ ਪ੍ਰਾਪਤ ਕਰ ਸਕਾਂਗੇ। ਜਦੋਂ ਮਨ ਸਾਰੇ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ, ਸਾਰੀਆਂ ਲਾਲਸਾਵਾਂ ਤੋਂ ਰਹਿਤ ਹੋ ਜਾਂਦਾ ਹੈ, ਮਨ ਪੂਰਨ ਅਨੰਦ ਵਿਚ ਹੋ ਜਾਂਦਾ ਹੈ, ਫੇਰ ਕੋਈ ਸਾਧਕ ਸਾਧਨ ਤੋਂ ਬਿਨਾਂ ਨਹੀਂ ਰਹਿ ਸਕਦਾ। ਥੋੜ੍ਹੀ ਜਿਹੀ ਸਾਧਨਾ ਕਰਕੇ ਮਨ ਐਨਾ ਅਨੰਦ ਪ੍ਰਾਪਤ ਕਰ ਲੈਂਦਾ ਹੈ ਜਿਹੜਾ ਉਸ ਨੂੰ ਇੰਦ੍ਰੀਆਂ ਦੇ ਭੋਗ ਤੋਂ ਕਦੀ ਵੀ ਨਾ ਆਇਆ ਹੋਵੇ। ਸਾਧਕ ਦਾ ਸਭ ਤੋਂ ਵੱਡਾ ਕੰਮ ਹੈ ਵਿਚਾਰਾਂ ਤੋਂ ਮੁਕਤ ਹੋਣਾ। ਵਿਚਾਰਾਂ ਤੋਂ ਮੁਕਤ ਹੋਇਆ ਮਨ ਇਕ ਉਸ ਸ਼ੀਸ਼ੇ ਦੀ ਤਰ੍ਹਾਂ ਹੋ ਜਾਂਦਾ ਹੈ ਜਿਹੜਾ ਅੰਦਰ ਦਾ ਅਨੰਦ ਦਰਸਾਉਣ ਲਗ ਪੈਂਦਾ ਹੈ, ਇਕ ਸੁਤੰਤਰ ਮਨ ਅੰਦਰ ਦੇ ਗਿਆਨ ਦਾ ਸੂਚਕ ਤੇ ਸ਼ਕਤੀ ਭਰਪੂਰ ਹੋ ਜਾਂਦਾ ਹੈ। ਬੰਸਰੀ ਵਿਚੋਂ ਮਧੁਰ ਅਵਾਜ਼ ਕਿਉਂ ਨਿਕਲਦੀ ਹੈ? ਕਿਉਂਕਿ ਬੰਸਰੀ ਪੂਰੀ ਤਰ੍ਹਾਂ ਖਾਲੀ ਹੈ, ਖੋਖਲੀ ਹੈ, ਅਸੀਂ ਕਿਉਂ ਆਪਣੇ ਮਨਾ ਨੂੰ ਕ੍ਰਿਸ਼ਨ ਜੀ ਦੇ ਗੀਤ ਜਾਂ ਹੋਰ ਰੱਬੀ ਸੰਦੇਸ਼ ਸੁਣਨ ਲਈ ਤਿਆਰ ਨਹੀਂ ਕਰ ਸਕਦੇ?

## ਮਨ ਨੂੰ ਵਿਚਾਰ ਰਹਿਤ ਕਿਵੇਂ ਬਣਾਈਏ?

ਜੇ ਇਕ ਜੱਗ ਗੰਦੇ ਪਾਣੀ ਨਾਲ ਭਰਿਆ ਹੋਵੇ, ਜੇ ਅਸੀਂ ਉਸ ਨੂੰ ਸਾਫ ਪਾਣੀ ਨਾਲ ਭਰਨਾ ਹੋਵੇ ਤਾਂ ਪਹਿਲਾਂ ਸਾਨੂੰ ਉਹ ਜੱਗ ਖਾਲੀ ਕਰਨਾ ਪਵੇਗਾ। ਖਾਲੀ ਕਰਨ ਤੋਂ ਬਾਅਦ ਵੀ ਉਸਨੂੰ ਕੁਝ ਲਾਗ ਲੱਗੀ ਰਹਿ ਜਾਂਦੀ ਹੈ ਤੇ ਹਵਾ ਵੀ ਹੁੰਦੀ ਹੈ, ਹਵਾ ਕੱਢਣ ਲਈ ਜੱਗ ਨੂੰ ਤਾਜ਼ੇ ਪਾਣੀ ਨਾਲ ਭਰਨਾ ਪੈਂਦਾ ਹੈ, ਪਰ ਪਹਿਲਾਂ ਪੂਰੀ ਤਰ੍ਹਾਂ ਜੱਗ ਨੂੰ ਸਾਫ ਕਰਕੇ ਹੀ ਸਾਫ ਪਾਣੀ ਭਰਿਆ ਜਾਏਗਾ। ਬਿਲਕੁਲ ਇਹੋ ਹਾਲ ਹੈ ਮਨ ਦਾ। ਜੇ ਮਨ ਸਾਰੀਆਂ ਲਾਲਸਾਵਾਂ ਤੋਂ ਮੁਕਤ ਹੋ ਵੀ ਜਾਵੇ ਤਾਂ ਵੀ ਇਸ ਨੂੰ ਭੋਗਾਂ ਦੀ ਲਾਲਸਾ ਥੋੜ੍ਹੀ ਬਹੁਤੀ ਲੱਗੀ ਹੀ ਰਹਿੰਦੀ ਹੈ। ਜਿਵੇਂ ਭਾਂਡਾ ਖਾਲੀ ਹੋ ਵੀ ਜਾਵੇ, ਉਸ ਵਿਚ ਹਵਾ ਭਰੀ ਰਹਿੰਦੀ ਹੈ। ਬਹੁਤ ਔਖਾ ਹੈ ਕਿ ਮਨ ਸੂਖਮ ਪ੍ਰਵਿਰਤੀਆਂ ਤੇ ਸੰਸਕਾਰਾਂ ਤੋਂ ਛੁਟਕਾਰਾ ਪਾ ਲਵੇ। ਜਦੋਂ ਮਨ ਸਮੱਸਤ ਇਛਾਵਾਂ ਤੋਂ ਰਹਿਤ ਹੋ ਜਾਂਦਾ ਹੈ ਉਸ ਤੋਂ ਬਾਅਦ ਸੂਖਮ ਪ੍ਰਵਿਰਤੀਆਂ ਆ ਜਾਂਦੀਆਂ ਹਨ। ਮਨ ਨੂੰ ਪੂਰੀ ਤਰ੍ਹਾਂ ਲਾਲਸਾਵਾਂ ਤੋਂ ਛੁਟਕਾਰਾ ਪੁਆਉਣ ਲਈ ਸਾਧਕ ਨੂੰ ਚਾਹੀਦਾ ਹੈ ਕਿ ਮਨ ਨੂੰ ਸਦਾ ਅਨੰਦ ਵਿਚ ਰੱਖੇ, ਆਪਣੇ ਪ੍ਰਾਪਤੀ ਦੇ ਆਦਰਸ਼ ਦੀ ਜੋਤ ਨੂੰ ਸਦਾ ਜਗਦੀ ਰੱਖੇ।

ਕੁਝ ਕੁ ਮੁਢਲੇ ਨਿਯਮ ਸਾਧਕ ਲਈ ਹੇਠ ਲਿਖੇ ਜਾਂਦੇ ਹਨ –

1. ਇਕ ਨਿਸ਼ਚਿਤ ਸਮੇਂ ਅੰਮ੍ਰਿਤ ਵੇਲੇ ਤੇ ਸ਼ਾਮ ਨੂੰ ਸਾਧਕ ਨੂੰ ਚਾਹੀਦਾ ਹੈ ਕਿ ਉਹ ਰੋਜ਼ ਬੈਠੇ, ਚੁੱਪ ਕਰਕੇ ਬੈਠੇ; ਇਹੋ ਜਿਹੀ ਜਗ੍ਹਾ ਬੈਠੇ ਜਿਥੇ ਸ਼ਾਂਤੀ ਹੋਵੇ। ਜਿੰਨੀ ਇਕੱਲੀ ਥਾਂ ਹੋਵੇਗੀ, ਪਵਿੱਤਰਤਾ ਹੋਵੇਗੀ, ਸ਼ਾਂਤੀ ਹੋਵੇਗੀ, ਇਕਾਂਤ ਹੋਵੇਗਾ, ਓਨੀ ਹੀ ਵੱਧ ਇਕਾਗਰਤਾ ਹੋਵੇਗੀ।

2. ਕੋਈ ਆਸਨ, ਕੋਈ ਵੀ ਬੈਠਣ ਦਾ ਤਰੀਕਾ ਜਿਹੜਾ ਤੁਹਾਨੂੰ ਆਰਾਮ ਦੇਹ ਲੱਗੇ, ਉਹ ਹੀ ਰੋਜ਼ ਵਰਤਣਾ ਚਾਹੀਦਾ ਹੈ, ਉਸ ਤਰ੍ਹਾਂ ਹੀ ਬੈਠਣਾ ਚਾਹੀਦਾ ਹੈ ਤੇ ਜਿਸ ਤਰ੍ਹਾਂ ਅਸੀਂ ਉਪਰ ਦਸ ਆਏ ਹਾਂ ਇਕੋ ਹੀ ਨਿਸ਼ਚਿਤ ਸਮੇਂ ਤੇ ਬੈਠਣਾ ਚਾਹੀਦਾ ਹੈ।

3. ਜਿਸ ਜਗ੍ਹਾ ਬੈਠੋ ਉਹ ਆਰਾਮ ਦੇਹ ਹੋਵੇ; ਜ਼ਮੀਨ ਤੇ ਨਹੀਂ ਬੈਠਣਾ, ਸਖਤ ਚੀਜ਼ ਤੇ ਨਹੀਂ ਬੈਠਣਾ। ਜੇ ਚੌਂਕੜੀ ਮਾਰ ਕੇ ਬੈਠਦੇ ਹੋ, ਕੋਈ ਗੱਦੀ ਦੀ ਵਰਤੋਂ ਕਰ ਸਕਦੇ ਹੋ, ਕੰਬਲ ਮੋੜ ਕੇ ਰੱਖ ਸਕਦੇ ਹੋ, ਨਹੀਂ ਤਾਂ ਉਸ ਕੁਰਸੀ ਤੇ ਬੈਠ ਸਕਦੇ ਹੋ ਜਿਸ ਦੀ ਪਿੱਠ ਸਿੱਧੀ ਹੋਵੇ।

4. ਸਿਰ, ਗਰਦਨ, ਧੜ ਸਾਰੇ ਇਕ ਲਾਈਨ ਵਿਚ ਸਿੱਧੇ ਹੋਣ।

5. ਮੂਲ ਦੁਆਰ ਨੂੰ ਬੰਦ ਕਰਕੇ ਬੈਠੋ। ਧਿਆਨ ਲਗਾਉਣ ਸਮੇਂ ਏਵੇਂ ਹੀ ਰੱਖੋ।

6. ਸ਼ਾਂਤੀ ਨਾਲ, ਹੌਲੀ ਹੌਲੀ ਸਮਾਨ ਹੋ ਕੇ ਸਾਧਕ ਨੂੰ ਅੰਦਰ ਦਾ ਸ੍ਵਾਸ ਬਾਹਰ ਕੱਢਣਾ ਚਾਹੀਦਾ ਹੈ। ਸ੍ਵਾਸ ਅੰਦਰ ਬਾਹਰ ਕਰਨ ਵਿਚ ਕੋਈ ਝਟਕਾ ਨਹੀਂ ਲਗਣਾ ਚਾਹੀਦਾ, ਕੋਈ ਆਵਾਜ਼ ਨਹੀਂ ਆਉਣੀ ਚਾਹੀਦੀ। ਸਰੀਰ ਨਿਸਲ ਰਹਿਣਾ ਚਾਹੀਦਾ ਹੈ ਤੇ ਸਰੀਰ ਵਿਚ ਕੋਈ ਗਤੀ ਨਹੀਂ ਹੋਣੀ ਚਾਹੀਦੀ।

7. ਅੱਖਾਂ ਦੀਆਂ ਪਲਕਾਂ ਤੇ ਭਾਰ ਨਹੀਂ ਪੈਣਾ ਚਾਹੀਦਾ, ਕੋਈ ਖਿੱਚ ਨਹੀਂ ਪੈਣੀ ਚਾਹੀਦੀ, ਅੱਖਾਂ ਤੇ ਕਿਸੇ ਕਿਸਮ ਦਾ ਪ੍ਰਭਾਵ ਨਹੀਂ ਪਾਉਣਾ ਚਾਹੀਦਾ।

8. ਨਿਸ਼ਚਿਤ ਸਮੇਂ ਤੇ ਹੀ ਅਭਿਆਸ ਕਰਨਾ ਚਾਹੀਦਾ ਹੈ, ਨਿਸ਼ਚਿਤ ਜਗ੍ਹਾ ਤੇ ਇਕਾਗਰ ਹੋਣ ਦਾ ਇਕ ਹੀ ਤਰੀਕਾ ਵਰਤਣਾ ਚਾਹੀਦਾ ਹੈ। ਤਰੀਕੇ ਦੀ ਚੋਣ ਪਹਿਲੇ ਹੀ ਸੋਚ ਵਿਚਾਰ ਕੇ ਕਰਨੀ ਚਾਹੀਦੀ ਹੈ ਤਾਂ ਜੋ ਪਿਛੋਂ ਬਦਲਣਾ ਨਾ ਪਵੇ।

9. ਪਹਿਲਾਂ ਫੈਸਲਾ ਇਹ ਕਰਨਾ ਚਾਹੀਦਾ ਹੈ ਕਿ ਬਾਹਰ ਦਾ ਕੋਈ ਵਿਚਾਰ ਨਹੀਂ ਆਉਣ ਦਿਤਾ ਜਾਵੇਗਾ, ਦੂਸਰਾ ਇਹ ਹੋਣਾ ਚਾਹੀਦਾ ਹੈ ਕਿ ਮਨ ਦੀ ਸਾਰੀ ਗਤੀ ਖਤਮ ਕੀਤੀ ਜਾਵੇ, ਮਨ ਨੂੰ ਕਿਸੇ ਪਾਸੇ ਵੀ ਨਾ ਜਾਣ ਦਿਤਾ ਜਾਵੇ, ਕੋਈ ਵਿਚਾਰ ਨਾ ਆਉਣ ਦਿਤਾ ਜਾਵੇ, ਕਿਸੇ ਵਸਤੂ ਵਲ ਨਾ ਜਾਏ। ਇਸ ਤਰ੍ਹਾਂ ਕਰਨ ਤੋਂ ਉਪਰੰਤ ਇਸ ਅਭਿਆਸ ਤੋਂ ਬਾਅਦ 'ਓਮ' ਜਾਂ ਕਿਸੇ ਹੋਰ ਮੰਤਰ ਨੂੰ ਦੁਹਰਾਉਣਾ ਚਾਹੀਦਾ ਹੈ ਇਸ ਨਾਲ ਮਨ ਅਨੰਦਿਤ ਹੋ ਜਾਂਦਾ ਹੈ, ਮਨ ਨੂੰ ਬਾਰ ਬਾਰ ਮੰਤਰ ਦੇ ਅਰਥਾਂ ਅਤੇ ਮੰਤਰ ਦੇ ਤੱਤ ਤੇ ਇਕਾਗਰ ਕਰਨਾ ਚਾਹੀਦਾ ਹੈ। ਕਈ ਮੰਤਰ ਠੀਕ ਨਹੀਂ ਹੁੰਦੇ; ਜਾਂ ਤਾਂ ਉਹ ਬਹੁਤ ਕਠਿਨ ਹੁੰਦੇ ਹਨ, ਉਨ੍ਹਾਂ ਨਾਲ ਸ੍ਵਾਸ ਹੀ ਉਖੜ ਜਾਂਦੇ ਹਨ ਜਾਂ ਸਾਧਕ ਉਨ੍ਹਾਂ ਦੇ ਅਰਥ ਹੀ ਨਹੀਂ ਸਮਝ ਸਕਦਾ।

10. ਬਿਨਾਂ ਅਰਥ ਸਮਝੇ ਮੰਤਰ ਨਹੀਂ ਜਪਣਾ ਚਾਹੀਦਾ, ਮੰਤਰ ਜਪਣ ਤੋਂ ਪਹਿਲਾਂ ਸਾਧਕ ਨੂੰ ਮੰਤਰ ਦਾ ਅਰਥ ਪੂਰੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਤੇ ਉਸ ਦੀ ਮਹੱਤਤਾ ਜਾਣ ਲੈਣੀ ਚਾਹੀਦੀ ਹੈ। ਮੰਤਰ ਦਾ ਜਾਪ ਅਰਥ ਅਤੇ ਭਾਵਨਾ ਨਾਲ ਕਰਨਾ ਚਾਹੀਦਾ ਹੈ, ਤੋਤੇ ਦੀ ਤਰ੍ਹਾਂ ਜਪਣ ਦਾ ਕੋਈ ਬਹੁਤਾ ਲਾਭ ਨਹੀਂ।

11. ਮਾਲਾ ਨਾਲ ਮੰਤਰ ਜਪਣਾ, ਜੀਭਾ ਨਾਲ ਮੰਤਰ ਜਾਪਣਾ ਬਿਲਕੁਲ ਮੁਢਲੀ ਸਾਧਨਾ ਹੈ, ਕੇਵਲ ਕੁਝ ਮਾਲਾ ਕਰ ਲੈਣੀਆਂ ਹੀ ਕਾਫੀ ਨਹੀਂ। ਜਪ ਤੋਂ, ਮੰਤਰ ਜਪਣ ਤੋਂ ਭਾਵ ਹੈ ਮਨ ਨੂੰ ਉਚੇਰੀ ਅਵਸਥਾ ਤੇ ਪਹੁੰਚਾਇਆ ਜਾਵੇ, ਸਾਧਨਾ ਸਮਾਧੀ ਵਿਚ ਲਗਾਇਆ ਜਾਵੇ।

12. ਅੰਤ ਵਿਚ ਮੰਤਰ ਜੀਵਨ ਦਾ ਇਕ ਹਿੱਸਾ ਬਣ ਜਾਂਦਾ ਹੈ ਜੋ ਤੁਹਾਨੂੰ ਹਰ ਥਾਂ ਸੁਚੇਤ ਕਰਦਾ ਹੈ। ਮੰਤਰ ਦਾ ਅਰਥ, ਮੰਤਰ ਦੀ ਭਾਵਨਾ, ਮੰਤਰ ਹਰ ਸ੍ਵਾਸ ਨਾਲ ਮਿਲਾ ਲੈਣਾ ਜ਼ਰੂਰੀ ਹੈ, ਕੋਈ ਵੀ ਸ੍ਵਾਸ ਖਾਲੀ ਨਾ ਜਾਵੇ, ਸ੍ਵਾਸ ਅੰਦਰ ਜਾਵੇ ਤਾਂ ਵੀ ਮੰਤਰ ਨਾਲ, ਸ੍ਵਾਸ ਬਾਹਰ ਆਵੇ ਤਾਂ ਵੀ ਮੰਤਰ ਨਾਲ। ਸਾਧਕ ਭਾਵੇਂ ਕਿਸੇ ਹਾਲਤ ਵਿਚ ਕਿਉਂ ਨਾ ਹੋਵੇ ਉਸ ਨੂੰ ਇਸ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ। ਜਿਵੇਂ ਮਨ ਇਕ ਬਿੰਦੂ ਤੇ ਇਕਾਗਰ ਹੋਣ ਲਗ ਪੈਂਦਾ ਹੈ ਤੇ ਧਿਆਨ ਲਗਣ ਲਗ ਪੈਂਦਾ ਹੈ, ਸਾਧਨਾ ਰੌਚਕ ਬਣ ਜਾਂਦੀ ਹੈ। ਫੇਰ ਜਦੋਂ ਜਪ ਕਰਦਿਆਂ ਇਸ ਅਵਸਥਾ ਤੇ ਪਹੁੰਚ ਜਾਂਦੇ ਹੋ, ਤੁਰਦੇ ਫਿਰਦੇ ਜਪ ਕਰਦੇ ਹੋ, ਕੰਮ ਕਾਰਜ ਕਰਦੇ ਜਪ ਕਰਦੇ ਹੋ, ਸੰਸਾਰ ਵਿਚ ਵਿਚਰਦੇ ਜਪ ਕਰਦੇ ਹੋ, ਉਸ ਨੂੰ ਸਾਧਨਾ ਕਹਿੰਦੇ ਹਨ।

13. ਹੌਲੀ ਹੌਲੀ ਅਭਿਆਸ ਵਧਾਉਣਾ ਚਾਹੀਦਾ ਹੈ ਪਰ ਸਰੀਰ ਤੇ ਮਨ ਥੱਕਣੇ ਨਹੀਂ ਚਾਹੀਦੇ।

14. ਬਾਹਰਲੇ ਜੀਵਨ ਵਿਚ ਜਿਹੜੀਆਂ ਗੱਲਾਂ ਇਸ ਮਾਰਗ ਦੇ ਅਨੁਕੂਲ ਨਹੀਂ, ਜਿਹੜੀਆਂ ਇਸ ਮਾਰਗ ਦੀ ਤਰੱਕੀ ਤੇ ਨਹੀਂ ਲੈ ਜਾ ਸਕਦੀਆਂ, ਉਹ ਆਪਣੇ ਆਪ ਦਿਸਣ ਲਗ ਪੈਂਦੀਆਂ ਹਨ ਤੇ ਉਹ ਛੱਡ ਦੇਣੀਆਂ ਚਾਹੀਦੀਆਂ ਹਨ। ਸ਼ਕਤੀ ਨੂੰ ਬੇਅਰਥ ਨਹੀਂ ਜਾਣ ਦੇਣਾ ਚਾਹੀਦਾ, ਵਿਘਨ ਅਤੇ ਵਿਘਨਾਂ ਦੇ ਕਾਰਣ ਧਿਆਨ ਨਾਲ ਦੇਖਣੇ ਚਾਹੀਦੇ ਹਨ ਤੇ ਉਨ੍ਹਾਂ ਨੂੰ ਪਾਸੇ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਵਿਘਨ ਦੂਰ ਕਰਨ ਲਈ ਸੱਚੇ ਦਿਲੋਂ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਚਾਈ, ਦ੍ਰਿੜ੍ਹ ਵਿਸ਼ਵਾਸ਼, ਸੁਹਿਰਦਤਾ ਤੇ ਇਕ ਤੇ ਭਰੋਸਾ, ਇਹ ਬਹੁਤ ਸਹਾਈ ਹੁੰਦੇ ਹਨ।

15. ਸ਼ਰਧਾਹੀਨ ਅਸ਼ੁਧ ਵਿਚਾਰਾਂ ਨੂੰ ਦਿਲ ਦਿਮਾਗ ਵਿਚੋਂ ਕੱਢ ਕੇ ਮਨ ਨੂੰ ਪਵਿੱਤਰ ਕੀਤਾ ਜਾ ਸਕਦਾ ਹੈ। ਇਕ ਪਵਿੱਤਰ ਮਨ, ਇਕ ਪਾਸੇ ਲੱਗਿਆ ਹੋਇਆ ਮਨ ਹੀ ਇਕਾਗਰਤਾ ਦੇ ਫੁੱਲ ਦੀ ਖੁਸ਼ਬੂ ਦੇ ਸਕਦਾ ਹੈ। ਜਦੋਂ ਮਨ ਇਕ ਪਾਸੇ ਲਗ ਜਾਂਦਾ ਹੈ, ਸਥਿਰ ਹੋ ਜਾਂਦਾ ਹੈ, ਸ਼ਾਂਤੀ ਦਾ ਅਨੁਭਵ ਹੋਣ ਲਗ ਪੈਂਦਾ ਹੈ – ਅੰਦਰ ਵੀ ਬਾਹਰ ਵੀ, ਇਹ ਅਨੁਭਵ ਹੀ ਭਰੋਸੇ ਦੀ ਨੀਂਹ ਹੈ।

(ਬਾਕੀ ਪੰਨਾ 63 ਤੇ)

### ਆਤਮ ਮਾਰਗ ਸਪਿਰਚੂਅਲ, ਸਾਇੰਟਿਫਿਕ, ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਬਾਨੀ ਤੇ ਮੁਖੀ ਸੰਤ ਵਰਿਆਮ ਸਿੰਘ ਜੀ ਵਲੋਂ

## ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ।

### ਪੰਜਾਬੀ

| | |
|---|---|
| 1. ਸੁਰਤਿ ਸਬਦਿ ਮਾਰਗ | ਭੇਟਾ 50/- |
| 2. ਕਿਵ ਕੂੜੈ ਤੁਟੈ ਪਾਲਿ | ਭੇਟਾ 50/- |
| 3. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 155/- |
| 4. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 30/- |
| 5. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 60/- |
| 6. ਕਿਵ ਸਚਿਆਰਾ ਹੋਈਐ - ਭਾਗ ਤੀਜਾ | ਭੇਟਾ 80/- |
| 7. ਹੋਵੈ ਅਨੰਦੁ ਘਣਾ | ਭੇਟਾ 25/- |
| 8. ਚਉਥੈ ਪਹਰਿ ਸਬਾਹ ਕੈ | ਭੇਟਾ 55/- |
| 9. ਸੁਰਤਿਆਂ ਉਪਜੈ ਚਾਉ | ਭੇਟਾ 40/- |
| 10. ਬਾਬਾਣੀਆਂ ਕਹਾਣੀਆਂ | ਭੇਟਾ 50/- |
| 11. ਅਗੰਮ ਅਗੋਚਰ ਦਾ ਮਾਰਗ | ਭੇਟਾ 60/- |
| 12. ਅਮਰ ਗਾਥਾ | |
| 13. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 14. ਅਮਰ ਜੋਤਾਂ | ਭੇਟਾ 15/- |
| 15. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 15. ਅੰਮ੍ਰਿਤ ਫੁਹਾਰ | ਭੇਟਾ 10/- |

ਉਪਰੋਕਤ ਪੁਸਤਕਾਂ ਦੀਵਾਨ ਸਮੇਂ ਸਟਾਲ ਤੋਂ, ਜਾਂ ਹਰ ਰੋਜ਼ ਦਫਤਰ 'ਆਤਮ ਮਾਰਗ' ਅਤੇ 'ਰਤਵਾੜਾ ਸਾਹਿਬ' ਤੋਂ ਨਕਦ ਭੇਟਾ ਦੇ ਕੇ ਲੈ ਸਕਦੇ ਹੋ ਜਾਂ M.O./ Bank Draft ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਥੋੜ੍ਹੀਆਂ ਪੁਸਤਕਾਂ ਲੈਣ ਲਈ 25/- ਅਤੇ ਸਾਰਾ ਸੈਟ ਲੈਣ ਲਈ 50/- ਰੁ: ਡਾਕ ਖਰਚ ਵੀ ਭੇਜਣ ਦੀ ਕ੍ਰਿਪਾਲਤਾ ਕਰੋ ਜੀ।


**-: ਮਿਲਣ ਦਾ ਪਤਾ : -**

**ਆਤਮ ਮਾਰਗ ਸਪਿਰਚੂਅਲ, ਸਾਇੰਟਿਫਿਕ, ਐਜੂਕੇਸ਼ਨਲ ਚੈਰੀਟੇਬਲ ਟਰੱਸਟ**

(ਪਬਲੀਕੇਸ਼ਨ ਬਰਾਂਚ)

ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ

ਡਾਕ : ਮੁਲਾਂਪੁਰ ਗਰੀਬਦਾਸ

ਜ਼ਿਲਾ - ਰੋਪੜ 140901

ਫੋਨ ਨੰ: Code | Local - 918 / STD - 01888 | 39218, 39517


### ਹਿੰਦੀ

| | |
|---|---|
| 1. ਕਿਵ ਕੂੜੈ ਤੁਟੈ ਪਾਲਿ | ਭੇਟਾ 35/- |
| 2. ਬਾਤ ਅਗੰਮ ਕੀ - ਸੱਤ ਭਾਗਾਂ ਵਿਚ | ਭੇਟਾ 235/- |
| 3. ਕਿਵ ਸਚਿਆਰਾ ਹੋਈਐ - ਭਾਗ ਪਹਿਲਾ | ਭੇਟਾ 35/- |
| 4. ਕਿਵ ਸਚਿਆਰਾ ਹੋਈਐ - ਭਾਗ ਦੂਜਾ | ਭੇਟਾ 65/- |
| 5. ਸੁਰਤਿਆ ਉਪਜੈ ਚਾਉ ॥ | ਭੇਟਾ 45/- |
| 6. ਹੋਵੈ ਅਨੰਦੁ ਘਣਾ | ਭੇਟਾ 30/- |
| 7. ਸੁਰਤਿ ਸਬਦਿ ਮਾਰਗ | ਭੇਟਾ 70/- |
| 8. ਅਮਰ ਜੋਤਾਂ | ਭੇਟਾ 15/- |
| 9. ਬਾਬਾਣੀਆਂ ਕਹਾਣੀਆਂ | ਭੇਟਾ 50/- |
| 10. ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | ਭੇਟਾ 10/- |
| 11. ਅੰਮ੍ਰਿਤ ਫੁਹਾਰ | ਭੇਟਾ 10/- |
| 12. ਅਗੰਮ ਅਗੋਚਰ ਦਾ ਮਾਰਗ | ਭੇਟਾ 70/- |
| 13. ਪੁਰਾਤਨ ਟੀਕਾ - ਜਪੁਜੀ ਸਾਹਿਬ | ਭੇਟਾ 10/- |
| 14. ਚਉਥੈ ਪਹਰਿ ਸਬਾਹ ਕੈ | ਭੇਟਾ 60/- |
| 15. ਅਮਰ ਗਾਥਾ | |

### English

| | |
|---|---|
| 1. BAISAKHI | Rs. 5/- |
| 2. HOW REND THE VEIL OF UNTRUTH | Rs. 70/- US$ 10 |
| 3. DISCOURSES ON THE BEYOND (Part I) | Rs 50/- US$ 5 |
| 4. DISCOURSES ON THE BEYOND (Part II) | Rs. 50/- US$ 5 £ 3 |
| 5. THE WAY TO THE IMPERCEPTIBLE | RS. 80/- US$ 10 |
| 6. The Lights Immortal | Rs. 20/- US$ 2 £ 1 |
| 7. Transcendental Bliss | Rs. 70/- US$ 10 £ 5 |
| 8. The Dawn of Khalsa Ideals | RS. 10/- US$ 2 £ 1 |
| 9. How to know Thy Real Self (Part I) | RS. 70/- US$ 10 |
| 10. How to Know Thy Real Self (Part-3 Vol-I) | |
| 11. How to Know Thy Real Self (Part-3 Vol-II) | |

## ਜ਼ਰੂਰੀ ਬੇਨਤੀਆਂ

1. ਪੱਤਰ ਵਿਵਹਾਰ ਦੀ ਸੁਵਿਧਾ ਲਈ ਮੈਂਬਰਸ਼ਿਪ ਨੰਬਰ ਜ਼ਰੂਰ ਲਿਖੋ ਜੋ ਕਿ ਲਿਫਾਫੇ ਉਤੇ ਲਿਖੇ ਐਡਰੈਸ ਦੇ ਸ਼ੁਰੂ ਵਿਚ ਦਿਤਾ ਹੁੰਦਾ ਹੈ।
2. ਰਿਨੂਅਲ ਦਾ ਚੰਦਾ ਭੇਜਣ ਸਮੇਂ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਰੀਕ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ।
3. Out station (ਬਾਹਰਲੇ ਸ਼ਹਿਰਾਂ) ਤੋਂ ਚੈਕ ਦੁਆਰਾ ਚੰਦਾ ਭੇਜਦੇ ਸਮੇਂ ਚੈਕ ਕੈਸ਼ ਕਰਨ ਦਾ ਖਰਚਾ ਪਾ ਕੇ ਕੁਲ 220/- ਰੁਪਏ ਦਾ ਚੈਕ ਭੇਜਿਆ ਜਾਵੇ।
4. ਮਨੀਆਰਡਰ ਉਪਰ ਆਪਣਾ ਪਤਾ ਅਤੇ 'ਆਤਮ ਮਾਰਗ' ਦਾ ਪੂਰਾ ਪਤਾ ਮੋਟੇ ਅੱਖਰਾਂ ਵਿਚ ਸਪਸ਼ਟ ਕਰਕੇ ਲਿਖੋ - 'ਆਤਮ ਮਾਰਗ' ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ, ਡਾਕ : ਮੁਲਾਂਪੁਰ ਗਰੀਬਦਾਸ (ਨੇੜੇ ਚੰਡੀਗੜ੍ਹ), ਜ਼ਿਲਾ - ਰੋਪੜ 140901,
5. 'ਆਤਮ ਮਾਰਗ' ਮੈਗਜ਼ੀਨ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪੋਸਟ ਕਰ ਦਿਤਾ ਜਾਂਦਾ ਹੈ ਪਰ ਕਈ ਵਾਰ ਇਹ ਪਾਠਕਾਂ ਤਕ ਪੁਜਦਾ ਹੀ ਨਹੀਂ ਜਾਂ ਲੇਟ ਪੁਜਦਾ ਹੈ। ਇਸ ਸੂਰਤ ਵਿਚ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ।
6. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਪੂਰਾ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰੇ।
7. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

**For more information**

**please visit us on internet at :-**

**http://www.atammarg.org**

**&**

**http://www.atammarg.com**

(ਪੰਨਾ 61 ਦੀ ਬਾਕੀ)

ਇਕਾਗਰਤਾ ਤੇ ਮਨ ਦਾ ਕੰਟਰੋਲ ਜੀਵਨ ਵਿਚ ਹਰੇਕ ਕੰਮ ਕਰਨ ਲਈ ਜ਼ਰੂਰੀ ਹਨ। ਸੰਸਾਰਕ ਕੰਮ ਕਰਦੇ ਹੋਏ, ਰੋਜ਼ ਦੀਆਂ ਡਿਊਟੀਆਂ ਕਰਦੇ ਹੋਏ ਮਨ ਦੀ ਇਕਾਗਰਤਾ ਦੀ ਬਹੁਤ ਹੀ ਲੋੜ ਹੈ। ਹਰੇਕ ਸਮਝਦਾਰ ਮਨੁੱਖ, ਮਨ ਵਿਕਸਿਤ ਕਰਨ ਲਈ, ਮਨ ਨੂੰ ਇਕਾਗਰ ਕਰਨ ਲਈ ਸਾਧਨਾ ਦਾ ਤਰੀਕਾ ਅਪਣਾਉਂਦਾ ਹੀ ਹੈ। ਵਿਮੁੱਖਤਾ, ਆਲਸ, ਗਿਆਨ ਦੇ ਪ੍ਰਕਾਸ਼ ਵਿਚ ਬਹੁਤ ਵੱਡਾ ਬਾਧਾ ਹਨ, ਸਾਧਨਾ ਵਿਚ ਬਹੁਤ ਹੀ ਤਰੱਕੀ ਹੁੰਦੀ ਹੈ ਜੇ ਤੁਹਾਡਾ ਜੀਵਨ ਨਿਯਮਬੱਧ ਹੋਵੇ, ਖਾਣਾ ਪੀਣਾ ਤੇ ਭੋਗ ਬਿਲਾਸ ਤੇ ਸੰਜਮ ਹੋਵੇ। ਸਾਡੇ ਵਿਚਾਰ ਮਹਾਂਪੁਰਸ਼ਾਂ ਦੀ ਸੰਗਤ ਕਰਕੇ ਦ੍ਰਿੜ੍ਹ ਹੁੰਦੇ ਹਨ, ਚੰਗੇ ਗ੍ਰੰਥ ਪੜ੍ਹ ਕੇ ਦ੍ਰਿੜ੍ਹ ਹੁੰਦੇ ਹਨ, ਇਸ ਤਰ੍ਹਾਂ ਕਰਕੇ ਹੀ ਸਾਧਨਾ ਦੀ ਵੇਲ ਵਧਦੀ ਫੁਲਦੀ ਹੈ। ਅਣਥੱਕ ਮਿਹਨਤ, ਬਿਨ੍ਹਾਂ ਰੁਕੇ ਆਤਮ ਮਾਰਗ ਤੇ ਤੁਰਦੇ ਰਹਿਣਾ ਹੀ ਜੀਵਨ ਦੀ ਸ਼ਾਨ, ਜੀਵਨ ਦਾ ਗੌਰਵ ਹੈ। ਸੰਸਾਰ ਤੇ ਸਭ ਕੁਝ ਸੰਭਵ ਹੈ ਜੇ ਤੁਸੀਂ ਲਗਨ ਨਾਲ ਸੱਚਾ ਅਭਿਆਸ ਕਰੋ, ਅਭਿਆਸ ਨਾਲ ਅਸੀਂ ਆਪਾ ਜਗਾ ਸਕਦੇ ਹਾਂ, ਉਹ ਆਪਾ ਜਿਹੜਾ ਅਸੀਂ ਭੁੱਲੇ ਪਏ ਹਾਂ ਜਿਹੜਾ ਸਾਡੇ ਅੰਦਰ ਦੱਬਿਆ ਪਿਆ ਹੈ ਉਸ ਨੂੰ ਬਾਹਰ ਕੱਢ ਕੇ ਅਸੀਂ ਅਨੰਦ ਮਾਣ ਸਕਦੇ ਹਾਂ, ਜੀਵਨ ਦੇ ਹਰ ਖੇਤਰ ਵਿਚ ਅਸੀਂ ਖੁਸ਼ ਹੋ ਸਕਦੇ ਹਾਂ। ਸਾਧਨਾ ਭਰਪੂਰ ਜੀਵਨ ਹੀ ਵਾਸਤਵਿਕ ਜੀਵਨ ਹੈ।

**LLLLLLL**

### ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - - 5, 12, 19, 26 ਮਾਰਚ, ਰਤਵਾੜਾ ਸਾਹਿਬ, ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ

**ਪੂਰਨਮਾਸ਼ੀ** - 20 ਮਾਰਚ, ਦਿਨ ਸੋਮਵਾਰ ਰਤਵਾੜਾ ਸਾਹਿਬ। (ਸਮਾਂ - ਦੁਪਹਿਰ 12.00 ਵਜੇ ਤੋਂ ਸ਼ਾਮ 4.00 ਵਜੇ ਤਕ)

**ਸੰਗਰਾਂਦ** - 14 ਮਾਰਚ, ਦਿਨ ਮੰਗਲਵਾਰ, ਰਤਵਾੜਾ ਸਾਹਿਬ (ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ** - 6 ਮਾਰਚ, ਦਿਨ ਸੋਮਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ - ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** - 25 ਮਾਰਚ, ਡੇਰਾ ਹਿਰਦਾਪੁਰ ਚੰਗਰ, ਜ਼ਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

# ਆਤਮ ਮਾਰਗ ਦੇ ਲਾਈਫ–ਮੈਂਬਰ ਜਿਨ੍ਹਾਂ ਨੇ ਸਤਿਗੁਰੂ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਪ੍ਰਸੰਨਤਾ ਪ੍ਰਾਪਤ ਕੀਤੀ ਅਤੇ ਆਤਮ ਮਾਰਗ ਦੀ ਨਿਰੰਤਰਤਾ ਵਿਚ ਯੋਗਦਾਨ ਪਾਇਆ (ਪੰਜਵੀਂ ਕਿਸ਼ਤ)

ML. 437- **JAGDISH SINGH BRAR**
LUDHIANA

ML. 438 - **TEJINDER MALHOTRA**
# 1058, PHASE-5, MOHALI

ML. 439- **HIRA SINGH**
RAJPURA TOWN
DISTT. PATIALA

ML. 440- **CHARANJIT SINGH**
RAJPURA, DISTT PATIALA

ML. 441- **AMRIK SINGH**
H.NO. 2136, SEC 44-C, CHD.

ML. 442- **GURNAM SINGH**
H.NO. 139, PHASE-6
MOHALI

ML. 443- **KAMALJIT KAUR**
SHRI GANGA NAGAR

ML. 444- **RASHPAL SINGH**
SCF 36, PH-3B2, MOHALI

ML.445- **DAVINDER SINGH**
H.NO. 482, SEC 11
PANCHKULA

ML.446- **PARAMJIT KAUR**
H.NO. 3106/1
SEC 41-D, CHD.

ML. 447- **HARJIT KAUR**
H.NO. 1744, PH-7
MOHALI

ML. 448- **JASMER SINGH**
MIG-1401/6, PH-11
MOHALI

ML.449- **KULWANT SINGH**
MIG-1336/12, PH-11
MOHALI

ML.450- **GURSEWAK SINGH**
H.NO. 3141, SEC 46-D, CHD.

ML.451- **DARSHAN SINGH**
H.NO. 351, PH-2, MOHALI

ML.452- **RAM SINGH**
MIG-1336/10, PH-11, MOHALI

ML. 453- **SURJIT SINGH**
H.NO. 261, SEC 46-A, CHD.

ML.454-**KAMAL NAIN SINGH**
H NO. 125, SEC 46-A, CHD.

ML. 455- **SHADI SINGH**
H.NO. 3334, SEC 45-D, CHD.

ML.456- **SADHU SINGH**
H.NO. 219, SEC 7-A, CHD.

ML.457- **SUNDER SINGH**
VPO. HARPALPUR
DISTT. PATIALA

ML.458- **MALKEET SINGH**
VPO. HARPALPUR
DISTT. PATIALA

ML. 459- **BALWINDER SINGH**
VPO. HARPALPUR
DISTT. PATIALA

ML.460- **AMRIK SINGH**
VPO. HARPALPUR
DISTT. PATIALA

ML.461- **KIRPAL SINGH**
VILL. KUTHAKHERI
DISTT. PATIALA

ML.462- **LAVKUP SINGH**
H.NO. 22, RAJPURA
DISTT. PATIALA

ML. 463- **AVTAR SINGH**
VILL. KUTHA KHERI
DISTT. PATIALA

ML.464- **GURMEL SINGH**
VILL. KUTHA KHERI
DISTT. PATIALA

ML. 465- **INDER SINGH**
VILL. KHANPUR BHOGLAN
DISTT. PATIALA

ML. 466- **JIT SINGH**
VILL.HARPALPUR
DISTT. PATIALA

ML. 467- **PIARA SINGH**
VPO.KHANT
DISTT. FATEHGARH SAHIB

ML.468- **GURMUKH SINGH**
VILL. LOHGARH
DISTT. PUNCHKULA

ML.469- **SUKHDEV SINGH**
VPO. KUMBHRA
DISTT. ROPAR

ML.470- **MALKEET SINGH**
VPO. SOHIAN
DISTT. LUDHIANA

ML.471- **RANJIT SINGH KHALSA**
BALACHOUR
DISTT. NAWAN SHAHR

ML. 472- **JASWANT SINGH**
# 1140, SEC 34-C, CHD.

ML. 473- **NIRMALJIT SINGH**
H.NO 3010, SEC 38-D, CHD.

ML.474- **JOGINDER SINGH CHANAI**
# 162, SEC-16, CHD.

ML.475- **AMRIK SINGH**
VPO. AJITWAL
TEH&DISTT. MOGA

ML. 476- **HARPAL SINGH**
H.NO. 305, MUNDI KHARAR
DISTT. ROPAR

ML. 477- **PAL SINGH**
VILL.BADWALI
DISTT.ROPAR

ML. 478- **GURMEL KAUR**
KHARAR

ML. 479- **DARSHAN SINGH**
CHAMKAUR SAHIB

ML.480- **LABH SINGH MASTER**
PO&TEH. RAJPURA
DISTT. PATIALA

ML.481- **BALDEV SINGH SAHNI**
RAJPURA TOWN
DISTT. PATIALA

ML.482- **JOGINDER SINGH GIANI**
# 15-D, GOBIND COLONY
RAJPURA, DISTT. PATIALA

ML.483- **HAJURA SINGH**
VILL. DHAMOLI
DISTT. PATIALA

ML.484- **MANJIT SINGH**
VILL. SALEMPUR
DISTT. PATIALA

ML. 485- **BHUPINDER SINGH**
RAJPURA TOWN

ML. 486- **BANT SINGH**
VILL. KHANPUR BHOGLAN
DISTT. PATIALA

ML.487- **GURMEET SINGH FOUJI**
VILL.KHANPUR RELLU
DISTT. PATIALA

ML.488- **RAUNAK SINGH**
GULAB NAGAR, RAJPURA TOWN
DISTT. PATIALA

ML. 489- **M.P PURI**
RAJPURA

ML. 490- **GURDEEP SINGH**
RAJPURA TOWN, PATIALA

ML.491- **BAHADAR SINGH**
VILL. DHAMOLI, PATIALA

ML.492- **NIRMAL SINGH**
RAJPURA TOWN, PATIALA

ML. 493- **HARMANPREET SINGH**
RAJPURA TOWN
DISTT. PATIALA

ML.494- **JAGROOP SINGH**
VILL. ALUNA
DISTT. PATIALA

ML. 495- **SWARAN SINGH**
VILL. SARAI BANJARA
DISTT. PATIALA (PB.)

ML.496- **RAUNAK SINGH MAHI**
VILL. ISLAMPUR, PATIALA

ML. 497- **NARINDERPAL SINGH**
RAJPURA TOWN
DISTT. PATIALA

ML.498- **NARINDERPAL SINGH**
RAJPURA TOWN
DISTT. PATIALA

ML.499- **RAVINDER SINGH**
LUDHIANA

ML.500- **MOHINDER SINGH**
DISTT. LAKHIMPUR KHIRI

ML. 501- **KARTAR SINGH MASTER**
DISTT. PILIBHIT (U.P)

ML.502- **TEJINDER SINGH**
VILL. TALAPUR, ROPAR

ML.503- **JAGMOHAN SINGH**
CHAMKAUR SAHIB

ML.504- **JASBIR SINGH**
769/1, SEC 41-A, CHD.

505- **AJMER SINGH**
MUMBAI

ML.506- **FARID FINANCE CO.**
OLD BUS STAND, ROPAR

ML. 507- KULWINDER SINGH
ROPAR

ML. 508- **BACHAN SINGH**
H.NO. 554, PH-3B1, MOHALI

ML.509- **MANOHAR LAL**
K.NO. 208, SEC-17
PANCHKULA

ML. 510- **SADHU SINGH**
HIG-631/B1, PH-11, MOHALI

ML.511- **BALBIR SINGH**
H.NO. 2418, SEC 39-C, CHD.

ML.512- **DARSHAN SINGH**
VILL. KHANPUR KULEWAL
NAWAN SHAHR

ML. 513- **KULWANT SINGH**
VILL.HAVELI KALAN
DISTT. ROPAR

ML.514- **HARJIT SINGH**
H.NO. 1612, SEC 40-B,CHD.

ML. 515- **SANGAT SINGH**
H.NO. 3442, SEC 40-D,CHD.

ML.516-**GURJIT SINGH**
K.NO. 2125, SEC 44-C,CHD.

ML. 517- **GURMUKH SINGH**
CHICALIM, GOA

ML. 518- **RAVINDER SINGH**
PILIBHIT (U.P)

ML.519- **BALDEV SINGH**
LUDHIANA

ML.520- **BALWINDER KAUR**
H.NO. 1733, PH-5, MOHALI

ML. 521- **JAGIR SINGH**
H.NO. 2258, MANIMAJRA

ML. 522- **RAJBIR SINGH**
MIG-1338/5, PH-11, MOHALI

ML. 523- **RANJIT SINGH**
H.NO. 21, PALSOURA, CHD.

ML.524- **BALWINDER SINGH**
H.NO. 3405, SEC-71, MOHALI

ML.525- **KULWANT SINGH**
LUDHIANA

ML.526- **SURJIT SINGH**
LUDHIANA

ML. 527- **BALJIT SINGH**
LUDHIANA

ML. 528- **JAGDEV SINGH**
DISTT. LUDHIANA

ML. 529- **MANJINDER SINGH**
LUDHIANA

ML. 530- **AVTAR SINGH**
LUDHIANA

ML.531- **GURDEEP SINGH**
FEROZEPUR CITY

ML. 532- **SATWINDER SINGH**
MUMBAI

ML. 533- **MALKEET SINGH**
PILIBHIT

ML.534- **NASIB SINGH**
H.NO. 2661, PH-7, MOHALI

ML.535- **BAHADAR SINGH**
DISTT. ROPAR

ML. 536- **KARNAIL SINGH**
ROPAR

ML.537- **GURDIAL SINGH**
MANIMAJRA

ML. 538- **SAJJAN SINGH**
H.NO. 1301, BURAIL, CHD.

ML. 539-**JASPAL SINGH**
FARIDABAD

ML. 540- **BALBIR KAUR**
VILL. MATOUR, DISTT. ROPAR

ML. 541- **NIRMAL SINGH**
VILL. MATOUR, DISTT. ROPAR

ML. 542- **GURCHARAN SINGH**
H.NO. 1614-B, SEC 38-B, CHD.

ML. 543- **GURNAM KAUR**
VILL. MATOUR, DISTT. ROPAR

ML. 544- **SATNAM SINGH**
MIG-1370/11, PH-11, MOHALI

ML. 545- **SURJIT SINGH**
BADAL COLONY, ZIRAKHPUR

ML. 546- **HARWINDER SINGH**
VILL. CHARAN, KAPURTHALA

ML. 547- **HARLAL SINGH**
TEH. RAJPURA, PATIALA

ML. 548- **GURMEL SINGH**
RURKI KHAM, DISTT. ROPAR

ML. 549- **SURINDER SINGH**
SCL, MOHALI

ML. 550- **HARVINDER SINGH**
3153, 19-D, CHD.

ML. 551- **RANJIT SINGH**
381, SEC-43, CHD.

ML. 552- **HARDIAL SINGH**
SEC 38-B, CHD.

ML. 553- **HAKAM SINGH**
LUDHIANA

ML. 554- **MOHINDER SINGH**
VPO. MATOUR, DISTT. ROPAR

ML. 555- **BHUPINDER KAUR**
H.NO. 3604, SEC 35-D CHD.

ML. 556- **NACHHATAR SINGH**
VPO. MULLANPUR GARIBDASS
DISTT. ROPAR

ML. 557- **SURJIT SINGH FAUJI**
ROPAR

ML. 558- **KULBIR SINGH**
K.NO. 497-A, SEC 61, CHD.

ML. 559- **SHIVCHARAN SINGH**
MEDICINE, PGI, SEC- 12, CHD.

ML. 560- **GURKIRPAL SINGH**
H.NO. 3008, SEC 47-C, CHD.

ML. 561- **SATWANT SINGH**
H.NO. 2926/1, SEC 47-C, CHD.

ML. 562- **HARDIAL SINGH**
H.NO. 1055, SEC 31-B, CHD.

ML. 563- **KARAM SINGH**
VILL. RATANGARH
DISTT. ROPAR

ML. 564- **RAJINDER SINGH**
ROPAR

ML. 565- **RANDHIR KAUR**
CHAMKAUR SAHIB
DISTT. ROPAR

ML. 566- **PRITPAL SINGH**
PO. CHAMKAUR SAHIB
DISTT. ROPAR

ML. 567- **BABA WASAWA SINGH**
VILL. PARACHH, DISTT. ROPAR

ML. 568- **MALKIAT SINGH**
VILL. PARACHH, DISTT. ROPAR

ML. 569- **KULDEEP SINGH**
VILL. PARACHH, DISTT. ROPAR

ML. 570- **HARKESH SINGH**
VILL. PARACHH, DISTT. ROPAR

ML. 571-**BABA SOHAN SINGH**
VILL. SIOUNK, DISTT.ROPAR

ML. 572- **GURMEET SINGH**
VILL. SIUNK, DISTT. ROPAR

ML. 573- **SHER SINGH**
LUDHIANA

ML. 574- **MAJOR SINGH**
FATEHGARH SAHIB

ML.575- **SWARAN SINGH MASTER**
FATEHGARH SAHIB

ML. 576- **SUKHBIR SINGH**
FATEHGARH SAHIB

ML. 577- **MAJOR SINGH**
FATEHGARH SAHIB

ML.578- **CHARANJIT SINGH**
VILL. DULWAN
FATEHGARH SAHIB

ML. 579- **JASPREET SINGH**
VILL. DULWAN
FATEHGARH SAHIB

ML. 580- **BALWANT SINGH**
VILL. DULWAN
FATEHGARH SAHIB

ML. 581- **NASIB SINGH**
VILL. KANSAL, CHD.